## ਪੜ੍ਹਨ ਯੋਗ ਪੁਸਤਕਾਂ :

ਆਤਮਕ ਸੂਝ ਲਈ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਪ੍ਰਚਾਰ ਤੇ ਪ੍ਰਸਾਰ ਸੰਸਥਾ ਵਲੋਂ ਛੱਪੀਆਂ ਪੁਸਤਕਾਂ ਪੜ੍ਹ ਕੇ ਲਾਭ ਉਠਾਓ ਜੀ।

| | | |
|---|---|---|
| ੧. ਆਤਮ ਪ੍ਰਕਾਸ਼ | ਸ. ਸਰਦਾਰਾ ਸਿੰਘ | ੨੦ ਰੁ. |
| ੨. ਨਾਮ ਸਾਧਨਾ | ਸ. ਸਰਦਾਰਾ ਸਿੰਘ | ੨੫ ਰੁ. |
| ੩. ਸੇਵਾ ਮਹਾਤਮ | ਸ. ਸਰਦਾਰਾ ਸਿੰਘ | ੭ ਰੁ. |
| ੪. ਸਿਮਰਨ - ਮਹਿਮਾ | ਸ. ਸਰਦਾਰਾ ਸਿੰਘ | ੭ ਰੁ. |
| ੫. ਅਨੰਦ ਸਾਹਿਬ (ਪੰਜਾਬੀ) | ਸ. ਸਰਦਾਰਾ ਸਿੰਘ | ੨੦ ਰੁ. |
| ੬. ਅਨੰਦ ਸਾਹਿਬ (ਇੰਗਲਿਸ਼) | ਸ. ਸਰਦਾਰਾ ਸਿੰਘ | ੧੦ ਰੁ. |
| ੭. ਵਾਹਿਦ ਗੁਰੂ | ਸ. ਅਤਰ ਸਿੰਘ | ੨੦ ਰੁ. |
| ੮. ਤਤਕਰਾ ਭਾਈ ਗੁਰਦਾਸ ਜੀ | ਸ. ਅਤਰ ਸਿੰਘ | ੪੦ ਰੁ. |
| ੯. ਚੌਪਈ (ਪੰਜਾਬੀ) | ਸ. ਅਤਰ ਸਿੰਘ | ੩ ਰੁ. |
| ੧੦. ਚੌਪਈ (ਹਿੰਦੀ) | ਸ. ਅਤਰ ਸਿੰਘ | ੩ ਰੁ. |
| ੧੧. ਅਨਹਦ ਕੀ ਧੁਨਿ | ਡਾ. ਕੁਲਵੰਤ ਸਿੰਘ | ੨੦ ਰੁ. |
| ੧੨. ਭਗਤ ਦਰਸ਼ਨ | ਸੰਪਾਦਕੀ ਬੋਰਡ | ੨੫ ਰੁ. |
| ੧੩. ਮੂਲ ਮੰਤ੍ਰ | ਸੰਪਾਦਕੀ ਬੋਰਡ | ੧੦ ਰੁ. |
| ੧੪. ਜਾਪ ਸਾਹਿਬ ਅਤੇ ਸਵੱਯੇ ਸਟੀਕ | ਗਿ. ਸ਼ਵਿੰਦਰ ਸਿੰਘ | ੧੫ ਰੁ. |

ੴ

# ਅਕਾਲ ਉਸਤਤਿ

## ਸਟੀਕ

ਸੰਪਾਦਕੀ ਬੋਰਡ : "ਗੁਰਬਾਣੀ ਇਸੁ ਜਗ ਮਹਿ ਚਾਨਣੁ"

ਮਾਸਿਕ ਪੱਤ੍ਰਿਕਾ

www.sridasamgranth.com

ੴ ਸਤਿਗੁਰ ਪ੍ਰਸਾਦਿ ॥

# ਅਕਾਲ ਉਸਤਤਿ

## (ਰਚਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ)

## ਸਟੀਕ


ਸ. ਸਰਦਾਰਾ ਸਿੰਘ
ਟੀਕਾਕਾਰ : ਡਾ. ਪਰਮਜੀਤ ਸਿੰਘ
ਸ. ਅਤਰ ਸਿੰਘ ਭਾਗਵੰਤ



*ਪ੍ਰਕਾਸ਼ਕ :*

'ਗੁਰਬਾਣੀ ਇਸੁ ਜਗ ਮਹਿ ਚਾਨਣੁ'
ਪ੍ਰਚਾਰ ਤੇ ਪ੍ਰਸਾਰ ਸੰਸਥਾ
ਕੋਠੀ ਨੰ : ੨੫੪, ਫੇਜ਼-੨, ਐਸ.ਏ.ਐਸ. ਨਗਰ (ਮੁਹਾਲੀ)
ਨੇੜੇ ਚੰਡੀਗੜ੍ਹ (ਪੰਜਾਬ)-੧੬੦੦੫੫

ਅਪ੍ਰੈਲ ੧੯੯੮
ਪਹਿਲੀ ਵਾਰ-੧੦੦੦ ਭੇਟਾ ਲਾਗਤ ਮਾਤ੍ਰ : ੨੫ ਰੁ.

*ਪ੍ਰਿੰਟਰਜ਼ :- ਮੈਜਸਟਿਕ ਪ੍ਰਿੰਟਿੰਗ ਪ੍ਰੈਸ, ਫੇਜ਼-੫ ਮਾਰਕਿਟ, ਮੁਹਾਲੀ ।*


www.sridasamgranth.com

# ਭੂਮਿਕਾ

'ਅਕਾਲ' ਸ਼ਬਦ ਬੜਾ ਅਰਥ ਭਰਪੂਰ ਹੈ । ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿੱਚ ਇਸਦੇ ਅਰਥ ਇਉਂ ਕਰਦੇ ਹਨ :- (੧) ਵਾਹਿਗੁਰੂ, ਜੋ ਅਵਿਨਾਸ਼ੀ ਹੈ, ਜਿਸ ਦਾ ਕਦੇ ਕਾਲ ਨਹੀਂ ਅਤੇ ਜਿਸ ਤੇ ਕਾਲ ਦਾ ਕਦੇ ਕੋਈ ਅਸਰ ਨਹੀਂ । (੨) ਮੌਤ ਤੋਂ ਬਿਨਾਂ (ਔਰ ਸੁ ਕਾਲ ਸਬੈ ਬਸਿ ਕਾਲ ਕੇ, ਏਕ ਹੀ ਕਾਲ ਅਕਾਲ ਸਦਾ ਹੈ। (੩) ਮੌਤ ਦਾ ਵੇਲਾ ਜਾਂ ਅੰਤ ਸਮਾਂ (ਕਾਲ ਅਕਾਲ ਖਸਮ ਕਾ ਕੀਨਾ) (੪) ਚਿਰੰਜੀਵੀ (੫) ਜੋ ਸਮੇਂ ਸਿਰ ਨਹੀਂ ।

ਸੋ 'ਅਕਾਲ ਉਸਤਤਿ' ਦਸਮ ਪਾਤਸ਼ਾਹ ਨੇ ਕਾਲ ਰਹਿਤ ਅਵਿਨਾਸ਼ੀ ਵਾਹਿਗੁਰੂ ਦੀ ਉਸਤਤਿ ਕੀਤੀ ਹੈ । ਰਚਨਾ ਦੇ ਅਰੰਭ ਵਿਚ ਹੀ ਗੁਰੂ ਜੀ ਦੋਹਰੇ ਵਿਚ ਅਕਾਲ ਪੁਰਖ ਦੀ ਰੱਖਿਆ ਦੀ ਯਾਚਨਾ ਕਰਦੇ ਹਨ ।

**ਅਕਾਲ ਪੁਰਖ ਕੀ ਰੱਛਾ ਹਮ ਨੈ ............. ।**
**ਸਰਬ ਕਾਲ ਜੀ ਕੀ ਰੱਛਿਆ ਹਮ ਨੈ ......... ।**

ਸਮੁੱਚੀ ਰਚਨਾ ਦੇ ਅਧਿਐਨ ਕਰਨ ਤੇ ਜੋ ਗੱਲਾਂ ਸਾਡੇ ਸਨਮੁੱਖ ਆਉਂਦੀਆਂ ਹਨ ਉਹ ਇਸ ਪ੍ਰਕਾਰ ਹਨ ।

(੧) ਅਕਾਲ ਪੁਰਖ ਦੀ ਕੋਈ ਜਾਤ-ਪਾਤ ਨਹੀਂ, ਵਰਨ ਚਿੰਨ੍ਹ ਨਹੀਂ, ਮਾਤਾ-ਪਿਤਾ, ਭੈਣਾਂ-ਭਰਾਂ, ਪਤਨੀ ਅਤੇ ਬੱਚੇ ਨਹੀਂ ਹਨ, ਕੋਈ ਸਨਬੰਧੀ ਨਹੀਂ, ਮਿੱਤਰ ਤੇ ਦੁਸ਼ਮਨ ਨਹੀਂ, ਨਾ ਨਰ ਹੈ ਤੇ ਨਾ ਨਾਰ ਹੈ, ਜਨਮ ਤੇ ਮਰਨ ਵਿੱਚ ਨਹੀਂ ਆਉਂਦਾ, ਰੋਗ-ਸੋਗ ਤੋਂ ਪਰੇ ਹੈ, ਉਸਦਾ ਕੋਈ ਰੂਪ ਰੇਖ ਨਹੀਂ ਵਰਨਣ ਕੀਤਾ ਜਾ ਸਕਦਾ ।

**ਜਿਹ ਸੱਤ੍ਰ ਮਿੱਤ੍ਰ ਨਹੀਂ ਜਨਮ ਜਾਤਿ ॥ ਜਿਹ ਪੁੱਤ੍ਰ ਵਿਤ੍ਰ ਨਹੀ ਮਿੱਤ੍ਰ ਮਾਤ ॥**
**ਜਿਹ ਕਰਮ ਭਰਮ ਨਹੀਂ ਧਰਮ ਧਿਆਨ ॥ ਜਿਹ ਨੇਹ ਗੇਹ ਨਹੀਂ ਬਿਓਂਤ ਬਾਨ ॥੧੨੩॥**

(੨) ਅਕਾਲ ਪੁਰਖ ਸਭ ਰੰਗਾਂ ਰੂਪਾਂ ਵਿਚ ਹੋ ਕੇ ਆਪ ਹੀ ਵਿਚਰ ਰਿਹਾ ਹੈ। ਕਿਤੇ ਭਿਖਾਰੀ ਰੂਪ ਵਿਚ ਹੈ ਤੇ ਕਿਤੇ ਮਹਾਦਾਨੀ ਹੈ, ਕਿਤੇ ਰਾਜਿਆਂ ਨੂੰ ਦਾਨ ਦੇ ਰਿਹਾ ਹੈ ਤੇ ਕਿਤੇ ਉਨ੍ਹਾਂ ਦਾ ਪਹਿਲਾ ਰਾਜ ਵੀ ਖੋਹ ਰਿਹਾ ਹੈ । ਕਿਤੇ ਤਿੰਨਾ ਗੁਣਾਂ ਅੰਦਰ ਵਿਚਰ ਰਿਹਾ ਹੈ ਤੇ ਕਿਤੇ ਨਿਰਗੁਣ ਸਰੂਪ ਧਾਰਨ ਕਰੀ ਬੈਠਾ ਹੈ । ਕਿਤੇ ਉਹ ਸ਼ਸਤ੍ਰਧਾਰੀ ਹੈ, ਜਤੀ ਹੈ, ਕਾਮੀ ਹੈ, ਜਟਾਧਾਰੀ ਤੇ ਬ੍ਰਹਮਚਾਰੀ ਹੈ ; ਕਿਤੇ ਸਿਪਾਹੀ ਤੇ ਜੋਧਾ ਹੋ ਕੇ ਦੁਸ਼ਮਣਾਂ ਨੂੰ ਮਾਰ ਰਿਹਾ ਹੈ, ਕਿਤੇ ਦੇਵਤਿਆਂ ਦਾ ਵੀ ਦੇਵ ਹੈ, ਪਉਣਹਾਰੀ ਹੈ, ਵਿਦਿਆ ਦੇ ਵੀਚਾਰ ਕਰਨ ਵਾਲਾ ਹੈ, ਕਿਤੇ ਰਾਜਾ ਤੇ ਕਿਤੇ ਰਾਣੀ ਹੈ, ਕਿਤੇ ਨਰ ਰੂਪ ਵਿਚ ਤੇ ਕਿਤੇ ਨਾਰੀ ਰੂਪ ਵਿੱਚ ਹੈ । ਕਿਤੇ ਵਰ ਦੇ ਰਿਹਾ ਹੈ ਤੇ ਕਿਤੇ ਛਲ ਨਾਲ ਦਿਤੇ ਹੋਏ ਵਰਾਂ ਨੂੰ ਵੀ ਖੋਹ ਲੈਂਦਾ ਹੈ । ਸਤਿਗੁਰੂ ਜੀ ਫੁਰਮਾਂਦੇ ਹਨ:-

**ਸਰਬ ਕਾਲਿ ਸਰਬ ਤੋਰਿ ਏਕ ਸੇ ਲਗਤ ਹੋ ।**



(੩) 'ਅਕਾਲ ਉਸਤਤਿ' ਵਿੱਚ ਨਿਤਨੇਮ ਵਿੱਚ ਪੜ੍ਹੀ ਜਾਣ ਵਾਲੀ ਬਾਣੀ 'ਤ੍ਵ ਪ੍ਰਸਾਦਿ ਸ੍ਵੈਯੇ' ਵੀ ਸ਼ਾਮਲ ਹੈ ਜਿਸ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਦੀ ਨਾਸ਼ਮਾਨਤਾ ਦਾ ਉਪਦੇਸ਼ ਦਿਤਾ ਹੈ । ਆਪ ਫੁਰਮਾਂਦੇ ਹਨ ਕਿ ਵੱਡੇ ਬਲ ਵਾਲੇ ਸੂਰਮੇ, ਵੱਡੇ-੨ ਰਾਜੇ ਜਿਨ੍ਹਾਂ ਕੋਲ ਪਉਣ ਦੀ ਉਡਾਰੀ ਵਾਲੇ ਘੋੜੇ ਤੇ ਵੱਡੀ ਸੈਨਾ ਹੈ, ਅੰਤ ਨੂੰ ਉਹ ਨੰਗੇ ਹੀ ਜਮ ਧਾਮ ਵਲ ਪਧਾਰਣਗੇ ਬੇਸ਼ਕ ਕੋਈ ਤੀਰਥਾਂ ਤੇ ਇਸ਼ਨਾਨ ਕਰ ਲਵੇ, ਵੱਡਾ ਦਾਨੀ ਕਹਾਏ, ਵੇਦਾਂ-ਕਤੇਬਾਂ ਦਾ ਗਿਆਤਾ ਹੋ ਜਾਵੇ, ਪਉਣਹਾਰੀ ਤੇ ਜਤੀ ਹੋ ਜਾਵੇ, ਪੱਥਰਾਂ ਦੀ ਪੂਜਾ ਕਰੇ ਤੇ ਗੱਲ ਵਿਚ ਸ਼ਿਵਲਿੰਗ ਲਟਕਾ ਲਵੇ, ਪਰ ਇਹ ਸਾਰੇ ਕਰਮ ਕੂੜ ਹਨ ਅਤੇ ਇਨਾਂ ਨਾਲ ਸ੍ਰੀ ਭਗਵਾਨ (ਅਕਾਲ ਪੁਰਖ) ਦਾ ਭੇਦ ਨਹੀਂ ਪਾਇਆ ਜਾ ਸਕਦਾ ।

**ਕੂਰ ਕ੍ਰਿਆ ਉਰਝਿਓ ਸਭ ਹੀ ਜਗ, ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੩੦॥**

(੪) ਹਰੀ ਵਾਹਿਗੁਰੂ ਸਭ ਥਾਵਾਂ ਤੇ ਮੌਜੂਦ ਹੈ । ਜਲ ਵਿੱਚ, ਥਲ ਵਿੱਚ, ਗੁਫਾਵਾਂ ਵਿੱਚ, ਅਕਾਸ਼ ਵਿੱਚ, ਧਰਤੀ ਤੇ ਪਾਤਾਲ ਵਿੱਚ ਹਰੀ ਹੀ ਹੈ । ਭਾਵ ਕੋਈ ਥਾਂ ਹਰੀ ਤੋਂ ਖਾਲੀ ਨਹੀਂ ਹੈ । ਸਰਬ ਵਿਆਪਕਤਾ ਵਲ ਇਸ਼ਾਰਾ ਕੀਤਾ ਗਿਆ ਹੈ।

**ਜਲੇ ਹਰੀ ॥ ਥਲੇ ਹਰੀ ॥ ਉਰੇ ਹਰੀ ॥ ਬਨੇ ਹਰੀ ॥੫੧॥ ...........**

(੫) ਕਿੰਨ੍ਹਾ ਉਕਤੀਆਂ ਜੁਗਤੀਆਂ ਦੇ ਕਰਨ ਨਾਲ ਅਕਾਲ ਪੁਰਖ ਦੀ ਪ੍ਰਾਪਤੀ ਨਹੀਂ ਹੁੰਦੀ, ਬਾਰੇ ਜ਼ਿਕਰ ਕਰਦੇ ਹੋਏ ਸਤਿਗੁਰੂ ਜੀ ਫੁਰਮਾਂਦੇ ਹਨ :- ਸੁਆਹ-ਮਿੱਟੀ ਪਿੰਡੇ ਤੇ ਮਲਣ ਨਾਲ ਉਸਦੀ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ ਸੁਆਹ ਮਲਣ ਵਾਲੇ ਗਧੇ ਦੇ ਤੁਲ ਹੋ ਸਕਦੇ ਹਨ, ਇਸੇ ਤਰ੍ਹਾਂ ਬਿੰਦ ਦੇ ਸਾਧਣ ਵਾਲੇ ਹੀਜੜੇ ਤੋਂ ਵੱਧ ਨਹੀਂ ਹੋ ਸਕਦੇ, ਲਭ ਲੋਭ ਦਾ ਤਿਆਗ ਕਰਕੇ ਘਾਹ ਫੂਸ ਤੇ ਗੁਜ਼ਾਰਾ ਕਰਨ ਵਾਲੇ ਗਊ ਕਹੇ ਜਾ ਸਕਦੇ ਹਨ । ਅਕਾਸ਼ ਵਿੱਚ ਉਡਾਰੀਆਂ ਮਾਰਨ ਵਾਲੇ ਪੰਛੀ ਸਮਾਨ ਹਨ। ਫਲਾਂ ਦਾ ਅਹਾਰ ਕਰਨ ਵਾਲੇ ਬਾਂਦਰ ਹੋ ਸਕਦੇ ਹਨ । ਸੂਰਜ ਤੇ ਚੰਦਰਮਾ ਦੀ ਸੇਵਾ ਪੂਜਾ ਕਰਨ ਵਾਲੇ ਕਉਲ ਤੇ ਭੰਬੂਲ ਫੁੱਲ ਦੇ ਸਮਾਨ ਹਨ । ਇਤਿਆਦਿਕ ਦਾ ਵਰਨਣ ਕਰਦੇ ਹੋਏ ਸਤਿਗੁਰੂ ਜੀ ਉਪਦੇਸ਼ ਦਿੰਦੇ ਹਨ :-

**"ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ॥**
**ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ " ॥੮੫॥**

(੬) ਨਾਹ ਵਾਚਕ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਛੰਦ ਨੰ : ੧੬੭ ਤੋਂ ੧੭੮ ਤਕ ਗੁਰੂ ਜੀ ਅਕਾਲ ਪੁਰਖ ਦੇ ਸਰੂਪ ਬਾਰੇ ਅਟਕਲ ਪੱਚੀ ਲਾਉਣ ਵਾਲਿਆਂ ਦੀ ਭੁੱਲ ਨੂੰ ਦਰੁਸਤ ਕਰਦੇ ਹੋਏ ਸਮਝਾਉਂਦੇ ਹਨ, ਉਹ ਨਾ ਦੇਹ ਹੈ, ਨ ਗੇਹ ਹੈ, ਨ ਜਾਤਿ ਹੈ ਨ ਪਾਤਿ ਹੈ, ਨ ਤਾਤ ਹੈ ਨ ਮਾਤ ਹੈ, ਨ ਅੰਗ ਹੈ ਨ ਰੰਗ ਹੈ, ਨ ਚੋਰ ਹੈ ਨ ਸ਼ਾਹ ਹੈ, ਨ ਜੰਤ੍ਰ ਹੈ ਨ ਮੰਤ੍ਰ ਹੈ, ਨ ਰਾਗ ਹੈ ਨ ਰੰਗ ਹੈ, ਨ ਲੋਭ ਹੈ ਨ ਮੋਹ ਹੈ, ਨ ਕ੍ਰੋਧ ਹੈ ਨ ਕਾਮ ਹੈ, ਨ ਦੇਵ ਹੈ ਨਾ ਦੈਂਤ ਹੈ । ਨ ਕਾਲ ਹੈ ਨ ਬਾਲ ਹੈ, ਨ ਕਰਮ ਹੈ ਨ ਭਰਮ ਹੈ ।

(੭) ਛੰਦ ਨੰਬਰ ੨੦੧ ਤੋਂ ੨੧੦ ਤਕ ਦੋਹਰੇ ਹਨ ਜਿਨ੍ਹਾਂ ਵਿਚ ਸ੍ਰੀ



www.sridasamgranth.com

ਆਤਮਾ ਵਲੋਂ ਬੁੱਧੀ ਕੋਲੋਂ ਕੁੱਝ ਪ੍ਰਸ਼ਨ ਪੁੱਛੇ ਗਏ ਹਨ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਿੱਧੇ ਤੌਰ ਤੇ ਇਨ੍ਹਾਂ ਛੰਦਾਂ ਵਿੱਚ ਨਹੀਂ ਮਿਲਦੇ ਪਰ ਕੁੱਝ ਵਿਦਵਾਨਾਂ ਨੇ ਇਨ੍ਹਾਂ ਪ੍ਰਸ਼ਨਾਂ ਵਿਚੋਂ ਉੱਤਰ ਲੱਭਣ ਦਾ ਯਤਨ ਕੀਤਾ ਹੈ ਅਤੇ ਕੁੱਝ ਇਕ ਨੇ ਗੁਰਬਾਣੀ ਦੇ ਅਧਾਰ ਤੇ ਇਨ੍ਹਾਂ ਦੇ ਉੱਤਰ ਦੇਣ ਦੇ ਯਤਨ ਕੀਤੇ ਹਨ ।

(੮) ਇਸੇ ਤਰ੍ਹਾਂ ੨੧੧ ਤੋਂ ੨੩੦ ਤਕ ਦੀਰਘ ਤ੍ਰਿਭੰਗੀ ਛੰਦ ਵਿੱਚ ਜੋ ਰਚਨਾ ਦਰਜ ਹੈ, ਉਸ ਵਿਚ ਚੰਡੀ ਦੀ ਉਪਮਾ ਦਾ ਵਰਨਣ ਹੈ ਅਤੇ ਇਹ ਚੰਡੀ ਚਰਿਤ੍ਰ ਦਾ ਭਾਗ ਲੱਗਦੇ ਹਨ । ਕਿਸੇ ਸਮੇਂ ਹੋ ਸਕਦਾ ਹੈ, ਕਿਸੇ ਉਤਾਰਾਕਾਰ ਦੀ ਭੁੱਲ ਕਰਕੇ ਅਕਾਲ ਉਸਤਤਿ ਵਿੱਚ ਸ਼ਾਮਲ ਹੋ ਗਏ ਹੋਣ ਕਿਉਂਕਿ ਸੁਮੱਚੀ ਰਚਨਾ ਦੇ ਵਿਸ਼ੇ ਨਾਲ ਇਨ੍ਹਾਂ ਛੰਦਾਂ ਦਾ ਵਿਸ਼ਾ ਮੇਲ ਨਹੀਂ ਖਾਂਦਾ ।

(੯) ਬੰਦ ਨੰਬਰ ੨੪੪ ਤੋਂ ੨੫੨ ਤਕ ੧੦ ਸਵਯੇ ਹਨ । ਜਿਨਾਂ ਵਿਚ ਵਾਹਿਗੁਰੂ ਦੇ ਗੁਣਾਂ ਦਾ ਵਰਨਣ ਕੀਤਾ ਗਿਆ ਹੈ । ਉਹ ਦੀਨਾਂ, ਅਨਾਥਾਂ ਦੀ ਪਾਲਣਾ ਕਰਦਾ, ਦਇਆ ਦਾ ਖਜਾਨਾ, ਰੋਜ਼ੀ ਦਾਤਾ ਹੈ । ਨਾਰਦ, ਬ੍ਰਹਮਾ, ਵਿਸ਼ਨੂੰ, ਸ਼ਿਵ ਤੇ ਹੋਰ ਸਿੱਧ ਨਾਥ ਉਸਦਾ ਅੰਤ ਨਹੀਂ ਪਾ ਸਕੇ । ਵੇਦ, ਕਤੇਬ, ਪੁਰਾਣ ਤੇ ਵੱਡੇ-੨ ਰਾਜੇ ਸਭ ਨਾਸ ਹੋ ਗਏ ਅਤੇ ਉਨ੍ਹਾਂ ਆਖਿਆ ਵਾਹਿਗੁਰੂ ਅਭੇਦ ਹੈ । ਅਨੇਕਾਂ ਤੀਰਥ ਇਸ਼ਨਾਨ, ਪ੍ਰਾਣਾਯਾਮ ਦੇ ਆਸਨ ਕਰਨ ਵਾਲੇ ਅਕਾਲ ਦੇ ਸਿਮਰਨ ਬਿਨਾਂ ਅੰਤ ਯਮਲੋਕ ਨੂੰ ਚਲੇ ਗਏ ।

(੧੦) ਬੰਦ ਨੰਬਰ ੨੫੩ ਤੋਂ ੨੭੨ ਵਿੱਚ ਗੁਰੂ ਜੀ ਨੇ ਜਿਥੇ ਅਕਾਲ ਪੁਰਖ ਦੀ ਬੇਅੰਤ ਉਪਮਾ ਦਾ ਵਰਨਣ ਕੀਤਾ ਹੈ, ਉਥੇ ਨਾਲ ਹੀ ਵੱਖੋ ਵੱਖਰੇ ਦੇਸ਼ਾਂ ਦੇ ਲੋਕਾਂ ਦੀ ਗਿਣਤੀ ਕਰਕੇ ਦੱਸਿਆ ਹੈ ਕਿ ਉਹ ਸਾਰੇ ਉਸ ਦੇ ਗੁਣ ਗਾਇਨ ਕਰ ਰਹੇ ਹਨ। ਉਸ ਦੀ ਕੀਰਤੀ ਦਾ ਪਾਰ ਨਹੀਂ ਪਾਇਆ ਜਾ ਸਕਦਾ ।

ਸੰਪਾਦਕੀ ਬੋਰਡ ਦੇ ਲੇਖਕਾਂ ਨੇ ਆਪਣੀ ਤੁੱਛ ਬੁੱਧੀ ਅਨੁਸਾਰ 'ਅਕਾਲ ਉਸਤਤਿ' ਬਾਣੀ ਦੇ ਅਰਥ ਕਰਨ ਦੇ ਯਤਨ ਕੀਤੇ ਹਨ, ਕੁੱਝ ਊਣਤਾਈਆਂ ਵੀ ਰਹਿ ਸਕਦੀਆਂ ਹਨ । ਇਸ ਲਈ ਵਿੱਦਵਾਨ ਪਾਠਕਾਂ ਤੇ ਵਿਚਾਰਵਾਨਾਂ ਨੂੰ ਰਚਨਾ ਬਾਰੇ ਸੁਝਾਅ ਦੇਣ ਲਈ ਬਿਨੈ ਕੀਤੀ ਜਾਂਦੀ ਹੈ ।



# ਅਕਾਲ ਉਸਤਤਿ

ੴ ਸਤਿਗੁਰ ਪ੍ਰਸਾਦਿ ॥
ਸ੍ਰੀ ਭਗਉਤੀ ਜੀ ਸਹਾਇ ।
ਸ੍ਰੀ ਅਕਾਲ ਕੀ ਉਸਤਤਿ ।
ਉਤਾਰਾ ਖਾਸੇ ਦਸਤਖਤ ਕਾ ॥ ਪਾਤਿਸ਼ਾਹੀ ੧੦॥

**ਅਕਾਲ ਪੁਰਖ ਕੀ ਰੱਛਾ ਹਮ ਨੈ । ਸਰਬ ਲੋਹ ਕੀ ਰੱਛਿਆ ਹਮ ਨੈ ।**
**ਸਰਬ ਕਾਲ ਜੀ ਕੀ ਰੱਛਿਆ ਹਮ ਨੈ। ਸਰਬ ਲੋਹ ਜੀ ਕੀ ਸਦਾ ਰੱਛਿਆ ਹਮ ਨੈ।**

ਪਦਅਰਥ :-ਉਤਾਰਾ-ਨਕਲ, ਖਾਸੇ ਦਸਤਖਤ-ਦਸਮ ਗੁਰੂ ਜੀ ਦੀ ਆਪਣੀ ਲਿਖਤ, ਰੱਛਾ-ਰੱਖਿਆ, ਸਰਬ ਲੋਹ-ਸਾਰੇ ਲੋਹੇ ਦੇ ਸ਼ਸਤਰ, ਸਰਬ ਕਾਲ-ਸਾਰਿਆਂ ਦਾ ਕਾਲ ਭਾਵ ਅਕਾਲ ਪੁਰਖ ।

ਅਰਥ :-ਕਾਲ ਤੋਂ ਰਹਿਤ ਵਾਹਿਗੁਰੂ ਜੀ ਦੀ ਵਡਿਆਈ । ਵਾਹਿਗੁਰੂ ਇੱਕ ਹੈ, ਜਿਸਦਾ ਸਾਰਾ ਪਸਾਰਾ ਹੈ, ਉਹ ਸਤਿ ਅਥਵਾ ਸਦੀਵੀ ਹੋਂਦ ਵਾਲਾ ਹੈ ਅਤੇ ਗੁਰੂ ਦੀ ਕਿਰਪਾ ਰਾਹੀਂ ਉਸਦੀ ਪ੍ਰਾਪਤੀ ਹੁੰਦੀ ਹੈ ।

(ਹੇਠਾਂ) ਦਸਮ ਪਾਤਸ਼ਾਹ ਜੀ ਦੇ ਆਪਣੇ ਹੱਥਾਂ ਦੀ ਲਿਖਤ ਹੈ । ਇਹ ਚਾਰ ਸਤਰਾਂ ਦਸਾਂ ਪਾਤਸ਼ਾਹ ਨੇ ਆਪਣੇ ਹੱਥਾਂ ਨਾਲ ਆਪ ਲਿਖੀਆਂ ਹਨ ।

ਅਕਾਲ ਪੁਰਖ ਵਾਹਿਗੁਰੂ ਜੀ ਦੀ ਸਾਨੂੰ ਰੱਖਿਆ ਹੈ । ਸਰਵ ਸ਼ਕਤੀਮਾਨ ਨਿਰੰਕਾਰ ਦੀ ਸਾਨੂੰ ਰੱਖਿਆ ਹੈ । ਸਾਰਿਆਂ ਜੀਵਾਂ ਦੇ ਕਾਲ ਭਾਵ ਵਾਹਿਗੁਰੂ ਦੀ ਸਾਨੂੰ ਰੱਖਿਆ ਹੈ । ਸਰਵ ਸ਼ਕਤੀਮਾਨ ਅਕਾਲ ਦੀ ਸਦੈਵ ਸਾਨੂੰ ਰੱਖਿਆ ਹੈ ।

("ਆਗੇ ਲਿਖਾਰੀ ਕੇ ਦਸਤਖਤ")

ਇਸ ਤੋਂ ਅੱਗੇ ਲਿਖਾਰੀ ਦੀ ਆਪਣੇ ਹੱਥਾਂ ਨਾਲ ਲਿਖੀ ਪਰ ਉਚਾਰੀ ਦਸਮ ਪਾਤਸ਼ਾਹ ਜੀ ਦੀ ਲਿਖਤ ਹੈ ।

**ਤ੍ਵਪ੍ਰਸਾਦਿ । ਚਉਪਈ ।**

ਤੇਰੀ ਕਿਰਪਾ ਦੁਆਰਾ ਇਹ ਬਾਣੀ ਚੌਪਈ ਛੰਦ ਵਿਚ ਰਚੀ ਜਾ ਰਹੀ ਹੈ ।

**ਪ੍ਰਣਵੋ ਆਦਿ ਏਕੰਕਾਰਾ । ਜਲ ਥਲ ਮਹੀਅਲ ਕੀਓ ਪਸਾਰਾ ।**
**ਆਦਿ ਪੁਰੁਖ ਅਬਗਤਿ ਅਬਿਨਾਸੀ । ਲੋਕ ਚਤ੍ਰ ਦਸਿ ਜੋਤਿ ਪ੍ਰਕਾਸੀ ।੧।**

ਪਦਅਰਥ :-ਪ੍ਰਣਵੋ-ਨਮਸਕਾਰ, ਆਦਿ-ਅਰੰਭ ਵਿਚ, ਏਕੰਕਾਰਾ-ਵਾਹਿਗੁਰੂ, ਮਹੀਅਲ-ਗਗਨ ਮੰਡਲ, ਅਬਗਤਿ-ਪਹੁੰਚ ਤੋਂ ਪਰੇ, ਅਬਿਨਾਸੀ-ਨਾਸ ਰਹਿਤ ।

ਅਰਥ :-ਮੇਰੀ ਉਸ ਏਕੰਕਾਰ ਸਰੂਪ ਵਾਹਿਗੁਰੂ ਜੀ ਨੂੰ ਪ੍ਰਣਾਮ ਹੈ ਜੋ ਅਰੰਭ ਤੋਂ ਹਨ । ਜਿਸ ਨੇ ਧਰਤੀ ਪਾਤਾਲ ਤੇ ਗਗਨ ਮੰਡਲ ਵਿਚ ਪਸਾਰਾ ਕੀਤਾ ਹੈ । ਉਹ ਹਸਤੀ ਜੋ ਅਰੰਭ ਵਿਚ ਸੀ, ਜੋ ਸਰਵ ਵਿਆਪਕ ਹੈ, ਜੋ ਪਹੁੰਚ ਤੇ ਪਰੇ ਹੈ ਅਤੇ ਨਾਸ ਨਾ ਹੋਣ ਵਾਲੀ ਹੈ । ਉਸਦੀ ਜੋਤ ਚੌਦਾਂ ਲੋਕਾਂ ਵਿਚ ਪ੍ਰਕਾਸ਼ਮਾਨ ਹੈ ।

**ਹਸਤਿ ਕੀਟ ਕੇ ਬੀਚ ਸਮਾਨਾ । ਰਾਵ ਰੰਕ ਜਿਹ ਇਕਸਰ ਜਾਨਾ ।**
**ਅਦ੍ਵੈ ਅਲਖ ਪੁਰਖ ਅਬਿਗਾਮੀ । ਸਭ ਘਟ ਘਟ ਕੇ ਅੰਤਰਜਾਮੀ ।੨।**

ਪਦਅਰਥ :-ਹਸਤਿ-ਹਾਥੀ, ਕੀਟ-ਕੀੜੀ, ਰਾਵ-ਰਾਜਾ, ਰੰਕ-ਕੰਗਾਲ,



www.sridasamgranth.com

ਇਕਸਰ-ਸਮਾਨ, ਅਦ੍ਵੈ-ਦਵੈਤ ਰਹਿਤ, ਅਲਖ-ਨਾ ਜਾਣਿਆ ਜਾਣ ਵਾਲਾ, ਅਬਿਗਾਮੀ-ਯਥਾਰਥ ਗਿਆਨੀ ।

**ਅਰਥ** :- ਅਕਾਲ ਪੁਰਖ ਦੀ ਸੱਤਾ ਹਾਥੀ ਤੋਂ ਕੀੜੀ ਤਕ ਸਭ ਵਿਚ ਇਕ ਸਮਾਨ ਹੈ । ਰਾਜਾ ਤੇ ਕੰਗਾਲ ਨੂੰ ਇਕੋ ਜਿਹਾ ਕਰਕੇ ਜਾਣਦਾ ਹੈ । ਉਹ ਦਵੈਤ (ਈਰਖਾ) ਰਹਿਤ, ਨਾ ਜਾਣਿਆ ਜਾਣ ਵਾਲਾ, ਸਰਵ ਵਿਆਪਕ ਹੈ ਤੇ ਯਥਾਰਥ ਗਿਆਨੀ ਹੈ ਉਹ ਸਾਰਿਆਂ ਦੇ ਦਿਲਾਂ ਦੇ ਅੰਦਰ ਦੀ ਜਾਨਣਹਾਰ ਹੈ ।

**ਅਲਖ ਰੂਪ ਅੱਛੈ ਅਨਭੇਖਾ । ਰਾਗ ਰੰਗ ਜਿਹ ਰੂਪ ਨ ਰੇਖਾ ।**
**ਬਰਨ ਚਿਹਨ ਸਭਹੂੰ ਤੇ ਨਿਆਰਾ । ਆਦਿ ਪੁਰਖ ਅਦ੍ਵੈ ਅਬਿਕਾਰਾ ।੩।**

**ਪਦਅਰਥ** :-ਅੱਛੈ-ਨਾਸ਼ ਨਾ ਹੋਣ ਵਾਲਾ, ਅਨਭੇਖਾ-ਭੇਖ ਰਹਿਤ, ਅਬਿਕਾਰਾ ਵਿਕਾਰਾਂ ਤੋਂ ਰਹਿਤ ।

**ਅਰਥ** :-ਅਕਾਲ ਪੁਰਖ ਜੀ ਦਾ ਰੂਪ ਨਾ ਲਖਿਆ ਜਾਣ ਵਾਲਾ ਹੈ; ਉਹ ਨਾਸ ਨਾ ਹੋਣ ਵਾਲਾ ਹੈ ਅਤੇ ਭੇਖਾਂ ਤੋਂ ਰਹਿਤ ਹੈ । ਉਸਦਾ ਕੋਈ ਰਾਗ, ਰੰਗ ਅਤੇ ਰੂਪ ਰੇਖ ਨਹੀਂ ਹੈ । ਉਹ ਵਰਨ, ਚਿੰਨ੍ਹ ਆਦਿ ਸਾਰਿਆਂ ਤੋਂ ਭਿੰਨ ਹੈ । ਉਹ ਅਰੰਭ ਤੋਂ ਹੀ ਹੈ, ਸਰਵ ਵਿਆਪਕ ਹੈ, ਈਰਖਾ ਅਤੇ ਵਿਕਾਰਾਂ ਤੋਂ ਰਹਿਤ ਹੈ ।

**ਬਰਨ ਚਿਹਨ ਜਿਹ ਜਾਤਿ ਨ ਪਾਤਾ । ਸੱਤ੍ਰ ਮਿੱਤ੍ਰ ਜਿਹ ਤਾਤ ਨ ਮਾਤਾ ।**
**ਸਭ ਤੇ ਦੂਰਿ ਸਭਨ ਤੇ ਨੇਰਾ । ਜਲਿ ਥਲਿ ਮਹੀਅਲਿ ਜਾਹਿ ਬਸੇਰਾ ।੪।**

**ਪਦਅਰਥ** :-ਸੱਤ੍ਰ-ਦੁਸ਼ਮਣ, ਤਾਤ-ਪਿਤਾ, ਮਹੀਅਲਿ-ਅਕਾਸ਼ ਮੰਡਲ, ਨੇਰਾ-ਨੇੜੇ ।

**ਅਰਥ** :-ਅਕਾਲ ਪੁਰਖ ਦਾ ਕੋਈ ਵਰਨ, ਚਿਹਨ ਅਤੇ ਜਾਤ ਪਾਤ ਨਹੀਂ ਹੈ। ਉਸਦਾ ਕੋਈ ਦੁਸ਼ਮਣ ਤੇ ਮਿਤਰ ਨਹੀਂ ਹੈ । ਅਤੇ ਨਾਹੀ ਉਸਦੇ ਮਾਤਾ ਪਿਤਾ ਹਨ । ਉਹ ਸਭਨਾ ਤੋਂ ਦੂਰ (ਅਦ੍ਰਿਸ਼ਟ) ਹੈ ਤੇ ਸਭਨਾਂ ਦੇ ਨੇੜੇ ਵੀ ਹੈ । ਉਸ ਦਾ ਵਾਸਾ, ਧਰਤੀ ਪਾਤਾਲ ਅਤੇ ਅਕਾਸ਼ ਮੰਡਲ ਵਿਚ ਹੈ ।

**ਅਨਹਦ ਰੂਪ ਅਨਾਹਦ ਬਾਨੀ । ਚਰਨ ਸਰਨਿ ਜਿਹ ਬਸਤ ਭਵਾਨੀ ।**
**ਬ੍ਰਹਮਾ ਬਿਸਨੁ ਅੰਤੁ ਨਹੀਂ ਪਾਇਓ । ਨੇਤਿ ਨੇਤਿ ਮੁਖਚਾਰ ਬਤਾਇਓ ।੫।**

**ਪਦਅਰਥ** :-ਅਨਹਦ-ਹੱਦ ਤੋਂ ਪਰੇ, ਅਨਾਹਤ-ਚੋਟ ਰਹਿਤ, ਭਵਾਨੀ-ਪ੍ਰਕਿਰਤੀ (ਮਾਇਆ) ਨੇਤਿ-ਨੇਤਿ-ਬੇਅੰਤ, ਮੁਖਚਾਰ-ਚਾਰ ਮੂੰਹਾਂ ਨਾਲ ।

**ਅਰਥ** :-ਅਕਾਲ ਪੁਰਖ ਜੀ ਦਾ ਰੂਪ ਹੱਦ ਤੋਂ ਪਰੇ ਹੈ, ਉਸਦੀ ਬਾਣੀ ਕਵਾਉ ਰੂਪ ਹੈ, ਭਾਵ ਉਸਦੀ ਬਾਣੀ ਬਿਨਾਂ ਕਿਸੇ ਸਪਰਸ਼ ਤੋਂ ਪੈਦਾ ਹੋਈ ਹੈ । ਬ੍ਰਹਮਾ ਤੇ ਵਿਸ਼ਨੂੰ ਉਸਦਾ ਅੰਤ ਨਹੀਂ ਪਾ ਸਕੇ ਅਤੇ ਬ੍ਰਹਮਾ ਆਪਣੇ ਚਾਰ ਮੁੱਖਾਂ ਅਰਥਾਤ ਚਾਰ ਵੇਦਾਂ ਰਾਂਹੀ ਉਸਨੂੰ ਬੇਅੰਤ ਬੇਅੰਤ ਕਹਿਕੇ ਪੁਕਾਰ ਰਿਹਾ ਹੈ ।

**ਕੋਟਿ ਇੰਦ੍ਰ ਉਪਇੰਦ੍ਰ ਬਨਾਏ । ਬ੍ਰਹਮਾ ਰੁਦ੍ਰ ਉਪਾਇ ਖਪਾਏ ।**
**ਲੋਕ ਚਤ੍ਰ ਦਸ ਖੇਲ ਰਚਾਇਓ । ਬਹੁਰਿ ਆਪ ਹੀ ਬੀਚ ਮਿਲਾਇਓ ।੬।**

**ਪਦਅਰਥ** :-ਉਪਇੰਦ੍ਰ-ਵਾਮਨ ਅਵਤਾਰ (ਇੰਦ੍ਰ ਦਾ ਛੋਟਾ ਭਰਾ) ਰੁਦਰ-ਸ਼ਿਵਜੀ, ਉਪਾਇ-ਪੈਦਾ ਕੀਤੇ, ਖਪਾਏ-ਨਾਸ ਕੀਤੇ ।

**ਅਰਥ** :-ਅਕਾਲ ਪੁਰਖ ਨੇ ਕਰੋੜਾਂ ਹੀ ਇੰਦਰ ਦੇਵਤੇ ਅਤੇ ਵਾਮਨ ਅਵਤਾਰ



ਬਣਾਏ ਹਨ । ਅਨੇਕਾਂ ਹੀ ਬ੍ਰਹਮਾ ਅਤੇ ਸ਼ਿਵਜੀ ਬਣਾਕੇ ਨਸ਼ਟ ਕਰ ਦਿਤੇ ਹਨ । ਕਹੇ ਜਾਂਦੇ ਚੋਂਦਾਂ ਲੋਕਾਂ ਵਿਚ ਉਸਨੇ ਆਪਣੀ ਖੇਡ ਰਚਾਈ ਹੈ ਅਤੇ ਫਿਰ ਆਪ ਹੀ ਉਨਾਂ ਨੂੰ ਆਪਣੇ ਵਿਚ ਸਮੋ ਲੈਂਦਾ ਹੈ ।

**ਦਾਨਵ ਦੇਵ ਫਨਿੰਦ ਅਪਾਰਾ । ਗੰਧ੍ਰਬ ਜੱਛ ਰਚੇ ਸੁਭਚਾਰਾ ।**
**ਭੂਤ ਭਵਿੱਖ ਭਵਾਨ ਕਹਾਨੀ । ਘਟ ਘਟ ਕੇ ਪਟ ਪਟ ਕੀ ਜਾਨੀ ।੭।**

**ਪਦਅਰਥ** :-ਦਾਨਵ-ਦੈਂਤ, ਫਨਿੰਦ-ਸ਼ੇਸ਼ਨਾਗ, ਗੰਧ੍ਰਬ-ਦੇਵ ਲੋਕ ਦੇ ਗਵੱਈਏ, ਸੁਭਚਾਰਾ-ਚਾਰ ਖਾਣੀਆਂ ਦੇ ਸੁੰਦਰ ਜੀਵ, ਭਵਾਨ-ਵਰਤਮਾਨ, ਜੱਛ-ਸਾਜ ਵਜਾਉਣ ਵਾਲੇ ।

**ਅਰਥ** :-ਅਕਾਲ ਪੁਰਖ ਨੇ ਬੇਅੰਤ ਦੈਂਤ, ਦੇਵਤੇ, ਸ਼ੇਸ਼ਨਾਗ ਪੈਦਾ ਕੀਤੇ ਅਤੇ ਗੰਧਰਬ, ਜੱਛ ਤੇ ਚਾਰ ਖਾਣੀਆਂ ਦੇ ਸੁੰਦਰ ਜੀਵ ਪੈਦਾ ਕੀਤੇ ।

ਤਿੰਨਾ ਕਾਲਾਂ ਵਿਚ ਅਕਾਲ ਪੁਰਖ ਦੀ ਕਹਾਣੀ ਕੀਤੀ ਜਾਂਦੀ ਹੈ । ਉਹ ਹਰ ਇਕ ਦੇ ਅੰਤਹਕਰਨ ਦੀ ਗੱਲ ਜਾਣਦਾ ਹੈ ।

**ਤਾਤ ਮਾਤ ਜਿਹ ਜਾਤਿ ਨ ਪਾਤਾ । ਏਕ ਰੰਗ ਕਾਹੂੰ ਨਹੀ ਰਾਤਾ ।**
**ਸਰਬ ਜੋਤਿ ਕੇ ਬੀਚ ਸਮਾਨਾ । ਸਭਹੂੰ ਸਰਬ ਠੌਰਿ ਪਹਿਚਾਨਾ ।੮।**

**ਪਦਅਰਥ** :-ਤਾਤ ਮਾਤ-ਮਾਤਾ-ਪਿਤਾ, ਠੌਰਿ-ਸਥਾਨ ।

**ਅਰਥ** :-ਅਕਾਲ ਪੁਰਖ ਦੇ ਕੋਈ ਮਾਤਾ-ਪਿਤਾ ਅਤੇ ਜਾਤ ਪਾਤ ਨਹੀਂ ਹੈ। ਉਹ ਇਕ ਰਸ ਹੈ ਅਤੇ ਕਿਸੇ ਹੋਰ ਨਾਲ ਨਾ ਰਤਿਆ ਹੋਣ ਕਰਕੇ ਉਸਨੂੰ ਕਿਸੇ ਨਾਲ ਰਾਗ-ਦ੍ਵੈਸ਼ ਨਹੀਂ ਹੈ । ਸਭ ਵਿਚ ਤੇਰੀ ਜੋਤ ਹੈ ਅਤੇ ਉਨ੍ਹਾਂ ਵਿਚ ਤੂੰ ਸਮਾਇਆ ਹੋਇਆ ਹੈ । ਅਕਾਲ ਪੁਰਖ ਨੂੰ ਸਭਨਾਂ ਵਿਚ ਅਤੇ ਸਾਰੀਆਂ ਥਾਵਾਂ ਤੇ ਅਨੁਭਵ ਕੀਤਾ ਜਾ ਸਕਦਾ ਹੈ ।

**ਕਾਲ ਰਹਿਤ ਅਨਕਾਲ ਸਰੂਪਾ । ਅਲਖ ਪੁਰਖ ਅਵਿਗਤਿ ਅਵਧੂਤਾ ।**
**ਜਾਤਿ ਪਾਤਿ ਜਿਹ ਚਿਹਨ ਨ ਬਰਨਾ। ਅਬਿਗਤਿ ਦੇਵ ਅਛੈ ਅਨ-ਭਰਮਾ ।੯।**

**ਪਦਅਰਥ** :-ਅਨਕਾਲ-ਅਕਾਲ, ਅਲਖ-ਜੋ ਜਾਣਿਆ ਨਾ ਜਾ ਸਕੇ, ਅਵਿਗਤਿ-ਜੋ ਬਿਆਨ ਨ ਕੀਤਾ ਜਾ ਸਕੇ, ਅਵਧੂਤਾ-ਨਿਰਲੇਪ, ਅਬਿਗਤਿ-ਜੋ ਬਿਆਨ ਨਾ ਕੀਤਾ ਜਾ ਸਕੇ ।

**ਅਰਥ** :-ਕਾਲ ਤੋਂ ਰਹਿਤ ਹੋਣ ਕਰਕੇ ਉਸਦੀ ਹਸਤੀ ਅਕਾਲ ਸਰੂਪ ਹੈ । ਉਹ ਲਖਿਆ ਨ ਜਾ ਸਕਨ ਵਾਲਾ ਤੇ ਸਭ ਵਿਚ ਰਮਿਆ ਹੋਇਆ ਹੈ ਉਸਦੀ ਗਤ ਨਹੀਂ ਪਾਈ ਜਾ ਸਕਦੀ ਤੇ ਉਹ ਸਦਾ ਨਿਰਲੇਪ ਰਹਿੰਦਾ ਹੈ । ਉਸਦੀ ਕੋਈ ਜਾਤ-ਪਾਤ ਜਾਂ ਕੋਈ ਚਿਹਨ-ਚੱਕਰ ਤੇ ਵਰਨ ਨਹੀਂ ਹੈ । ਉਸਦੀ ਹਸਤੀ ਦਾ ਬਿਆਨ ਨਹੀਂ ਕੀਤਾ ਜਾ ਸਕਦਾ, ਉਹ ਦੇਹ ਰਹਿਤ (ਪ੍ਰਕਾਸ਼ ਰੂਪ), ਨਾਸ ਰਹਿਤ ਅਤੇ ਭਰਮਾਂ ਤੋਂ ਰਹਿਤ ਹੈ ।

**ਸਭ ਕੋ ਕਾਲ ਸਭਨ ਕੋ ਕਰਤਾ । ਰੋਗ ਸੋਗ ਦੋਖਨ ਕੋ ਹਰਤਾ ।**
**ਏਕ ਚਿੱਤ ਜਿਹ ਇਕ ਛਿਨ ਧਿਆਇਓ । ਕਾਲ ਫਾਸਿ ਕੇ ਬੀਚ ਨ ਆਇਓ ।੧੦।**

**ਪਦਅਰਥ** :-ਦੋਖਨ-ਪਾਪ, ਹਰਤਾ-ਨਾਸ ਕਰਨ ਵਾਲਾ ।

**ਅਰਥ** :-ਅਕਾਲ ਪੁਰਖ ਸਭ ਦਾ ਕਰਤਾ ਰੂਪ ਹੋਕੇ ਪੈਦਾ ਕਰਨ ਵਾਲਾ ਹੈ



www.sridasamgranth.com

ਅਤੇ ਕਾਲ ਸਰੂਪ ਹੋਕੇ ਸਭ ਦਾ ਨਾਸ ਕਰਨ ਵਾਲਾ ਵੀ ਹੈ । ਹਰ ਪ੍ਰਕਾਰ ਦੇ ਰੋਗ, ਚਿੰਤਾਵਾਂ ਅਤੇ ਪਾਪਾਂ ਦਾ ਨਾਸ ਕਰਨ ਵਾਲਾ ਹੈ । ਜਿਸ ਜੀਵ ਨੇ ਅਕਾਲ ਪੁਰਖ ਨੂੰ ਇਕਾਗਰ ਚਿਤ ਹੋਕੇ ਇਕ ਛਿੰਨ ਮਾਤ੍ਰ ਦੇ ਸਮੇਂ ਲਈ ਉਸ ਨੂੰ ਧਿਆਇਆ ਹੈ, ਉਹ ਮੁੜਕੇ ਕਾਲ ਦੀ ਫਾਹੀ ਭਾਵ ਜਨਮ ਮਰਨ ਦੇ ਚੱਕਰ ਵਿਚ ਨਹੀਂ ਆਉਂਦਾ । ਇਥੇ ਯਾਦ ਰੱਖਣ ਵਾਲੀ ਗੱਲ ਹੈ ਕਿ ਇਕ ਛਿਨ ਤੋਂ ਭਾਵ ਪੂਰਨ ਸਮਾਧੀ ਦੀ ਅਵਸਥਾ ਹੈ ਜੋ ਕਿ ਬਹੁਤ ਜਨਮਾਂ ਦੀ ਘਾਲਣਾ ਪਿਛੋਂ ਪ੍ਰਾਪਤ ਹੁੰਦੀ ਹੈ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ ਘਾਲਣਾ ਘਾਲਣ ਦੀ ਗੱਲ ਇਨ੍ਹਾਂ ਸ਼ਬਦਾਂ ਵਿਚ ਕੀਤੀ ਹੈ ।

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖ ਲਖ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥

**ਤ੍ਵਪ੍ਰਸਾਦਿ ਕਬਿੱਤ**

**ਕਤਹੂੰ ਸੁਚੇਤ ਹੁਇ ਕੈ, ਚੇਤਨਾਂ ਕੋ ਚਾਰੁ ਕੀਓ,**
**ਕਤਹੂੰ ਅਚਿੰਤ ਹੁਇ ਕੈ, ਸੋਵਤ ਅਚੇਤ ਹੈ ।**

ਪਦਅਰਥ :-ਸੁਚੇਤ-ਸਾਵਧਾਨ, ਚੇਤਨਾਂ-ਚਿੰਤਨ, ਚਾਰ-ਸੁੰਦਰ, ਅਚਿੰਤ-ਬੇਫਿਕਰ, ਅਚੇਤ-ਚੇਤਨਾ ਰਹਿਤ ।

ਅਰਥ :-ਹੇ ਵਾਹਿਗੁਰੂ ਜੀ ਕਿਤੇ ਤੁਸੀਂ ਸਾਵਧਾਨ ਹੋਕੇ ਆਪ ਆਪਣੇ ਨਾਮ ਦਾ ਸੁੰਦਰ ਪ੍ਰਗਟਾਵਾ ਕਰਦੇ ਹੋ । ਕਿਤੇ ਤੁਸੀਂ ਬੇਫਿਕਰ ਹੋ ਕੇ ਗੂੜ੍ਹੀ ਨੀਂਦ ਵਿਚ ਸੋ ਰਹੇ ਹੁੰਦੇ ਹੋ ।

**ਕਤਹੂੰ ਭਿਖਾਰੀ ਹੁਇ ਕੈ, ਮਾਂਗਤ ਫਿਰਤ ਭੀਖ,**
**ਕਹੂੰ ਮਹਾਂ ਦਾਨਿ ਹੁਇ ਕੈ, ਮਾਂਗਿਓ ਧਨ ਦੇਤ ਹੋ ।**

ਪਦਅਰਥ :-ਭਿਖਾਰੀ-ਮੰਗਤਾ, ਮਹਾਂ ਦਾਨਿ-ਵੱਡਾ ਦਾਤਾ ।

ਅਰਥ :-ਕਿਤੇ ਆਪ ਭਿਖਾਰੀ ਦੇ ਰੂਪ ਵਿਚ ਦਰ ਦਰ ਤੇ ਭਿਖਿਆ ਮੰਗਦੇ ਫਿਰਦੇ ਹੋ ਅਤੇ ਕਿਤੇ ਆਪ ਮਹਾਂ ਦਾਨੀ ਦਾ ਰੂਪ ਧਾਰ ਕੇ ਮੰਗਤਿਆਂ ਨੂੰ ਮੂੰਹੋ ਮੰਗਿਆ ਧਨ ਦੇ ਰਹੇ ਹੋ ।

**ਕਹੂੰ ਮਹਾਂ ਰਾਜਨ ਕੋ, ਦੀਜਤ ਅਨੰਤ ਦਾਨ,**
**ਕਹੂੰ ਮਹਾਂ ਰਾਜਨ ਤੇ ਛੀਨ ਛਿਤ ਲੇਤ ਹੋ ।**

ਪਦਅਰਥ :-ਅਨੰਤ-ਬੇਅੰਤ, ਦੀਜਤ-ਦੇਂਦਾ ਹੈ, ਛੀਨ-ਖੋਹ ਲੈਂਦਾ ਹੈ, ਛਿਤ-ਧਰਤੀ ।

ਅਰਥ :-ਕਿਤੇ ਆਪ ਮਹਾਂਰਾਜਿਆਂ ਨੂੰ ਵੀ ਬੇਅੰਤ ਦਾਨ ਦਿੰਦੇ ਹੋ ਅਤੇ ਕਿਤੇ ਉਨ੍ਹਾਂ ਮਹਾਂਰਾਜਿਆਂ ਤੋਂ ਵੀ ਧਰਤੀ ਭਾਵ ਰਾਜ ਖੋਹ ਲੈਂਦੇ ਹੋ ।

**ਕਹੂੰ ਬੇਦ ਰੀਤਿ, ਕਹੂੰ ਤਾਂ ਸਿਉਂ ਬਿਪਰੀਤਿ ।**
**ਕਹੂੰ ਤ੍ਰਿਗੁਨ ਅਤੀਤ, ਕਹੂੰ ਸੁਰਗੁਨ ਸਮੇਤ ਹੋ ।੧੧।**

ਪਦਅਰਥ :-ਰੀਤਿ-ਮਰਿਆਦਾ, ਬਿਪਰੀਤਿ-ਉਲਟ, ਤ੍ਰਿਗੁਣ-ਰਜੋ, ਤਮੋ, ਸਤੋ, ਅਤੀਤ-ਰਹਿਤ, ਸੁਰਗੁਨ-ਸਾਰੇ ਗੁਣਾਂ ਸਮੇਤ ।

ਅਰਥ :-ਕਿਤੇ ਆਪ ਵੇਦਾਂ ਦੀ ਰੀਤ ਅਨੁਸਾਰ ਚਲ ਰਹੇ ਹੋ ਅਤੇ ਕਿਤੇ ਵੇਦਾਂ



ਦੇ ਉਲਟ ਚਲਦੇ ਹੋ ਕਿਤੇ ਆਪ ਜੀ ਤਿੰਨਾਂ ਗੁਣਾਂ ਰਜੋ, ਤਮੋ ਤੇ ਸਤੋ ਤੋਂ ਰਹਿਤ ਦਿਖਾਈ ਦਿੰਦੇ ਹੋ ਅਤੇ ਕਿਤੇ ਸਾਰੇ ਗੁਣਾਂ ਸਮੇਤ ਨਜ਼ਰ ਆਉਂਦੇ ਹੋ ।

**ਕਹੂੰ ਜੱਛ ਗੰਧ੍ਰਬ ਉਰਗ, ਕਹੂੰ ਬਿਦਿਆਧਰ,**
**ਕਹੂੰ ਭਏ ਕਿੰਨਰ, ਪਿਸਾਚ ਕਹੂੰ ਪ੍ਰੇਤ ਹੋ ।**

ਪਦਅਰਥ :-ਜੱਛ-ਦੇਵ ਲੋਕ ਦੇ ਸਾਜਿੰਦੇ, ਗੰਧ੍ਰਬ-ਦੇਵ ਲੋਕ ਦੇ ਗਵਈਏ, ਉਰਗ-ਸੱਪ, ਬਿਧਿਆਧਰ-ਦੇਵਤਿਆਂ ਦੀ ਇਕ ਜਾਤੀ, ਕਿੰਨਰ-ਜਿਸਦਾ ਧੜ ਮਨੁੱਖ ਦਾ ਅਤੇ ਮੂੰਹ ਘੋੜੇ ਦਾ ਹੈ, ਪਿਸਾਚ-ਮਾਸ ਖਾਣ ਵਾਲੇ, ਪ੍ਰੇਤ-ਡਰਾਉਣੀ ਸ਼ਕਲ ਵਾਲੇ ਪਿਸ਼ਾਚਾਂ ਦੀ ਇਕ ਜਾਤੀ ।

ਅਰਥ :-ਕਿਤੇ ਆਪ ਦੇਵ ਲੋਕ ਦੇ ਸਾਜਿੰਦੇ, ਦੇਵ ਲੋਕ ਦੇ ਗਵਈਏ, ਕਿਤੇ ਸੱਪ ਅਤੇ ਕਿਤੇ ਪ੍ਰਿਥਵੀ ਤੇ ਸਵਰਗ ਦੇ ਵਿਚਕਾਰ ਰਹਿਣ ਵਾਲੇ ਦੇਵਤੇ ਹੋ । ਕਿਤੇ ਕੁਬੇਰ ਦੀ ਸਭਾ ਦੇ ਨਚਾਰ ਜਿਸਦਾ ਧੜ ਮਨੁੱਖ ਦਾ ਅਤੇ ਮੂੰਹ ਘੋੜੇ ਦਾ ਹੁੰਦਾ ਹੈ ਕਿਤੇ ਮਾਸਾਹਾਰੀ ਜੀਵ ਅਤੇ ਡਰਾਉਣੀ ਸ਼ਕਲ ਵਾਲੇ ਪਿਸ਼ਾਚਾਂ ਦੀ ਇਕ ਜਾਤੀ ਹੋ ।

**ਕਹੂੰ ਹੋਇ ਕੈ ਹਿੰਦੂਆਂ, ਗਾਇਤ੍ਰੀ ਕੋ ਗੁਪਤ ਜਪਿਓ,**
**ਕਹੂੰ ਹੋਇ ਕੈ ਤੁਰਕਾ, ਪੁਕਾਰੇ ਬਾਂਗ ਦੇਤ ਹੈ ।**

ਪਦਅਰਥ :-ਤੁਰਕਾ-ਮੁਸਲਮਾਨ, ਬਾਂਗ-ਅਜ਼ਾਨ ਜਾਂ ਨਮਾਜ ਲਈ ਪੁਕਾਰ

ਅਰਥ :- ਹੇ ਵਾਹਿਗੁਰੂ ਜੀ, ਕਿਤੇ ਤੁਸੀਂ ਹਿੰਦੂਆਂ ਵਿਚ ਆਪ ਸਮਾਇ ਕੇ ਗਾਇਤ੍ਰੀ ਮੰਤਰ ਦਾ ਗੁਪਤ ਰੂਪ ਵਿਚ ਜਾਪ ਕਰ ਰਹੇ ਹੋ ਅਤੇ ਕਿਤੇ ਮੁਸਲਮਾਨ ਵਿਚ ਸਮਾਇ ਕੇ ਉੱਚੀ-੨ ਅਵਾਜ ਨਾਲ ਨਮਾਜ਼ ਲਈ ਬਾਂਗ ਦੇ ਰਹੇ ਹੁੰਦੇ ਹੋ ।

**ਕਹੂੰ ਕੋਕ ਕਾਬਿ ਹੁਇ ਕੈ ਪੁਰਾਨ ਕੋ ਪੜ੍ਹਤ ਮਤਿ**
**ਕਤਹੂੰ ਕੁਰਾਨ ਕੋ ਨਿਦਾਨ ਜਾਨ ਲੇਤ ਹੋ ॥**

ਪਦਅਰਥ :-ਕੋਕ-ਪੰਡਤ ਕੋਕ ਜਿਸਨੇ ਕਾਮ-ਸ਼ਾਸਤ੍ਰ ਨਾਮ ਦਾ ਗ੍ਰੰਥ ਲਿਖਿਆ ਹੈ । ਕਾਬਿ-ਕਵਿਤਾ, ਪੁਰਾਨ-ਹਿੰਦੂ ਮੱਤ ਦੇ ਧਾਰਮਿਕ ਪੁਸਤਕ ਜਿਨਾਂ ਦੀ ਗਿਣਤੀ ੧੮ ਮੰਨੀ ਜਾਂਦੀ ਹੈ । ਕੁਰਾਨ-ਮੁਸਲਮਾਨੀ ਮੱਤ ਦੀ ਧਾਰਮਿਕ ਪੁਸਤਕ, ਨਿਦਾਨ-ਸਿਧਾਂਤ ।

ਅਰਥ :-ਕਿਤੇ ਕਵੀ ਰੂਪ ਹੋ ਕੇ ਕੋਕ ਸ਼ਾਸਤ੍ਰ ਦੀ ਕਵਿਤਾ ਪੜ੍ਹਦੇ ਹੋ ਅਤੇ ਕਿਤੇ ਪੁਰਾਨਾਂ ਦੇ ਉਪਦੇਸ਼ ਨੂੰ ਪੜ੍ਹਦੇ ਹੋ । ਕਿਤੇ ਆਪ ਗਿਆਨੀ ਹੋਕੇ ਕੁਰਾਨ ਦੇ ਸਿਧਾਂਤ ਨੂੰ ਸਮਝ ਲੈਂਦੇ ਹੋ ।

**ਕਹੂੰ ਬੇਦ ਰੀਤਿ, ਕਹੂੰ ਤਾਂ ਸਿਉਂ ਬਿਪਰੀਤਿ,**
**ਕਹੂੰ ਤ੍ਰਿਗੁਨ ਅਤੀਤ, ਕਹੂੰ ਸੁਰਗੁਨ ਸਮੇਤ ਹੋ ॥੨॥੧੨॥**

ਪਦਅਰਥ :- ਬੇਦ ਰੀਤਿ-ਵੇਦ ਮਰਿਆਦਾ, ਬਿਪਰੀਤਿ-ਮਰਿਆਦਾ ਦੇ ਉਲਟ, ਤ੍ਰਿਗੁਣ-ਤਿੰਨ ਗੁਣ ਰਜੋ, ਤਮੋਂ, ਸਤੋ, ਅਤੀਤ-ਨਿਰਲੇਪ, ਸੁਰਗੁਨ-ਤਿੰਨਾ ਗੁਣਾ ਵਿਚ ।

ਅਰਥ :-ਕਿਤੇ ਤੁਸੀਂ ਵੇਦਾਂ ਦੀ ਮਰਿਆਦਾ ਅਨੁਸਾਰ ਚਲ ਰਹੇ ਹੋ ਅਤੇ ਕਿਤੇ ਇਸ ਮਰਿਆਦਾ ਤੋਂ ਉਲਟ ਕੰਮ ਕਰਦੇ ਹੋ । ਕਿਤੇ ਆਪ ਤਿੰਨਾਂ ਗੁਣਾਂ ਤੋਂ ਨਿਰਲੇਪ ਹੋ ਅਤੇ ਕਿਤੇ ਆਪ ਸਾਰੇ ਗੁਣਾਂ ਸਮੇਤ ਹੋ ।



www.sridasamgranth.com

ਕਹੂੰ ਦੇਵਤਾਨ ਕੇ ਦਿਵਾਨ ਮੈ ਬਿਰਾਜਮਾਨ,
ਕਹੂੰ ਦਾਨਵਾਨ ਕੋ, ਗੁਮਾਨ ਮਤਿ ਦੇਤ ਹੋ ।

ਪਦਅਰਥ :-ਦੇਵਤਾਨ-ਦੇਵਤੇ, ਦਿਵਾਨ-ਸਭਾ, ਬਿਰਾਜਮਾਨ, ਸੁਭਾਇਮਾਨ, ਦਾਨਵਾਨ-ਦੈਂਤ ਜਾਂ ਰਾਕਸ਼, ਗੁਮਾਨ-ਹੰਕਾਰ ।

ਅਰਥ :-ਕਿਤੇ ਆਪ ਦੇਵਤਿਆਂ ਦੀ ਸਭਾ ਵਿਚ ਬਿਰਾਜਮਾਨ ਹੋ ਅਤੇ ਕਿਤੇ ਆਪ ਦੈਂਤਾ ਨੂੰ ਹੰਕਾਰ ਵਾਲੀ ਬੁੱਧੀ ਪ੍ਰਦਾਨ ਕਰਦੇ ਹੋ ।

ਕਹੂੰ ਇੰਦ੍ਰ ਰਾਜਾ ਕੋ, ਮਿਲਤ ਇੰਦ੍ਰ ਪਦਵੀ ਸੀ
ਕਹੂੰ ਇੰਦ੍ਰ ਪਦਵੀ, ਛਪਾਇ ਛੀਨ ਲੇਤ ਹੋ ॥

ਅਰਥ :-ਕਿਤੇ ਆਪ ਇੰਦਰ ਰਾਜੇ ਨੂੰ ਦੇਵਤਿਆਂ ਦੇ ਰਾਜ਼ੇ ਦੀ ਪਦਵੀ ਦੇ ਰਹੇ ਹੋ ਅਤੇ ਕਿਤੇ ਉਸੇ ਇੰਦਰ ਪਾਸੋਂ ਉਸਨੂੰ ਦਿਤੀ ਪਦਵੀ ਖੋਹ ਰਹੇ ਹੋ।

ਕਤਹੁ ਬਿਚਾਰ ਅਬਿਚਾਰ ਕੋ ਬਿਚਾਰਤ ਹੋ
ਕਹੂੰ ਨਿਜ ਨਾਰਿ, ਪਰ ਨਾਰਿ ਕੇ ਨਿਕੇਤਿ ਹੋ ।

ਪਦਅਰਥ :-ਬਿਚਾਰ-ਸੁੱਭ ਵਿਚਾਰ, ਅਬਿਚਾਰ-ਅਸ਼ੁਭ ਵਿਚਾਰ, ਵਿਚਾਰਤ-ਵਿਚਾਰਦੇ ਹੋ, ਨਿਜ ਨਾਰਿ-ਆਪਣੀ ਇਸਤ੍ਰੀ, ਪਰਨਾਰਿ-ਪਰਾਈ ਇਸਤ੍ਰੀ, ਨਿਕੇਤਿ-ਰੰਗ ਮਾਣਨਾ ।

ਅਰਥ :-ਕਿਤੇ ਤੁਸੀਂ ਆਪ ਸ਼ੁਭ ਵਿਚਾਰਾਂ ਦੀ ਵਿਚਾਰ ਕਰਦੇ ਹੋ ਅਤੇ ਕਿਤੇ ਅਸ਼ੁਭ ਵਿਚਾਰਾਂ ਦੀ ਵਿਚਾਰ ਕਰਦੇ ਹੋ ਕਿਤੇ ਆਪ ਸਵੈ ਨਾਰੀ ਨੂੰ ਭੋਗ ਰਹੇ ਹੋ ਅਤੇ ਕਿਤੇ ਪਰਾਈ ਇਸਤ੍ਰੀ ਨਾਲ ਰੰਗ ਮਾਣ ਰਹੇ ਹੋ ।

ਕਹੂੰ ਬੇਦ ਰੀਤਿ, ਕਹੂੰ ਤਾਂ ਸਿਉ ਬਿਪਰੀਤਿ,
ਕਹੂੰ ਤ੍ਰਿਗੁਨ ਅਤੀਤ, ਕਹੂੰ ਸੁਰਗੁਨ ਸਮੇਤ ਹੋ ॥੩॥੧੩॥

ਨੋਟ :-ਇਨ੍ਹਾਂ ਸਤਰਾਂ ਦੇ ਅਰਥ ਪਹਿਲਾਂ ਬੰਦ ਨੰਬਰ ੧੧ ਤੇ ੧੨ ਵਿਚ ਦਿਤੇ ਜਾ ਚੁੱਕੇ ਹਨ ।

ਕਹੂੰ ਸ਼ਸਤ੍ਰ ਧਾਰੀ, ਕਹੂੰ ਬਿੱਦਿਆ ਕੇ ਬੀਚਾਰੀ,
ਕਹੂੰ ਮਾਰੁਤ ਅਹਾਰੀ, ਕਹੂੰ ਨਾਰ ਕੇ ਨਿਕੇਤਿ ਹੋ ॥

ਪਦਅਰਥ :-ਮਾਰੁਤ ਅਹਾਰੀ-ਹਵਾਭੱਖ ਕੇ ਗੁਜਰਾਨ ਕਰਨ ਵਾਲੇ, ਨਾਰ-ਜਲ, ਨਿਕੇਤਿ-ਵਾਸੀ ।

ਅਰਥ :-ਕਿਤੇ ਆਪ ਸ਼ਸਤਰਾਂ ਦੇ ਧਾਰਨੀ ਹੋ, ਕਿਤੇ ਆਪ ਪੰਡਤ ਬਣ ਕੇ ਵੇਦਾਂ ਦੀ ਵਿਚਾਰ ਕਰਦੇ ਹੋ । ਕਿਤੇ ਆਪ ਹਵਾ ਭੱਖ ਕੇ ਗੁਜਰਾਨ ਕਰਨ ਵਾਲੇ ਹੋ ਅਤੇ ਆਪ ਕਿਤੇ ਜਲ ਦੇ ਘਰ ਸਾਗਰ ਦੇ ਵਾਸੀ ਹੋ ।

ਕਹੂੰ ਦੇਵਬਾਨੀ, ਕਹੂੰ ਸਾਰਦਾ ਭਵਾਨੀ,
ਕਹੂੰ ਮੰਗਲਾ ਮ੍ਰਿੜਾਨੀ, ਕਹੂੰ ਸਿਆਮ ਕਹੂੰ ਸੇਤ ਹੋ ।

ਪਦਅਰਥ :-ਦੇਵਬਾਨੀ-ਦੇਵ ਬੋਲੀ ਸੰਸਕ੍ਰਿਤ, ਸਾਰਦਾ-ਵਿਦਿਆ ਦੀ ਦੇਵੀ ਸਰਸਵਤੀ, ਭਵਾਨੀ-ਦੁਰਗਾ, ਮੰਗਲਾ-ਖੁਸ਼ੀ ਦੇਣ ਵਾਲੀ, ਮ੍ਰਿੜਾਨੀ-ਪਾਰਵਤੀ, ਸਿਆਮ-ਕਾਲੇ ਰੰਗ, ਸੇਤ-ਸਫੈਦ ਰੰਗ ਵਾਲੇ ।

ਅਰਥ :-ਕਿਤੇ ਆਪ ਦੇਵ ਬਾਨੀ ਸੰਸਕ੍ਰਿਤ ਦਾ ਉਚਾਰਨ ਕਰਦੇ ਹੋ, ਕਿਤੇ



ਵਿਦਿਆ ਦੀ ਦੇਵੀ ਸਰਸਵਤੀ ਹੋ ਤੇ ਕਿਤੇ ਦੁਰਗਾ ਰੂਪ ਹੋ । ਕਿਤੇ ਆਪ ਖੁਸ਼ੀ ਦੇਣ ਵਾਲੀ ਪਾਰਬਤੀ ਦਾ ਰੂਪ ਹੋ, ਕਾਲੇ ਰੰਗ ਵਿਚ ਰੂਪਮਾਨ ਹੋ ਅਤੇ ਕਿਤੇ ਸਫੈਦ ਰੰਗ ਵਾਲੇ ਦਿਖਾਈ ਦਿੰਦੇ ਹੋ ।

ਕਹੂੰ ਧਰਮ ਧਾਮੀ ਕਹੂੰ ਸਰਬ ਠਉਰ ਗਾਮੀ
ਕਹੂੰ ਜਤੀ ਕਹੂੰ ਕਾਮੀ, ਕਹੂੰ ਦੇਤ ਕਹੂੰ ਲੇਤ ਹੋ ।

ਪਦਅਰਥ :-ਧਰਮ ਧਾਮੀ-ਧਰਮ ਦੀ ਪਾਲਣਾ ਕਰਨ ਵਾਲੇ, ਸਰਬ ਠਉਰ ਗਾਮੀ-ਹਰ ਥਾਂ ਵਿਚਰਣ ਵਾਲਾ, ਜਤੀ-ਸੰਜਮੀ, ਕਾਮੀ-ਕਾਮ ਵਾਸ਼ਨਾ ਵਾਲਾ, ਦੇਤ-ਦਾਤਾ, ਲੇਤ-ਭਿਖਾਰੀ ਜਾਂ ਦਖਸ਼ਣਾ ਅਥਵਾ ਦਾਨ ਲੇਣ ਵਾਲਾ ।

ਅਰਥ :-ਕਿਤੇ ਆਪ ਧਰਮ ਦੀ ਪਾਲਣਾ ਕਰਨ ਵਾਲੇ ਗ੍ਰਿਹਿਸਤੀ ਹੋ, ਕਿਤੇ ਆਪ ਸਾਰੇ ਸਥਾਨਾ ਵਿਚ ਵਿਚਰਣ ਵਾਲੇ ਸਾਧੂ ਹੋ, ਕਿਤੇ ਆਪ ਸੰਜਮ ਵਿਚ ਜੀਵਨ ਬਿਤਾਉਣ ਵਾਲੇ ਹੋ, ਕਿਤੇ ਕਾਮ ਵਾਸ਼ਨਾ ਵਾਲੇ ਹੋ, ਕਿਤੇ ਜੀਵਾਂ ਨੂੰ ਦੇਣ ਵਾਲੇ ਦਾਤੇ ਹੋ ਅਤੇ ਕਿਤੇ ਦਾਨ ਲੈਣ ਵਾਲੇ ਭਿਖਾਰੀ ਵੀ ਹੋ ।

ਕਹੂੰ ਬੇਦ ਰੀਤਿ, ਕਹੂੰ ਤਾਂ ਸਿਉਂ ਬਿਪਰੀਤਿ
ਕਹੂੰ ਤ੍ਰਿਗੁਨ ਅਤੀਤ, ਕਹੂੰ ਸੁਰਗੁਨ ਸਮੇਤ ਹੋ ॥੪॥੧੪॥

ਨੋਟ :-ਇਸ ਪਦ ਦੇ ਅਰਥ ਪਹਿਲਾਂ ਦਿਤੇ ਜਾ ਚੁਕੇ ਹਨ ਪਦ ਨੰਬਰ ੧੧ ਤੇ ੧੨ ਵਿਚ ।

ਕਹੂੰ ਜਟਾਧਾਰੀ ਕਹੂੰ ਕੰਠੀ ਧਰੇ ਬ੍ਰਹਮਚਾਰੀ ॥
ਕਹੂੰ ਜੋਗ ਸਾਧੀ ਕਹੂੰ ਸਾਧਨਾ ਕਰਤ ਹੋ ॥

ਪਦਅਰਥ :-ਕਹੂੰ ਜਟਾਂਧਾਰੀ-ਲੰਮੇ ਕੇਸਾਂ ਦੀਆਂ ਕੁੰਡਲਾਂ (ਜਟਾਂ) ਵਾਲਾ, ਕੰਠੀ-ਗਲ ਵਿਚ ਧਾਰਨ ਵਾਲੀ ਮਾਲਾ, ਬ੍ਰਹਮਚਾਰੀ-ਮਨ ਤੇ ਇੰਦਰੀਆਂ ਨੂੰ ਰੋਕ ਕੇ ਰੱਖਣ ਵਾਲਾ ।

ਅਰਥ :-ਵਾਹਿਗੁਰੂ ਜੀ ਕਿਤੇ ਜਟਾਧਾਰੀ ਰੂਪ ਵਿਚ ਹਨ, ਕਿਤੇ ਗਲ ਵਿਚ ਤੁਲਸੀ ਦੀ ਮਾਲਾ ਧਾਰਨ ਵਾਲੇ ਹਨ, ਕਿਤੇ ਮਨ ਤੇ ਇੰਦਰੀਆਂ ਨੂੰ ਰੋਕ ਕੇ ਰੱਖਣ ਵਾਲੇ ਬ੍ਰਹਮਚਾਰੀ ਸਰੂਪ ਹਨ, ਕਿਤੇ ਜੋਗ ਦੀ ਸਾਧਨਾ ਕਰਨ ਵਾਲੇ ਜੋਗੀ ਹੋ, ਕਿਤੇ ਸਾਧਨਾ ਕਰਦੇ ਹੋ ।

ਕਹੂੰ ਕਾਨ ਫਾਰੇ ਕਹੂੰ ਡੰਡੀ ਹੁਇ ਪਧਾਰੇ,
ਕਹੂੰ ਫੂਕਿ ਫੂਕਿ ਪਾਵਨ ਕੋ ਪ੍ਰਿਥੀ ਪੈ ਧਰਤ ਹੋ ।

ਅਰਥ :-ਕਿਤੇ ਕਾਨ ਫਾਰੇ-ਕੰਨ ਪਾਟੇ ਜੋਗੀ, ਕਿਤ ਡੰਡੀਧਾਰੀ ਸੰਨਿਆਸੀ ਸਾਧੂ ਬਣੀ ਬੈਠੇ ਹੋ, ਕਿਤੇ ਆਪ ਸਰੇਵੜਿਆਂ ਵਾਂਗ ਧਰਤੀ ਤੇ ਫੂਕ ਫੂਕ ਕੇ ਕਦਮ ਰੱਖਦੇ ਹੋ ।

ਕਤਹੁ ਸਿਪਾਹੀ ਹੁਇ ਕੈ ਸਾਧਤ ਸਿਲਾਹਨ ਕੋ
ਕਹੂੰ ਛੱਤ੍ਰੀ ਹੁਇ ਕੈ, ਅਰਿ ਮਾਰਤ ਮਰਤ ਹੋ ।

ਪਦਅਰਥ :-ਸਾਧਤ-ਅਭਿਆਸ, ਸਿਲਾਹਨ-ਸ਼ਸਤ੍ਰ, ਅਰਿ-ਦੁਸ਼ਮਣ ।

ਅਰਥ :-ਵਾਹਿਗੁਰੂ ਜੀ ਕਿਤੇ ਆਪ ਸਿਪਾਹੀ ਦੇ ਰੂਪ ਵਿੱਚ ਸ਼ਸਤ੍ਰ ਵਿਦਿਆ



www.sridasamgranth.com

ਦੀ ਸਿਖਲਾਈ ਕਰ ਰਹੇ ਹੋ, ਕਿਤੇ ਖੱਤਰੀ ਹੋ ਕੇ ਦੁਸ਼ਮਣਾਂ ਨਾਲ ਜੰਗ ਵਿਚ ਲੜਦੇ, ਮਾਰਦੇ ਅਤੇ ਮਰਦੇ ਹੋ ।

**ਕਹੂੰ ਭੂਮਿ ਭਾਰ ਕੋ ਉਤਾਰਤ ਹੋ ਮਹਾਰਾਜ**
**ਕਹੂੰ ਭਵ ਭੂਤਨ ਕੀ, ਭਾਵਨਾ ਭਰਤ ਹੋ ॥੫॥੧੫॥**

**ਪਦਅਰਥ** :-ਭਵ-ਸੰਸਾਰ, ਭੂਤਨ-ਪ੍ਰਾਨੀਆਂ, ਭਾਵਨਾਂ-ਮੁਰਾਦਾਂ ਪੂਰੀਆਂ ਕਰਨਾ।

**ਅਰਥ** :-ਕਿਤੇ ਮਹਾਰਾਜ ਆਪ ਧਰਤੀ ਦੇ ਭਾਰ ਨੂੰ ਹੌਲਾ ਕਰਦੇ ਹੋ । ਕਿਤੇ ਸੰਸਾਰ ਦੇ ਜੀਵਾਂ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲੇ ਹੋ ।

**ਕਹੂੰ ਗੀਤ ਨਾਦ ਕੇ, ਨਿਦਾਨ ਕੋ ਬਤਾਵਤ ਹੋ**
**ਕਹੂੰ ਨਿਰਤਕਾਰੀ ਚਿਤਰਕਾਰੀ ਕੇ ਨਿਧਾਨ ਹੋ ॥**

**ਪਦ ਅਰਥ** :- ਗੀਤ ਨਾਦ - ਗੀਤਾਂ ਦੀ ਧੁਨ, ਨਿਦਾਨ-ਸਿਧਾਂਤ, ਨਿਰਤਕਾਰੀ- ਨੱਚਣ ਵਾਲੀ ਹਾਲਤ, ਚਿਤਰਕਾਰੀ- ਤਸਵੀਰ ਬਨਾਉਣ ਦਾ ਹੁਨਰ, ਨਿਧਾਨ- ਭੰਡਾਰ,

**ਅਰਥ** ਕਿਤੇ ਆਪ ਗੀਤਾਂ ਦੀ ਧੁਨਾਂ ਦੇ ਸਿਧਾਂਤ ਅਥਵਾ ਭੇਦਾਂ ਨੂੰ ਦੱਸਦੇ ਹੋ, ਕਿਤੇ ਆਪ ਨਾਚ ਅਤੇ ਚਿਤਰਕਾਰੀ ਦੇ ਭੰਡਾਰ ਹੋ।

**ਕਤਹੂੰ ਪਯੂਖ ਹੁਇ ਕੈ ਪੀਵਤ ਪਿਵਾਵਤ ਹੋ,**
**ਕਤਹੂੰ ਮਯੂਖ ਊਖ, ਕਹੂੰ ਮਦਿ ਪਾਨਿ ਹੋ ॥**

**ਪਦ ਅਰਥ** :- ਪਯੂਖ ਅੰਮ੍ਰਿਤ, ਮਯੂਖ- ਮਾਖਿਉਂ, ਸ਼ਹਿਦ, ਊਖ-ਗੰਨੇ ਦਾ ਰਸ, ਮਦਿਪਾਨਿ ਸ਼ਰਾਬ ਪੀਣ ਵਾਲੇ।

**ਅਰਥ** :- ਕਿਤੇ ਅੰਮ੍ਰਿਤ ਹੋ ਕੇ ਇਸ ਨੂੰ ਪੀਂਦੇ ਅਤੇ ਦੂਜਿਆਂ ਨੂੰ ਪਿਲਾਂਦੇ ਹੋ। ਕਿਤੇ ਆਪ ਸ਼ਹਿਦ ਰੂਪ ਹੋ, ਕਿਤੇ ਗੰਨੇ ਦੇ ਰਸ ਰੂਪ ਹੋ ਅਤੇ ਕਿਤੇ ਆਪ ਸ਼ਰਾਬ ਤੇ ਸ਼ਰਾਬੀ ਰੂਪ ਹੋ ।

**ਕਹੂੰ ਮਹਾ ਸੂਰ ਹੁਇਕੈ ਮਾਰਤ ਮਵਾਸਨ ਕੋ ।**
**ਕਹੂੰ ਮਹਾਦੇਵ ਦੇਵਤਾਨ ਕੇ ਸਮਾਨ ਹੋ॥**

**ਪਦ ਅਰਥ** :- ਮਹਾਂਸੂਰ - ਵੱਡੇ ਜੋਧਾ ਜਾਂ ਸੂਰਮੇ, ਮਵਾਸਨ - ਬਾਗੀਆਂ ਮਹਾਂਦੇਵ-ਦੇਵਤਿਆਂ ਦੇ ਵੱਡੇ ਦੇਵ

**ਅਰਥ**- ਵਾਹਿਗੁਰੂ ਜੀ ਕਿਤੇ ਆਪ ਵੱਡੇ ਜੋਧਾ ਹੋ ਕੇ ਅਨੇਕਾਂ ਬਾਗੀਆਂ ਨੂੰ ਮਾਰਕੇ ਖਤਮ ਕਰਦੇ ਹੋ, ਕਿਤੇ ਦੇਵਤਿਆਂ ਦੇ ਵੱਡੇ ਦੇਵ ਹੋ ਅਤੇ ਕਿਤੇ ਦੇਵਤਿਆਂ ਵਿਚ ਸਮਾਨ ਭਾਵ ਵਾਲੇ ਹੋ ਭਾਵ ਦੇਵਤਿਆਂ ਵਿਚ ਵੀ ਦੇਵਤੇ ਹੋਕੇ ਵਿਚਰਦੇ ਹੋ।

**ਕਹੂੰ ਮਹਾਦੀਨ ਕਹੂੰ ਦ੍ਰਬ ਕੇ ਅਧੀਨ ।**
**ਕਹੂੰ ਬਿੱਦਿਆ ਮੈ ਪ੍ਰਬੀਨ ਕਹੂੰ ਭੂਮਿ ਕਹੂੰ ਭਾਨੁ ਹੋ ।।੬।।੧੬।।**

**ਪਦ ਅਰਥ**: ਮਹਾਂਦੀਨ-ਬਹੁਤ ਹੀ ਗਰੀਬ, ਮਸਕੀਨ; ਦ੍ਰਬ-ਧਨ,



ਪ੍ਰਬੀਨ-ਮਾਹਿਰ, ਚਤੁਰ, ਭੂਮਿ - ਧਰਤੀ ਸਮਾਨ, ਭਾਨ-ਸੂਰਜ ਵਤ।

**ਅਰਥ** :-ਕਿਤੇ ਆਪ ਬਹੁਤ ਹੀ ਗਰੀਬ ਅਥਵਾ ਮਸਕੀਨ ਹੋ, ਕਿਤੇ ਆਪ ਧਨ ਨੂੰ ਵੀ ਆਪਣੇ ਅਧੀਨ ਕਰਕੇ ਧਨ ਦੇ ਵਿਚ ਖਚਿਤ ਹੋਏ ਬੈਠੇ ਹੋ, ਕਿਤੇ ਆਪ ਵਿਦਿਆ ਵਿਚ ਅਤੀ ਨਿਪੁੰਨ ਅਥਵਾ ਧੁਰੰਤਰ ਵਿਦਵਾਨ ਹੋ। ਕਿਤੇ ਆਪ ਭੂਮੀ ਸਮਾਨ ਸਹਿਨਸ਼ੀਲ ਜਾਂ ਧੀਰਜਵਾਨ ਹੋ ਅਤੇ ਕਿਤੇ ਆਪ ਸੂਰਜ ਸਮਾਨ ਤੇਜ ਰੱਖਣ ਵਾਲੇ ਹੋ ।

**ਕਹੂੰ ਅਕਲੰਕ ਕਹੂੰ ਮਾਰੁਤ ਮਯੰਕ**
**ਕਹੂੰ ਪੂਰਨ ਪ੍ਰਜੰਕ ਕਹੂੰ ਸੁੱਧਤਾ ਕੀ ਸਾਰ ਹੋ ॥**

**ਪਦ ਅਰਥ** : ਅਕਲੰਕ - ਕਲੰਕ ਰਹਿਤ, ਮਾਰੁਤ ਮਯੰਕ-ਕਲੰਕਵਾਨ ਪੂਰਨ ਪ੍ਰਜੰਕ-ਪੂਰੀ ਸਜੀ ਹੋਈ ਸੇਜ,ਸੁਧਤਾ-ਪਵਿਤਰਤਾ, ਸਾਰ-ਤੱਤ ਜਾਂ ਨਿਚੋੜ

**ਅਰਥ**:- ਕਿਤੇ ਆਪ ਕਿਸੇ ਵੀ ਪ੍ਰਕਾਰ ਦੇ ਕਲੰਕ ਤੋਂ ਰਹਿਤ ਹੋ ਅਤੇ ਕਿਤੇ ਆਪ ਕਲੰਕਵਾਨ ਹੋ, ਕਿਤੇ ਆਪ ਇਸਤ੍ਰੀ ਸਮੇਤ ਸਜੀ ਹੋਈ ਸੇਜ ਮਾਣਰਹੇ ਹੋ ਕਿਤੇ ਆਪ ਪਵਿਤਰਤਾ ਦਾ ਨਿਚੋੜ ਜਾਂ ਸਾਰ ਹੋ।

**ਕਹੂੰ ਦੇਵ ਧਰਮ ਕਹੂੰ ਸਾਧਨਾ ਕੇ ਹਰਮ**
**ਕਹੂੰ ਕੁਤਸਿਤ ਕੁਕਰਮ ਕਹੂੰ ਧਰਮ ਕੇ ਪ੍ਰਕਾਰ ਹੋ ॥**

**ਪਦ ਅਰਥ** :- ਦੇਵ ਧਰਮ - ਦੇਵਤਿਆਂ ਦੇ ਧਰਮ ਭਾਵ ਸੁਅੱਛ ਧਰਮ, ਸਾਧਨਾ- ਅਭਿਆਸ, ਹਰਮ-ਘਰ, ਕੁਤਸਿਤ- ਨਿੰਦਤ, ਕੁਕਰਮ-ਭੈੜੇ ਕਰਮ, ਧਰਮ ਪ੍ਰਕਾਰ-ਇਨ ਬਿੰਨ ਧਰਮ ਵਰਗੇ ਹੀ ਹੋ।

**ਅਰਥ** :- ਕਿਤੇ ਆਪ ਦੇਵਤਿਆਂ ਦੇ ਧਰਮ ਭਾਵ ਸੁਅੱਛ ਧਰਮ ਵਾਲੇ ਹੋ, ਕਿਤੇ ਆਪ ਅਭਿਆਸ ਅਥਵਾ ਸਾਧਨਾ ਸਾਧਨ ਦੇ ਘਰ ਹੋ, ਕਿਤੇ ਆਪ ਨਿੰਦਤ ਅਥਵਾ ਭੈੜੇ ਕਰਮ ਕਰਨ ਵਾਲੇ ਹੋ ਅਤੇ ਕਿਤੇ ਆਪ ਧਰਮ ਵਰਗੇ ਅਥਵਾ ਧਰਮ ਅਨੁਸਾਰੀ ਹੋ।

**ਕਹੂੰ ਪਉਨਹਾਰੀ, ਕਹੂੰ ਬਿੱਦਿਆ ਕੇ ਬੀਚਾਰੀ,**
**ਕਹੂੰ ਜੋਗੀ ਜਤੀ ਬ੍ਰਹਮਚਾਰੀ, ਨਰ ਕਹੂੰ ਨਾਰਿ ਹੋ ॥**

**ਪਦਅਰਥ**:-ਪਉਨਹਾਰੀ-ਕੇਵਲ ਹਵਾ ਖਾਣ ਵਾਲੇ, ਬੀਚਾਰੀ-ਵੀਚਾਰਵਾਨ, ਜਤੀ-ਇੰਦ੍ਰੀਆਂ ਨੂੰ ਵਸ ਵਿਚ ਰੱਖਣ ਵਾਲਾ, ਨਰ-ਪੁਰਸ਼, ਨਾਰਿ-ਇਸਤ੍ਰੀ ।

**ਅਰਥ** :- ਕਿਤੇ ਆਪ ਕੇਵਲ ਹਵਾ ਖਾਣ ਵਾਲੇ ਹੋ, ਕਿਤੇ ਆਪ ਵਿਦਿਆ ਦੇ ਵੀਚਾਰਵਾਨ ਹੋ, ਕਿਤੇ ਆਪ ਜੋਗੀ ਹੋ, ਇੰਦਰੀਆਂ ਨੂੰ ਵੱਸ ਵਿਚ ਰੱਖਣ ਵਾਲੇ ਬ੍ਰਹਮਚਾਰੀ ਹੋ, ਕਿਤੇ ਆਪ ਪੁਰਸ਼ ਰੂਪ ਹੋ ਅਤੇ ਕਿਤੇ ਆਪ ਇਸਤ੍ਰੀ ਰੂਪ ਹੋ।

**ਕਹੂੰ ਛਤ੍ਰਧਾਰੀ ਕਹੂੰ ਛਾਲਾ ਧਰੇ ਛੈਲ ਭਾਰੀ ,**
**ਕਹੂੰ ਛਕਵਾਰੀ ਕਹੂੰ ਛਲ ਕੇ ਪ੍ਰਕਾਰ ਹੋ ।।੭।।੧੭।।**

**ਪਦ ਅਰਥ** :- ਛਤ੍ਰਧਾਰੀ - ਰਾਜਾ, ਛਾਲਾ-ਚਿਤ੍ਰੇ ਤੇ ਸ਼ੇਰ ਆਦਿ ਦੀ



www.sridasamgranth.com

ਖੱਲ, ਛੈਲ-ਸੁੰਦਰ ਗੱਭਰੂ, ਛਕਵਾਰੀ-ਕਮਜ਼ੋਰ, ਛਲ-ਠੱਗੀ ਮਾਰਨ ਵਾਲੇ ।

ਅਰਥ -ਕਿਤੇ ਆਪ ਰਾਜਾ ਹੋ ਕੇ ਛਤ੍ਰਧਾਰੀ ਹੋਏ ਬੈਠੇ ਹੋ, ਕਿਤੇ ਸ਼ੇਰ ਦੀ ਖੱਲ ਤੇ ਬੈਠੇ ਹੋ ਅਤੇ ਬੜੇ ਸੁੰਦਰ ਜੁਆਨ ਹੋ। ਕਿਤੇ ਆਪ ਕਮਜ਼ੋਰ ਜਿਹੇ ਦਿਸਦੇ ਹੋ ਅਤੇ ਕਿਤੇ ਆਪ ਠੱਗ ਦੇ ਸਮਾਨ ਹੋ।

**ਕਹੂੰ ਗੀਤ ਕੇ ਗਵੱਯਾ, ਕਹੂੰ ਬੇਨੁ ਕੇ ਬਜੱਯਾ,**
**ਕਹੂੰ ਨ੍ਰਿਤ ਕੇ ਨੱਚਯਾ, ਕਹੂੰ ਨਰ ਕੋ ਅਕਾਰ ਹੋ ॥**

ਪਦ ਅਰਥ ਬੇਨੁ-ਬੰਸਰੀ, ਨ੍ਰਿਤ -ਨਾਚ

ਅਰਥ :-ਕਿਤੇ ਆਪ ਗੀਤਾਂ ਦੇ ਗਾਣ ਵਾਲੇ ਹੋ, ਕਿਤੇ ਆਪ ਬੰਸਰੀ ਦੇ ਵਜਾਣ ਵਾਲੇ ਹੋ, ਕਿਤੇ ਆਪ ਨਾਚ ਦੇ ਨੱਚਣ ਵਾਲੇ ਹੋ, ਕਿਤੇ ਆਪ ਪੁਰਸ਼ ਦੇ ਸਰੂਪ ਵਿਚ ਹੋ।

**ਕਹੂੰ ਬੇਦ ਬਾਨੀ, ਕਹੂੰ ਕੋਕ ਕੀ ਕਹਾਨੀ,**
**ਕਹੂੰ ਰਾਜਾ ਕਹੂੰ ਰਾਨੀ, ਕਹੂੰ ਨਾਰਿ ਕੇ ਪ੍ਰਕਾਰ ਹੋ ।**

ਪਦ ਅਰਥ : ਬੇਦ ਬਾਨੀ ਵੇਦਾਂ, ਸ਼ਾਸਤ੍ਰਾਂ ਆਦਿ ਸਲੋਕ, ਕੋਕ -ਕਾਮ ਸ਼ਾਸਤ੍ਰ

ਅਰਥ : ਕਿਤੇ ਆਪ ਵੇਦਾਂ ਦੇ ਬਚਨ ਹੋ, ਕਿਤੇ ਕਾਮ ਸ਼ਾਸਤ੍ਰ ਦੀ ਵਾਰਤਾ ਹੋ, ਕਿਤੇ ਰਾਜਾ ਬਣੀ ਬੈਠੇ ਹੋ ਤੇ ਕਿਤੇ ਰਾਣੀ ਅਤੇ ਕਿਤੇ ਇਸਤ੍ਰੀ ਦੇ ਰੂਪ ਵਿਚ ਸੁਭਾਇਮਾਨ ਹੋ ।

**ਕਹੂੰ ਬੇਨ ਕੇ ਬਜੱਯਾ, ਕਹੂੰ ਧੇਨ ਕੇ ਚਰੱਯਾ,**
**ਕਹੂੰ ਲਾਖਨ ਲਵੱਯਾ, ਕਹੂੰ ਸੁੰਦਰ ਕੁਮਾਰ ਹੋ ।**

ਪਦ ਅਰਥ:- ਧੇਨ-ਗਊ, ਲਾਖਨ-ਇਲਜਾਮ, ਊਜ, ਤੁਹਮਤ, ਲਵੱਯਾ-ਲਵਾਉਣ ਵਾਲਾ ।

ਅਰਥ :- ਕਿਤੇ ਆਪ ਬੰਸਰੀ ਦੇ ਬਜਾਉਣ ਵਾਲੇ ਹੋ, ਕਿਤੇ ਗਊਆਂ ਦੇ ਚਰਾਉਣ ਵਾਲੇ, ਕਿਤੇ ਆਪ ਆਪਣੇ ਉਤੇ ਊਜਾਂ ਲਵਾਉਣ ਵਾਲੇ ਹੋ ਅਤੇ ਕਿਤੇ ਸੁੰਦਰ ਰਾਜਕੁਮਾਰ ਹੋ ।

**ਸੁਧਤਾ ਕੀ ਸ਼ਾਨ ਹੋ ਕਿ ਸੰਤਨ ਕੇ ਪ੍ਰਾਨ ਹੋ,**
**ਕਿ ਦਾਤਾ ਮਹਾਂ ਦਾਨਿ ਹੋ, ਕਿ ਨ੍ਰਿਦੋਖੀ ਨਿਰੰਕਾਰ ਹੋ ॥੮॥੧੮॥**

ਪਦ ਅਰਥ :- ਸੁਧਤਾ-ਪਵਿਤਰਤਾ, ਸ਼ਾਨ-ਵਡਿਆਈ, ਸ਼ੋਭਾ, ਮਹਾਂਦਾਨਿ - ਵੱਡਾ ਦਾਨੀ, ਨ੍ਰਿਦੋਖੀ-ਦੋਸ਼ ਰਹਿਤ, ਨਿਰੰਕਾਰ - ਅਕਾਰ ਰਹਿਤ ।

ਅਰਥ :- ਆਪ ਪਵਿਤਰਤਾ ਦੀ ਸ਼ੋਭਾ ਹੋ ਕਿ ਸੰਤਾਂ ਦੇ ਜੀਵਨ ਅਧਾਰ ਹੋ। ਆਪ ਵੱਡਾ ਦਾਨ ਦੇਣ ਵਾਲੇ ਦਾਤਾ ਹੋ ਕਿ ਦੋਸ਼ ਤੋਂ ਰਹਿਤ ਹੋ ਤੇ ਅਕਾਰ ਤੋਂ ਰਹਿਤ ਹੋ ।

**ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੋ,**



**ਕਿ ਭੂਪਨ ਕੇ ਭੂਪ ਹੋ, ਕਿ ਦਾਤਾ ਮਹਾਂਦਾਨ ਹੋ ॥**

ਪਦ ਅਰਥ :- ਨਿਰਜੁਰ - ਤਾਪ ਰਹਿਤ, ਨਿਰੂਪ - ਰੂਪ ਤੋਂ ਬਿਨਾਂ, ਭੂਪਨ -ਰਾਜੇ, ਭੂਪ-ਰਾਜਾ ।

ਅਰਥ :- ਆਪ ਤਾਪ ਤੋਂ ਬਿਨਾਂ ਹੋ, ਰੂਪ ਤੋਂ ਬਿਨਾ ਹੋ ਪਰ ਸੁੰਦਰ ਸਰੂਪ ਵਾਲੇ ਹੋ । ਆਪ ਰਾਜਿਆਂ ਦੇ ਵੀ ਰਾਜੇ ਹੋ ਅਤੇ ਵੱਡਾ ਦਾਨ ਦੇਣ ਵਾਲੇ ਦਾਤਾ ਹੋ।

**ਪ੍ਰਾਨ ਕੇ ਬਚੱਯਾ, ਦੂਧ ਪੂਤ ਕੇ ਦਿਵਯਾ,**
**ਰੋਗ ਸੋਗ ਕੇ ਮਿਟੱਯਾ ਕਿਧੋ ਮਾਨੀ ਮਹਾਂ ਮਾਨ ਹੋ ।**

ਪਦ ਅਰਥ :- ਪ੍ਰਾਨ ਕੇ ਬਚੱਯਾ - ਜੀਵਨ ਦੀ ਰੱਖਿਆ ਕਰਨ ਵਾਲੇ, ਰੋਗ ਸੋਗ - ਦੁੱਖ ਅਤੇ ਚਿੰਤਾਵਾਂ, ਕਿਧੋ ਜਾਂ ਫਿਰ, ਮਾਨੀ - ਮਾਣ ਵਾਲੇ,

ਅਰਥ :- ਆਪ ਜੀਵਨ ਦੀ ਰੱਖਿਆ ਕਰਨ ਵਾਲੇ, ਦੁੱਧ-ਪੁੱਤ ਦੇਣ ਵਾਲੇ, ਦੁਖਾਂ ਅਤੇ ਚਿੰਤਾਵਾਂ ਦੇ ਮਿਟਾਉਣ ਵਾਲੇ ਅਤੇ ਵੱਡੇ ਮਾਣ ਵਾਲੇ ਮਾਨਨੀਕ ਹੋ ।

**ਬਿੱਦਿਆ ਕੇ ਵਿਚਾਰ ਹੋ, ਕਿ ਅੱਦ੍ਵੈ ਅਵਤਾਰ ਹੋ,**
**ਕਿ ਸਿੱਧਤਾ ਕੀ ਸੂਰਤਿ ਹੋ ਕਿ ਸੁੱਧਤਾ ਕੀ ਸ਼ਾਨ ਹੋ ।**

ਪਦ ਅਰਥ :- ਬਿੱਦਿਆ - ਵਿਦਿਆ, ਅੱਦ੍ਵੈ - ਅਦਵੈਤ, ਸਿੱਧਤਾ - ਸਫਲਤਾ, ਸੁੱਧਤਾ - ਪਵਿਤਰਤਾ, ਸ਼ਾਨ - ਵਡਿਆਈ ।

ਅਰਥ :- ਆਪ ਵਿਦਿਆ ਦੇ ਵਿਚਾਰਵਾਨ ਹੋ ਅਤੇ ਰਾਗ ਦੋਖ ਦੀ ਭਾਵਨਾ ਨਾ ਰੱਖਣ ਵਾਲੇ ਅਵਤਾਰ ਹੋ, ਸਫਲਤਾ ਦੀ ਮੂਰਤ ਹੋ ਅਤੇ ਆਪ ਦੀ ਸ਼ਾਨ ਪਵਿਤਰਤਾ ਭਰਪੂਰ ਹੈ।

**ਜੋਬਨ ਕੇ ਜਾਲ ਹੋ ਕਿ ਕਾਲ ਹੂੰ ਕੇ ਕਾਲ ਹੋ,**
**ਕਿ ਸਤ੍ਰਨ ਕੇ ਸੂਲ ਹੋ ਕਿ ਮਿਤ੍ਰਨ ਕੇ ਪ੍ਰਾਨ ਹੋ ॥੯॥੧੯॥**

ਪਦ ਅਰਥ :- ਜੋਬਨ ਜੁਆਨੀ, ਜਾਲ - ਫਾਹੀ, ਕਾਲ - ਮੌਤ, ਸਤ੍ਰਨ - ਦੁਸ਼ਮਨ, ਸੂਲ - ਦੁਖਦਾਈ ।

ਅਰਥ :- ਆਪ ਜੁਆਨੀ ਦੀ ਸੁੰਦਰਤਾ ਵਿਚ ਫਸਾਉਣ ਵਾਲੇ ਹੋ, ਅਤੇ ਕਾਲ ਦਾ ਕਾਲ ਕਰਨ ਵਾਲੇ ਹੋ। ਆਪ ਦੁਸ਼ਮਨਾ ਲਈ ਦੁਖਦਾਈ ਹੋ ਅਤੇ ਮਿਤਰਾਂ ਦੇ ਰਖਵਾਲੇ ਹੋ।

**ਕਹੂੰ ਬ੍ਰਹਮਬਾਦ ਕਹੂੰ ਬਿੱਦਿਆ ਕੋ ਬਿਖਾਦ,**
**ਕਹੂੰ ਨਾਦ ਕੋ ਨਿਨਾਦ ਕਹੂੰ ਪੂਰਨ ਭਗਤ ਹੋ ॥**

ਪਦ ਅਰਥ :- ਬਾਦ - ਚਰਚਾ, ਬਿਖਾਦ - ਝਗੜਾ, ਨਾਦ- ਸ਼ਬਦ ਦੀ ਅਵਾਜ, ਨਿਨਾਂਦ -ਧੁਨੀ, ਪੂਰਨ ਭਗਤ - ਪੂਰੇ ਭਗਤੀ ਵਾਲੇ ।

ਅਰਥ :- ਕਿਤੇ ਆਪ ਈਸ਼ਵਰਯ ਚਰਚਾ ਹੋ, ਕਿਤੇ ਵਿਦਿਆ ਦੇ ਝਗੜੇ



www.sridasamgranth.com

ਹੋ, ਕਿਤੇ ਸ਼ਬਦ ਦੀ ਧੁਨ ਹੋ ਅਤੇ ਕਿਤੇ ਪੂਰਨ ਭਗਤੀ ਵਾਲੇ ਹੋ ।

**ਕਹੂੰ ਬੇਦ ਗੀਤਿ ਕਹੂੰ ਬਿੱਦਿਆ ਕੀ ਪ੍ਰਤੀਤਿ,**
**ਕਹੂੰ ਨੀਤਿ, ਅਉ ਅਨੀਤਿ, ਕਹੂੰ ਜ੍ਵਾਲਾ ਸੀ ਜਗਤ ਹੋ ।**

**ਪਦ ਅਰਥ** :- ਪ੍ਰਤੀਤਿ - ਭਰੋਸਾ, ਨੀਤਿ - ਮਰਿਆਦਾ, ਅਨੀਤਿ - ਮਰਿਆਦਾ ਦੇ ਵਿਰੁੱਧ,ਜ੍ਵਾਲਾ - ਅਗਨੀ ।

**ਅਰਥ** :- ਕਿਤੇ ਆਪ ਵੇਦਾਂ ਦੀ ਗੀਤ ਹੋ, ਕਿਤੇ ਵਿਦਿਆ ਦੀ ਪ੍ਰਤੀਤ ਵਾਲੇ ਹੋ, ਕਿਤੇ ਮਰਿਆਦਾ ਵਾਲੇ ਹੋ ਅਤੇ ਕਿਤੇ ਮਰਿਆਦਾ ਦੇ ਉਲਟ ਹੋ ਅਤੇ ਕਿਤੇ ਅਗਨੀ ਵਾਂਗ ਪ੍ਰਕਾਸ਼ਮਾਨ ਹੋ।

**ਪੂਰਨ ਪ੍ਰਤਾਪ ਕਹੂੰ, ਇਕਾਂਤੀ ਕੋ ਜਾਪ ਕਹੂੰ,**
**ਤਾਪ ਕੋ ਅਤਾਪ ਕਹੂੰ, ਜੋਗ ਤੇ ਡਿਗਤ ਹੋ ।**

**ਪਦ ਅਰਥ** :- ਪ੍ਰਤਾਪ - ਜਸ, ਤਾਪ - ਤਪਤਾਉ, ਅਤਾਪ - ਸੀਤਲ

**ਅਰਥ** :- ਆਪ ਕਿਤੇ ਵੱਡੇ ਪੂਰੇ ਜਸ ਵਾਲੇ ਹੋ, ਕਿਤੇ ਇਕਾਂਤ ਵਿਚ ਬੈਠਕੇ ਜਪ ਕਰਨ ਵਾਲੇ ਹੋ, ਤਪਤਾਉ ਵਾਲੇ ਹੋ ਅਤੇ ਕਿਤੇ ਸੀਤਲ ਕਰਨ ਵਾਲੇ ਹੋ ਅਤੇ ਕਿਤੇ ਜੋਗ ਸਾਧਨਾ ਤੋਂ ਵੀ ਡਿਗ ਰਹੇ ਹੋ ।

**ਕਹੂੰ ਬਰੁ ਦੇਤ ਕਹੂੰ ਛਲ ਸੋ ਛਿਨਾਇ ਲੇਤ,**
**ਸਰਬ ਕਾਲਿ ਸਰਬ ਠੌਰਿ, ਏਕ ਸੇ ਲਗਤ ਹੋ ।।੧੦।।੨੦।।**

**ਪਦ ਅਰਥ** :- ਬਰੁ - ਵਰ, ਛਲ - ਧੋਖੇ, ਛਿਨਾਇ - ਖੋਹ ਲੈਣਾ, ਸਰਬ ਕਾਲਿ - ਸਾਰਿਆਂ ਸਮਿਆਂ ਵਿਚ , ਸਰਬ ਠੌਰਿ - ਸਭ ਥਾਵਾਂ ਵਿਚ, ਏਕ ਸੇ - ਇਕ ਸਮਾਨ।

**ਅਰਥ** :- ਕਿਤੇ ਆਪ ਵਰ ਦੇ ਦੇਣ ਵਾਲੇ ਹੋ, ਕਿਤੇ ਧੋਖੇ ਨਾਲ ਦਿਤੇ ਹੋਏ ਵਰ ਨੂੰ ਵੀ ਖੋਹ ਲੈਣ ਵਾਲੇ ਹੋ, ਆਪ ਸਾਰਿਆਂ ਸਮਿਆਂ ਵਿਚ ਤੇ ਸਭ ਥਾਵਾਂ ਵਿਚ ਇਕ ਸਮਾਨ ਲਗਦੇ ਹੋ ।

**ਤ੍ਵ ਪ੍ਰਸਾਦਿ ।। ਸ੍ਵੈਯੇ ।।**
**ਸ੍ਰਾਵਗ ਸੁੱਧ ਸਮੂਹ ਸਿਧਾਨ ਕੇ**
**ਦੇਖਿ ਫਿਰਿਓ ਘਰਿ ਜੋਗਿ ਜਤੀ ਕੇ ।।**

**ਪਦ ਅਰਥ**: ਸ੍ਰਾਵਗ - ਜੈਨ ਤੇ ਬੁੱਧ ਉਪਦੇਸ਼ਕ । ਸੁੱਧ - ਕਰਮਕਾਂਡੀ (ਵੈਸ਼ਨਵ) ਸਮੂਹ - ਟੋਲੇ । ਸਿਧਾਨ ਕਰਾਮਤੀ ਪੁਰਸ਼ । ਘਰਿ-ਡੇਰੇ, ਆਸ਼੍ਰਮ। ਜੋਗਿ- ਜੋਗੀ । ਜਤੀ - ਬ੍ਰਹਮਚਾਰੀ ।

**ਅਰਥ**: (ਮੈਂ) ਜੈਨੀ, ਬੁੱਧ ਧਰਮ ਦੇ ਸਾਧੂ, ਵੈਸ਼ਨਵਾਂ ਤੇ ਕਰਾਮਾਤੀ ਪੁਰਸ਼ਾਂ ਦੇ ਟੋਲੇ ਅਤੇ (ਮੰਨੇ-ਪ੍ਰਮੰਨੇ) ਜੋਗੀਆਂ ਤੇ ਬ੍ਰਹਮਚਾਰੀਆਂ ਦੇ ਡੇਰੇ,ਆਸ਼੍ਰਮ ਫਿਰ ਕੇ ਵੇਖ ਲਏ ਹਨ।

**ਸੂਰ ਸੁਰਾਰਦਨ ਸੁੱਧ ਸੁਧਾਦਿਕ**



**ਸੰਤ ਸਮੂਹ ਅਨੇਕ ਮਤੀ ਕੇ ।।**

**ਪਦ ਅਰਥ**: ਸੂਰ-ਸੂਰਮੇ,ਬਲੀ । ਸੁਰਾਰਦਨ ਦੈਂਤ (ਦੇਵਤਿਆਂ ਨੂੰ ਮਾਰਨ ਵਾਲੇ) ਸੁੱਧ-ਨਿਰਮਲ, ਸੁਧਾਦਿਕ-ਅੰਮ੍ਰਿਤ ਪੀਣ ਵਾਲੇ ਦੇਵਤੇ । ਮਤੀ ਕੇ - ਕਈ ਧਰਮਾਂ ਦੇ, ਮੱਤਾਂ ਦੇ ।

**ਅਰਥ** : ਸੂਰਮੇ,ਦੈਂਤ, ਪਵਿੱਤ੍ਰ ਅੰਮ੍ਰਿਤ ਪੀਣ ਵਾਲੇ ਦੇਵਤੇ ਅਤੇ ਹੋਰ ਅਨੇਕ ਮੱਤਾਂ ਦੀਆਂ ਸੰਤ-ਮੰਡਲੀਆਂ ਵੀ ਵੇਖ ਲਈਆਂ ਹਨ ।

**ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ।**
**ਕੋਊ ਨ ਦੇਖੀਅਤ ਪ੍ਰਾਨਪਤੀ ਕੇ ।।**

**ਪਦ ਅਰਥ**: ਮਤ ਧਰਮ । ਕੋਊ-ਕੋਈ ਵੀ । ਪ੍ਰਾਨਪਤੀ - ਵਾਹਿਗੁਰੂ ਜੀ ਪ੍ਰਾਣਾਂ ਦੇ ਮਾਲਕ । ਦੇਖੀਅਤ - ਵੇਖਿਆ ।

**ਅਰਥ**: ਸਾਰੇ ਦੇਸ ਦੇ ਮੱਤਾਂ (ਧਰਮਾਂ) ਨੂੰ ਵੇਖ ਲਿਆ ਹੈ, (ਪਰ ਇਨ੍ਹਾਂ ਵਿੱਚੋਂ ਕੋਈ ਵੀ ਪ੍ਰਮਾਤਮਾਂ ਦੇ ਪੂਜਣ ਵਾਲਾ ਮੱਤ ਵੇਖਣ ਵਿੱਚ ਨਹੀਂ ਆਇਆ।

**ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ**
**ਏਕ ਰਤੀ ਬਿਨੁ ਏਕ ਰਤੀ ਕੇ ।।੧।। ੨੧।।**

**ਪਦ ਅਰਥ**: ਭਾਇ - ਸ਼ਰਧਾ । ਰਤੀ- ਪ੍ਰੇਮ, ਪਿਆਰ । ਰਤੀ ਕੇ-ਤੋਲ ਦੀ ਇਕ ਇਕਾਈ, ਪੁਰਾਣੇ ਤੋਲ ਅਨੁਸਾਰ ਮਾਸ਼ੇ ਦਾ ਅਠਵਾਂ ਹਿੱਸਾ, ਭਾਵ ਤੁੱਛ ਮਾਤਰ ।

**ਅਰਥ** : ਵਾਹਿਗੁਰੂ ਜੀ ਵਿੱਚ ਸ਼ਰਧਾ, ਉਸ ਦੀ ਕਿਰਪਾ ਅਤੇ ਉਸ ਨਾਲ ਪ੍ਰੇਮ ਤੋਂ ਬਿਨਾਂ (ਇਹ ਸਾਰੇ ਮੱਤ-ਮਤਾਂਤਰ) ਇਕ ਰੱਤੀ ਭਰ ਮੁੱਲ ਦੇ ਵੀ ਨਹੀਂ ਹਨ।

**ਭਾਵ ਅਰਥ**: ਦਸਮੇਸ਼ ਪਿਤਾ ਫੁਰਮਾਉਂਦੇ ਹਨ ਕਿ ਉਨ੍ਹਾਂ ਨੇ ਸਾਰੇ ਦੇਸ਼ ਦੇ ਮੱਤ-ਮਤਾਂਤਰਾਂ ਅਤੇ ਜੈਨੀ, ਬੋਧੀ ਤੇ ਜੋਗੀਆਂ ਦੇ ਡੇਰਿਆ ਤੇ ਫਿਰ ਕੇ ਵੇਖਿਆ ਹੈ ਕਿ ਇਹ ਲੋਕ ਕਹਿਣ ਨੂੰ ਤਾਂ ਪ੍ਰਮਾਤਮਾ ਦੇ ਰਾਹ ਤੇ ਚਲਣ ਵਾਲੇ ਹਨ ਪਰ ਇਨ੍ਹਾਂ ਦੇ ਰਸਮੋ-ਰਿਵਾਜ ਅਤੇ ਕਰਮ-ਕਾਡਾਂ ਤੋਂ ਮੈਨੂੰ ਇਹ ਮਲੂਮ ਹੋਇਆ ਹੈ ਕਿ ਇਹ ਇਕ ਅਕਾਲ ਪੁਰਖ ਨੂੰ ਛੱਡ ਕੇ ਹੇਠਲੀਆਂ ਸ਼ਕਤੀਆਂ ਵਿੱਚ ਹੀ ਪ੍ਰਵਿਰਤ ਹਨ। ਇਸ ਲਈ ਇਨ੍ਹਾਂ ਵਲੋਂ ਕੀਤੇ ਜਾਂਦੇ [illegible] ਤੇ ਪ੍ਰਮਾਤਮਾ ਦੇ ਦਰ ਤੇ ਪਹੁੰਚਾਣ ਦੇ ਸਮਰਥ ਨਹੀਂ ਹਨ ।

**ਮਾਤੇ ਮਤੰਗ ਜਰੇ ਜਰ ਸੰਗਿ**
**ਅਨੂਪ ਉਤੰਗ ਸੁਰੰਗ ਸਵਾਰੇ ।।**

**ਪਦ ਅਰਥ**: ਮਾਤੇ-ਮਸਤ ਹੋਏ। ਮਤੰਗ-ਹਾਥੀ । ਜਰੇ-ਜੜੇ ਹੋਏ । ਜਰ-ਸੋਨੇ ਦੇ ਗਹਿਣੇ । ਅਨੂਪ-ਸੁੰਦਰ। ਉਤੰਗ-ਉੱਚੇ ਕੱਦ ਵਾਲੇ । ਸੁਰੰਗ - ਸੋਹਣੇ ਰੰਗਾਂ ਵਾਲੇ । ਸਵਾਰੇ - ਸਜਾਏ ਹੋਏ ।

**ਅਰਥ**: ਜੇਕਰ ਸੋਨੇ ਦੇ (ਗਹਿਣਿਆਂ) ਨਾਲ ਸ਼ਿਗਾਰੇ ਹੋਏ ਮਸਤ ਹਾਥੀ



www.sridasamgranth.com

ਹੋਣ ਤੇ ਉਹ ਬੇਮਿਸਾਲ ਸੋਹਣੇ ਉੱਚੇ ਕੱਦ ਵਾਲੇ ਸੁੰਦਰ ਰੰਗਾਂ ਨਾਲ ਸਜਾਏ ਹੋਏ ਹੋਣ,

**ਕੋਟ ਤੁਰੰਗ ਕੁਰੰਗ ਸੇ ਕੂਦਤ**
**ਪਉਨ ਕੇ ਗਉਨ ਕੋ ਜਾਤ ਨਿਵਾਰੇ ॥**

**ਪਦ ਅਰਥ** : ਕੋਟ - ਕ੍ਰੋੜਾਂ ।.ਤੁਰੰਗ - ਘੋੜੇ । ਕੁਰੰਗ-ਹਿਰਨ। ਸੇ - ਵਾਂਗ। ਕੁਦਤ-ਕੁੱਦਦੇ । ਗਉਨ-(ਹਵਾ ਦੀ ) ਚਾਲ, ਵੇਗ । ਜਾਤ ਨਿਵਾਰੇ - ਮਾਤ ਪਾਉਂਦੇ ਹੋਣ , ਪਿੱਛੇ ਛੱਡ ਜਾਂਦੇ ਹੋਣ।

**ਅਰਥः** ਜੇ ਕ੍ਰੋੜਾਂ ਹੀ ਘੋੜੇ ਹਿਰਨਾਂ ਵਾਂਗ ਨੱਚਦੇ ਟੱਪਦੇ ਹੋਣ,ਅਤੇ ਹਵਾ ਦੇ ਵੇਗ (ਚਾਲ) ਨੂੰ ਵੀ ਮਾਤ ਪਾਉਂਦੇ ਹੋਣ , ਭਾਵ ਐਸੇ ਘੋੜੇ ਜਿਨ੍ਹਾਂ ਦਾ ਤੇਜ਼ ਚਾਲ ਦਾ ਹਵਾ ਵੀ ਮੁਕਾਬਲਾਂ ਨ ਕਰ ਸਕੇ,

**ਭਾਰੀ ਭੁਜਾਨ ਕੇ ਭੂਪ ਭਲੀ ਬਿਧਿ**
**ਨਿਆਵਤ ਸੀਸ ਨ ਜਾਤ ਬਿਚਾਰੇ ॥**

**ਪਦ ਅਰਥ** : ਭਾਰੀ ਭੁਜਾਨ ਵੱਡੀਆ ਬਾਹਵਾਂ ਭਾਵ ਤਾਕਤਾਂ ਵਾਲੇ ਭੂਪ - ਮਹਾਰਾਜੇ, ਨਿਆਵਤ - ਝੁਕਾਉਂਦੇ ਹੋਣ । ਸੀਸ - ਸਿਰ । ਨ ਜਾਤ ਬਿਚਾਰੇ- ਗਿਣੇ ਨਹੀਂ ਜਾਂਦੇ ।

**ਅਰਥ** : ਵੱਡੇ ਵੱਡੇ ਮਹਾਰਾਜੇ ਜਿਨ੍ਹਾਂ ਦਾ ਕਿ ਵਿਸ਼ਵ ਵਿੱਚ ਦੂਰ ਦੂਰ ਤਕ ਰਾਜ ਹੋਵੇ ਅਤੇ ਉਹਨਾਂ ਦੇ ਸਾਹਮਣੇ ਸਿਰ ਝੁਕਾਉਣ ਵਾਲੇ ਅਣਗਿਣਤ ਹੋਵਣ,

**ਏਤੇ ਭਏ ਤੁ ਕਹਾ ਭਏ ਭੂਪਤਿ**
**ਅੰਤ ਕੋ ਨਾਂਗੇ ਹੀ ਪਾਂਇ ਪਧਾਰੇ ॥੨॥੨੨॥**

**ਪਦ ਅਰਥ** : ਭਏ - ਹੋਣ । ਭੂਪਤਿ - ਰਾਜੇ-ਮਹਾਰਾਜੇ । ਪਾਂਇ - ਪੈਰਾਂ ਤੋਂ। ਪਧਾਰੇ - ਚਲੇ ਗਏ, ਤੁਰ ਗਏ ।

**ਅਰਥः** ਏਡੇ ਵੱਡੇ ਪਰਤਾਪੀ ਰਾਜੇ ਵੀ ਹੋਣ ਤਾਂ ਕੀ ਹੋਇਆ ? ਅਖ਼ੀਰ ਵੇਲੇ ਤਾਂ (ਦੁਨੀਆਂ ਤੋਂ) ਨੰਗੇ ਪੈਰੀਂ ਹੀ ਚਲੇ ਜਾਂਦੇ ਹਨ।

**ਭਾਵ ਅਰਥ** : ਇਸ ਸਵੱਯੇ ਵਿਚ ਗੁਰੂ ਪਾਤਸ਼ਾਹ ਜੀ ਇਸ ਸੰਸਾਰ ਦੇ ਉਨ੍ਹਾਂ ਘੋੜੇ ਅਤੇ ਭਾਰੀ ਲਸ਼ਕਰ ਹੋਣ ਤੇ ਸਿਪਾਹ-ਸਲਾਰਾਂ ਦੀ ਜੋ ਉਨ੍ਹਾਂ ਨੂੰ ਝੁਕ ਕੇ ਸਲਾਮਾਂ ਕਰਦੇ ਹੋਣ ਦੀ ਗਿਣਤੀ ਨਾ ਕੀਤੀ ਜਾ ਸਕਦੀ ਹੋਵੇ; ਅਜੇਹੇ ਵੱਡੇ ਵੱਡੇ ਰਾਜੇ ਵੀ ਆਖ਼ਰ ਨੂੰ ਸੰਸਾਰ ਤੋਂ ਖਾਲੀ ਹੱਥ ਹੀ ਜਾਂਦੇ ਹਨ। ਗੁਰੂ ਸਾਹਿਬ ਦਾ ਉਪਦੇਸ਼ ਹੈ ਕਿ ਹਰ ਮਨੁੱਖ ਭਾਵੇਂ ਉਹ ਕਿੱਡਾ ਹੀ ਸ਼ਕਤੀਸ਼ਾਲੀ ਕਿਉਂ ਨ ਹੋਵੇ ਉਸ ਨੂੰ ਪ੍ਰਮਾਤਮਾ ਦੇ ਸਿਮਰਨ ਵਿਚ ਜੀਵਨ ਗੁਜ਼ਾਰਨਾ ਚਾਹੀਦਾ ਹੈ।

**ਜੀਤ ਫਿਰੈ ਸਭ ਦੇਸ ਦਿਸਾਨ ਕੋ**
**ਬਾਜਤ ਢੋਲ ਮ੍ਰਿਦੰਗ ਨਗਾਰੇ ॥**

**ਪਦ ਅਰਥ** : ਮ੍ਰਿਦੰਗ - ਢੋਲਕ । ਨਗਾਰੇ - ਧੌਂਸੇ ।



**ਅਰਥ** :-ਜੇ ਕੋਈ ਨਾਮਵਰ ਰਾਜੇ ਸਾਰੇ ਦੇਸ਼-ਦੇਸ਼ਾਂਤਰਾਂ ਨੂੰ ਜਿੱਤਦੇ ਫਿਰਨ ਅਤੇ ਉਨ੍ਹਾਂ ਦੇ ਅਗੇ ਵੱਡੇ ਵੱਡੇ ਢੋਲ, ਮ੍ਰਿਦੰਗ ਤੇ ਧੌਂਸੇ ਵਜਦੇ ਹੋਣ,

**ਗੁੰਜਤ ਗੂੜ ਗਜਾਨ ਕੇ ਸੁੰਦਰ**
**ਹਿੰਸਤ ਹੀ ਹਯ ਰਾਜ ਹਜਾਰੇ ॥**

**ਪਦ ਅਰਥ** :- ਗੁੰਜਤ-ਗੂੰਜਦੇ, ਚਿੰਘਾੜਦੇ ਹੋਣ । ਗੂੜ੍ਹ-ਸੰਘਣੇ, ਉੱਚੀ ਆਵਾਜ਼ । ਗਜਾਨ-ਹਾਥੀ। ਹਿੰਸਤ-ਹਿਣਕਦੇ । ਹਯ+ਰਾਜ-ਵਧੀਆ ਘੋੜੇ । ਹਜਾਰੇ-ਹਜ਼ਾਰਾਂ ਹੀ ।

**ਅਰਥः** ਜੇਕਰ ਸੋਹਣੇ ਸਜਾਏ ਹੋਏ ਹਾਥੀਆਂ ਦੇ ਟੋਲਿਆਂ ਦੇ ਟੋਲੇ ਚਿੰਘਾੜਦੇ ਹੋਣ ਅਤੇ ਹਜ਼ਾਰਾਂ ਹੀ ਵਧੀਆ ਘੋੜੇ ਹਿਣਕਦੇ ਹੋਣ,

**ਭੂਤ ਭਵਿੱਖ ਭਵਾਨ ਕੇ ਭੂਪਤ**
**ਕਉਨ ਗਨੇ ਨਹੀਂ ਜਾਤ ਬਿਚਾਰੇ ॥**

**ਪਦ ਅਰਥ** :- ਭੂਤ-ਬੀਤਿਆ ਸਮਾਂ । ਭਵਿੱਖ-ਆਉਣ ਵਾਲਾ ਸਮਾਂ । ਭਵਾਨ-ਵਰਤਮਾਨ ਕਾਲ । ਗਨੇ-ਗਿਣ ਸਕੇ । ਜਾਤ ਬਿਚਾਰੇ-ਗਿਣਤੀ ਦਾ ਅੰਦਾਜ਼ਾ ਲਗਾਉਣਾ ।

**ਅਰਥ** : ਤਿਨਾਂ ਕਾਲਾਂ ਭੂਤ ਭਵਿਖਤ, ਵਰਤਮਾਨ ਸਮੇਂ ਵਿਚ ਕਿਤਨੇ ਐਸੇ ਰਾਜੇ ਹੋਣਗੇ ਜਿਨ੍ਹਾਂ ਦੀ ਗਿਣਤੀ ਦਾ ਅੰਦਾਜ਼ਾ ਕੋਈ ਨ ਲਗਾ ਸਕਦਾ ਹੋਵੇ,

**ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ**
**ਅੰਤ ਕਉ ਅੰਤ ਕੇ ਧਾਮ ਸਿਧਾਰੇ ॥੩॥੨੩॥**

**ਪਦ ਅਰਥ** :- ਸ੍ਰੀ ਪਤਿ -ਮਾਇਆ ਦੇ ਸੁਆਮੀ ਵਾਹਿਗੁਰੂ । ਸ੍ਰੀ ਭਗਵਾਨ-ਅਕਾਲ ਪੁਰਖ । ਅੰਤ ਕੇ ਧਾਮ-ਮੌਤ ਦੇ ਘਰ । ਸਿੱਧਾਰੇ-ਚਲੇ ਗਏ ।

**ਅਰਥ** : (ਅਜਿਹੇ ਨਾਮਵਰ ਰਾਜੇ ਮਹਾਰਾਜੇ) ਮਾਇਆ ਦੇ ਸੁਆਮੀ ਅਕਾਲ ਪੁਰਖ ਦੇ ਸਿਮਰਨ ਭਜਨ ਤੋਂ ਬਿਨਾਂ ਅੰਤ ਨੂੰ ਮੌਤ ਦੇ ਘਰ ਹੀ ਚਲ ਜਾਂਦੇ ਹਨ ।

ਭਾਵ ਅਰਥ : ਤੀਸਰੇ ਸਵੱਯੇ ਵਿੱਚ ਵੀ ਰਾਜੇ ਮਹਾਰਾਜਿਆਂ ਦਾ ਜਿਕਰ ਕੀਤਾ ਗਿਆ ਹੈ ਜਿਨ੍ਹਾਂ ਨੇ ਕਈ ਦੇਸ਼ਾਂ ਤੇ ਜਿੱਤ ਪ੍ਰਾਪਤ ਕੀਤੀ ਹੈ ਅਤੇ ਖ਼ੁਸ਼ੀ ਵਿੱਚ ਉਹਨਾਂ ਦੇ ਦਰਬਾਰ ਵਿਚ ਅਨੇਕਾਂ ਹੀ ਢੋਲ ਢਮੱਕੇ ਵਜਦੇ ਹਨ । ਅਜੇਹੇ ਤਿੰਨਾਂ ਕਾਲਾਂ ਵਿੱਚ ਬਹੁਤ ਸਾਰੇ ਹੋ ਗੁਜ਼ਰੇ ਹਨ ਪਰ ਅੰਤ ਨੂੰ ਇਕ ਅਕਾਲ ਪੁਰਖ ਦੇ ਭਜਨ ਤੋਂ ਬਿਨਾਂ ਉਨ੍ਹਾਂ ਨੂੰ ਜਮਪੁਰੀ ਹੀ ਜਾਣਾ ਪਿਆ ।

**ਤੀਰਥ ਨ੍ਹਾਨ ਦਇਆ ਦਮ ਦਾਨ**
**ਸੁ ਸੰਜਮ ਨੇਮ ਅਨੇਕ ਬਿਸੇਖੈ ॥**

ਪਦ ਅਰਥ :- ਨ੍ਹਾਨ-ਇਸ਼ਨਾਨ । ਦਇਆ-ਤਰਸ, ਰਹਿਮ । ਦਮ-ਜੱਤ, ਇੰਦ੍ਰੀਆਂ ਨੂੰ ਕਾਬੂ ਕਰਨਾ । ਸੁਸੰਜਮ - ਸ਼ੁਭ ਸੰਜਮ । ਨੇਮ-ਸਾਧਨ (ਅਰਥਾਤ ਜਪ, ਤਪ, ਸਤ, ਸੰਤੋਖ, ਦਾਨ ਆਦਿਕ) । ਬਿਸੇਖੈ-ਉਚੇਚੇ, ਖਾਸ ਕਰਕੇ ।



www.sridasamgranth.com

ਅਰਥ :- (ਜੇਕਰ ਕੋਈ ਮਨੁੱਖ) ਤੀਰਥ ਇਸ਼ਨਾਨ ਕਰਦਾ ਫਿਰੇ, (ਜੀਆਂ ਉੱਤੇਤਰਸ ਕਰੇ, ਮਨ ਨੂੰ ਵਿਕਾਰਾਂ ਵਲੋਂ ਰੋਕਣ ਦਾ ਜਤਨ ਕਰੇ, ਦਾਨ ਪੁੰਨ ਕਰਦਾ ਫਿਰੇ ਅਤੇ ਅਨੇਕਾਂ ਵਿਸ਼ੇਸ਼ ਸੰਜਮ ਪਾਲਦਾ ਰਹੇ,

**ਬੇਦ ਪੁਰਾਨ ਕਤੇਬ ਕੁਰਾਨ**
**ਜਮੀਨ ਜਮਾਨ ਸਬਾਨ ਕੇ ਪੇਖੈ ॥**

ਪਦ ਅਰਥ : ਬੇਦ-ਚਾਰ ਵੇਦ (ਰਿਗ, ਸ਼ਾਮ, ਯੁਜਰ, ਅਥਰਬਣ) । ਪੁਰਾਨ -ਅਠਾਰਾਂ ਪੁਰਾਣ। ਕਤੇਬ-ਚਾਰ ਧਾਰਮਿਕ ਕਿਤਾਬਾਂ (ਤੌਰੇਤ, ਜ਼ਬੂਰ, ਅੰਜੀਲ, ਕੁਰਾਨ) । ਕੁਰਾਨ-ਮਸਲਮਾਨਾਂ ਦਾ ਪੂਜਯ ਗ੍ਰੰਥ। ਜਮੀਨ-ਧਰਤੀ ਜਮਾਨ-ਆਸਮਾਨ, ਸਬਾਨ-ਸਾਰੇ ਹੀ । ਪੇਖੈ-ਦੇਖ ਲਏ ਹਨ ।

ਅਰਥ : (ਜੇ ਕੋਈ ਹਿੰਦੂ ਧਰਮ ਦੇ) ਵੇਦ ਪੁਰਾਣ, ਮੁਸਲਮਾਨੀ ਧਰਮ ਦੀਆਂ ਧਾਰਮਿਕ ਪੁਸਤਕਾਂ ਤੇ ਪਵਿੱਤ੍ਰ ਕੁਰਾਨ ਵੀ ਪੜ੍ਹ ਲਵੇ ਅਤੇ ਸਾਰੀ ਧਰਤੀ ਦੇ ਸਾਰੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਦਾ ਰਹੇ ,

**ਪਉਨ ਅਹਾਰ ਜਤੀ ਜਤ ਧਾਰਿ**
**ਸਬੈ ਸੁ ਬਿਚਾਰ ਹਜਾਰਕ ਦੇਖੈ ॥**

ਪਦ ਅਰਥ : ਜਤੀ-ਜਤਧਾਰਿ-ਜੱਤ ਧਾਰਨ ਵਾਲੇ, ਸੀਲ-ਸੰਜਮੀ । ਸਬੈ-ਸਾਰੇ। ਸੁਬਿਚਾਰ-ਸ਼ੁਭ ਵਿਚਾਰ। ਹਜ਼ਾਰਕ-ਹਜ਼ਾਰਾਂ ਹੀ ।

ਅਰਥ : (ਜੇਕਰ ਕੋਈ ਖਾਣਾ-ਪੀਣਾ ਛਡ ਕੇ) ਪਉਣ ਅਹਾਰੀ ਹੋ ਜਾਵੇ ਤੇ ਹਵਾ ਦੇ ਆਸਰੇ ਹੀ ਜੀਵੇ, ਜੇ ਜੱਤ ਧਾਰ ਕੇ ਬ੍ਰਹਮਚਾਰੀ ਬਣ ਬੈਠੇ ਅਤੇ ਹਜ਼ਾਰਾਂ ਹੀ ਇਹੋ ਜਿਹੇ ਸ੍ਰੇਸ਼ਟ ਵਿਚਾਰ ਤੇ ਸਾਧਨ ਕਰਦਾ ਰਹੇ,

**ਸ੍ਰੀ ਭਗਵਾਨ ਭਜੇ ਬਿਨੁ ਭੂਪਤਿ**
**ਏਕ ਰਤੀ ਬਿਨੁ ਏਕ ਨ ਲੇਖੈ ॥ ੪॥੨੪॥**

ਪਦ ਅਰਥ :- ਸ੍ਰੀ ਭਗਵਾਨ-ਵਾਹਿਗੁਰੂ ਜੀ । ਭੂਪਤਿ-ਮਾਲਕ।

ਅਰਥ: ਸ੍ਰਿਸ਼ਟੀ ਦੇ ਮਾਲਕ ਪ੍ਰਮਾਤਮਾ ਦੇ ਸਿਮਰਨ ਅਤੇ ਪ੍ਰੀਤੀ ਤੋਂ ਬਿਨਾਂ ਸਾਰੇ ਕਰਮ-ਧਰਮ ਕਿਸੇ ਲੇਖੇ ਵਿੱਚ ਨਹੀਂ ਆਉਂਦੇ, ਭਾਵ ਵਾਹਿਗੁਰੂ ਜੀ ਦੀ ਭਗਤੀ ਤੋਂ ਬਿਨਾ ਸਾਰੇ ਹੀ ਫ਼ੋਕਟ ਹਨ, ਨਿਰਾਰਥਕ ਹਨ ।

ਭਾਵ ਅਰਥ :- ਹੁਣ ਸਤਿਗੁਰੂ ਜੀ ਉਹਨਾਂ ਲੋਕਾਂ ਦੀ ਗਲ ਕਰਦੇ ਹਨ ਜਿਹੜੇ ਕਿ ਤੀਰਥ ਇਸ਼ਨਾਨ, ਦਇਆ, ਦਾਨ-ਪੁੰਨ ਆਦਿ ਸ਼ੁਭ ਕਰਮਾਂ ਨੂੰ ਹੀ ਧਰਮ ਮੰਨਦੇ ਹਨ ਅਤੇ ਕੇਵਲ ਆਪਣੇ ਆਪ ਨੂੰ ਇਨ੍ਹਾਂ ਤਕ ਹੀ ਸੀਮਤ ਰਖਦੇ ਹਨ ਪਰ ਪ੍ਰਭੂ ਪ੍ਰਾਪਤੀ ਲਈ ਇਨ੍ਹਾਂ ਦਾ ਕੋਈ ਲਾਭ ਨਹੀਂ ਹੁੰਦਾ ।

**ਸੁੱਧ ਸਿਪਾਹ ਦੁਰੰਤ ਦੁਬਾਹ**
**ਸੁ ਸਾਜਿ ਸਨਾਹ ਦੁਰਜਾਨ ਦਲੈਂਗੇ ॥**

ਪਦ ਅਰਥ : ਸੁੱਧ-ਸੋਧੇ ਹੋਏ, ਬਹਾਦਰ । ਸਿਪਾਹ-ਸਿਪਾਹੀ, ਫੌਜੀ ਦੁਰੰਤ- ਅਜਿੱਤ । ਦੁਬਾਹ-ਕਾਬੂ ਪਾਉਣ ਵਾਲੇ । ਸਾਜਿ-ਸਜਾ ਕੇ । ਸਨਾਹ



-ਸੰਜੋਅ । ਦੁਰਜਾਨ-ਵੈਰੀ, ਦੁਸ਼ਮਣ। ਦਲੈਂਗੇ-ਨਾਸ਼ ਕਰਨ ਵਾਲੇ ਹੋਣ ।

ਅਰਥ : ਚੰਗੇ ਅਜ਼ਮਾਏ ਹੋਏ ਬਹਾਦਰ ਸਿਪਾਹੀ ਘੋਰ ਯੁਧ ਉੱਤੇ ਕਾਬੂ ਪਾਉਣ ਵਾਲੇ ਹੋਣ, ਜੋ ਸੰਜੋਅ (ਲੋਹੇ ਦੀ ਪੁਸ਼ਾਕ) ਸਜਾ ਕੇ ਵੈਰੀਆਂ ਨੂੰ ਦਲ ਸੁੱਟਣ, ਦੁਸ਼ਮਣਾਂ ਦਾ ਨਾਸ਼ ਕਰਨ ਵਾਲੇ ਹੋਣ।

**ਭਾਰੀ ਗੁਮਾਨ ਭਰੇ ਮਨ ਮੈ**
**ਕਰ ਪਰਬਤ ਪੰਖ ਹਲੈ ਨ ਹਲੈਂਗੇ ॥**

ਪਦ ਅਰਥ : ਭਾਰੀ-ਬਹੁਤ, ਗੁਮਾਨ-ਹੰਕਾਰ, ਕਰਿ-ਕਰ ਕੇ । ਪਰਬਤ-ਪਹਾੜ । ਪੰਖ -ਖੰਭ, ਪਰ। ਨ ਹਲੈਂਗੇ-ਨ ਹਿਲਣ ਵਾਲੇ ।

ਅਰਥ : (ਜੋ ਆਪਣੇ) ਮਨ ਵਿੱਚ ਵੱਡੇ ਹੰਕਾਰ ਨਾਲ ਭਰੇ ਹੋਏ ਹੋਣ ਅਤੇ ਇਹ ਸਮਝਦੇ ਹੋਣ ਕਿ ਪਰਬਤ ਤਾਂ ਭਾਵੇਂ ਖੰਭ ਲਾ ਕੇ ਬੇਸ਼ਕ ਹਿੱਲ ਜਾਣ ਪ੍ਰੰਤੂ ਉਹ ਕਿਸੇ ਤਰ੍ਹਾਂ ਵੀ (ਰਣ ਭੂਮੀ ਤੋਂ ) ਪਿੱਛੇ ਨਹੀਂ ਹਿੱਲਣਗੇ।

**ਤੋਰਿ ਅਰੀਨ ਮਰੋਰਿ ਮਵਾਸਨ**
**ਮਾਤੇ ਮਤੰਗਨ ਮਾਨ ਮਲੈਂਗੇ ॥**

ਪਦ ਅਰਥ : ਤੋਰਿ-ਤੋੜਨ ਵਾਲੇ । ਅਰੀਨ-ਵੈਰੀ । ਮਰੋਰਿ-ਮਰੋੜਨ ਵਾਲੇ । ਮਵਾਸਨ -ਆਕੀ, ਬਾਗੀ । ਮਾਤੇ-ਮਸਤ ਹੋਏ । ਮਤੰਗਨ-ਹਾਥੀ । ਮਾਨ-ਹੰਕਾਰ। ਮਲੈਂਗੇ, ਚਕਨਾ ਦੂਰ ਕਰਨ ਵਾਲੇ ।

ਅਰਥ :- (ਜੋ) ਵੈਰੀਆਂ ਨੂੰ ਤੋੜਨ ਵਾਲੇ, ਆਕੀਆਂ ਨੂੰ ਮਰੋੜ ਸੁੱਟਣ ਵਾਲੇ ਅਤੇ ਮਸਤ ਹਾਥੀਆਂ ਦੇ ਹੰਕਾਰ ਨੂੰ ਮਲੀਆਮੇਟ ਕਰਨ ਵਾਲੇ ਹੋਣ।

**ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ**
**ਤਿਆਗਿ ਜਹਾਨ ਨਿਦਾਨ ਚਲੈਂਗੇ ।੫॥੨੫॥**

ਪਦ ਅਰਥ : ਸ੍ਰੀ ਪਤਿ-ਮਾਇਆ ਦੇ ਪਤੀ ।ਸ੍ਰੀ ਭਗਵਾਨ-ਵਾਹਿਗੁਰੂਜੀ। ਤਿਆਗਿ-ਛੱਡ ਜਾਣਗੇ । ਜਹਾਨ-ਸੰਸਾਰ । ਨਿਦਾਨ-ਅੰਤ ਸਮੇਂ । ਚਲੈਂਗੇ - ਤੁਰ ਜਾਣਗੇ ।

ਭਾਵ ਅਰਥ : ਮਨੁੱਖ ਆਪਣੇ ਬਲ ਦੀ ਵਡਿਆਈ ਵਿੱਚ ਮਾਨ-ਮਤਾ ਰਹਿੰਦਾ ਹੈ। ਅਜੇਹੇ ਬਲੀ ਭਾਵੇਂ ਉਹ ਕਿੱਡੇ ਹੀ ਵੱਡੇ ਜੋਧੇ ਹੋਣ, ਸ਼ਤਰੂਆਂ ਤੇ ਜਿੱਤ ਪਾਉਣ ਵਾਲੇ ਹੋਣ, ਪਰਬਤ ਵਾਂਗੂ ਅਹਿਲ ਹੋਣ, ਪਰ ਫੇਰ ਵੀ ਵਾਹਿਗੁਰੂ ਜੀ ਦੀ ਬਖਸ਼ਿਸ਼ ਪ੍ਰਾਪਤ ਕੀਤੇ ਬਿਨਾਂ ਇਸ ਸੰਸਾਰ ਨੂੰ ਛੱਡਣ ਵੇਲੇ ਖ਼ਾਲੀ ਹੱਥ ਹੀ ਚਲੇ ਜਾਣਗੇ ।

**ਬੀਰ ਅਪਾਰ ਬਡੇ ਬਰਿਆਰ**
**ਅਬਿਚਾਰਹਿ ਸਾਰ ਕੀ ਧਾਰ ਭਛੱਯਾ ॥**

ਪਦ ਅਰਥ : ਬੀਰ-ਯੋਧੇ ।ਅਪਾਰ-ਬੇਅੰਤ ।ਬਰਿਆਰ-ਬਲਵਾਨ।ਅਬਿ-ਚਾਰਹਿ-ਨਿਧੜਕ ਹੋ ਕੇ । ਸਾਰ-ਲੋਹਾ (ਭਾਵ ਸ਼ਸਤਰ) । ਧਾਰ-ਸ਼ਸਤਰ ਦਾ ਵਾਰ। ਭਛੱਯਾ -ਖਾਣ ਵਾਲੇ,- ਸਹਾਰਨ ਵਾਲੇ ।



www.sridasamgranth.com

**ਅਰਥ** : ਬੇਅੰਤ ਸੂਰਮੇ, ਵੱਡੇ ਵੱਡੇ ਬਲਵਾਨ ਹੋਣ ਜੋ ਬਿਨਾਂ ਸੋਚੇ-ਵੀਚਾਰੇ ਨਿਧੜਕ ਹੋ ਕੇ, ਸ਼ਸਤਰਾਂ ਦੀ ਮਾਰ ਖਾਣ ਵਾਲੇ ਹੋਣ।

**ਤੋਰਤ ਦੇਸ ਮਲਿੰਦ ਮਵਾਸਨ**
**ਮਾਤੇ ਗਜਾਨ ਕੇ ਮਾਨ ਮਲੱਯਾ ॥**

**ਪਦ ਅਰਥ** : ਤੋਰਤ-ਤੋੜਨ ਵਾਲੇ । ਮਲਿੰਦ-ਮਲਣ ਵਾਲੇ । ਮਵਾਸਨ-ਆਕੀ, ਬਾਗੀ । ਮਾਤੇ-ਮਸਤ ਹੋਏ । ਗਜਾਨ-ਹਾਥੀ । ਮਾਨ-ਹੰਕਾਰ । ਮਲੱਯਾ-ਮਲਣ (ਤੋੜਨ) ਵਾਲੇ ।

**ਅਰਥ** : ਕਈ ਦੇਸ਼ਾਂ ਨੂੰ ਲੈ ਕਰਨ (ਜਿੱਤਣ) ਵਾਲੇ, ਆਕੀਆਂ (ਵੈਰੀਆਂ) ਨੂੰ ਮਲ ਸੁੱਟਣ ਵਾਲੇ ਅਤੇ ਮਸਤ ਹਾਥੀਆਂ ਦੇ ਹੰਕਾਰ ਨੂੰ ਤੋੜ ਦੇਣ ਵਾਲੇ ਹੋਣ।

**ਗਾੜ੍ਹੇ ਗੜ੍ਹਾਨ ਕੋ ਤੋੜਨਹਾਰ**
**ਸੁ ਬਾਤਨ ਹੀ ਚਕ ਚਾਰ ਲਵੱਯਾ ॥**

**ਪਦ ਅਰਥ** : ਗਾੜ੍ਹੇ-ਪੱਕੇ, ਮਜ਼ਬੂਤ । ਗੜ੍ਹਾਨ-ਕਿਲ੍ਹੇ । ਬਾਤਨ ਹੀ-ਗੱਲਾਂ ਨਾਲ ਹੀ । ਚਕ ਚਾਰ-ਚੌਹਾਂ ਚੱਕਾਂ (ਸਾਰੀ ਪ੍ਰਿਥਵੀ) ਲਵੱਯਾ-ਜਿੱਤਣ ਵਾਲੇ ।

**ਅਰਥ** :- ਮਜਬੂਤ ਕਿਲਿਆਂ ਨੂੰ ਤੋੜ ਦੇਣ ਵਾਲੇ ਹੋਣ ਅਤੇ ਗੱਲਾਂ-ਬਾਤਾਂ ਨਾਲ ਹੀ ਚੌਹਾਂ ਚੱਕਾਂ (ਸਭ ਪ੍ਰਿਥਵੀ) ਨੂੰ ਜਿੱਤਣ ਵਾਲੇ ਵੀ ਹੋਣ।

**ਸਾਹਿਬ ਸ੍ਰੀ ਸਭ ਕੋ ਸਿਰਨਾਇਕ**
**ਜਾਚਕ ਅਨੇਕ ਸੁ ਏਕ ਦਿਵੱਯਾ ॥੬॥੨੬॥**

**ਪਦ ਅਰਥ** : ਸਾਹਿਬ ਸ੍ਰੀ-ਅਕਾਲ ਪੁਰਖ । ਸਿਰਨਾਇਕ-ਸਭ ਦਾ ਮਾਲਕ। ਜਾਚਕ-ਮੰਗਤੇ । ਦਿੱਵਯਾ-ਦਾਤਾ ।

**ਅਰਥ** : ਇਹ ਸਭ ਵਾਹਿਗੁਰੂ ਜੀ ਦੇ ਮੰਗਤੇ ਹਨ । ਇਨ੍ਹਾਂ ਸਭਨਾਂ ਨੂੰ ਸਾਰੀਆਂ ਦਾਤਾਂ ਦੇਣ ਵਾਲਾ ਕੇਵਲ ਇਕੋ ਇਕ ਪ੍ਰਮਾਤਮਾ ਹੀ ਹੈ ਜੋ ਸਭ ਦਾ ਮਾਲਕ ਹੈ , ਸਾਰਿਆਂ ਦੇ ਸਿਰ ਦਾ ਖ਼ਸਮ ਹੈ ।

**ਭਾਵ ਅਰਥ** : ਵੱਡੇ ਵੱਡੇ ਜੋਧੇ ਸ਼ਸਤਰਾਂ ਨਾਲ ਲੋਹਾ-ਲਾਖਾ ਲੈਣ ਵਾਲੇ ਆਪਣੇ ਬਾਗ਼ੀਆਂ ਦੁਸ਼ਮਣਾਂ ਨੂੰ ਦਲ ਸੁੱਟਣ ਵਾਲੇ ਅਤੇ ਗੱਲਾਂ ਨਾਲ ਹੀ ਪ੍ਰਿਥਵੀ ਦੇ ਚਾਰੇ ਕੂੰਟਾਂ ਨੂੰ ਸਰ ਕਰਨ ਵਾਲੇ ਹੋਣ, ਪਰ ਗੁਰੂ ਸਾਹਿਬ ਦਾ ਫੁਰਮਾਣ ਹੈ ਕਿ ਇਹ ਸਾਰੇ ਹੀ ਇਕ ਅਕਾਲ ਪੁਰਖ ਦੇ ਦਰ ਦੇ ਮੰਗਤੇ ਹਨ, ਅਤੇ ਉਹ ਦਾਤਾ ਇਨ੍ਹਾਂ ਸਭ ਜਾਚਕਾਂ ਦੀਆਂ ਮੰਗਾਂ ਪੂਰੀਆਂ ਕਰਦਾ ਹੈ ।

**ਦਾਨਵ ਦੇਵ ਫਨਿੰਦ ਨਿਸਾਚਰ**
**ਭੂਤ ਭਵਿੱਖ ਭਵਾਨ ਜਪੈਂਗੇ ॥**

**ਪਦਅਰਥ** :ਦਾਨਵ-ਦੈਂਤ । ਦੇਵ-ਦੇਵਤੇ । ਫਨਿੰਦ -(ਸ਼ੇਸ਼ਨਾਗ ਵਰਗੇ) ਵੱਡੇ ਸੱਪ । ਨਿਸਾਚਰ -ਰਾਤੀਂ ਫਿਰਨ ਵਾਲੇ ਜੀਵ । ਭੂਤ ਪਿਛਲਾ ਸਮਾਂ । ਭਵਿੱਖ -ਅਗਲਾ ਸਮਾਂ । ਭਵਾਨ-ਵਰਤਮਾਨ ਸਮਾਂ । ਜਪੈਂਗੇ- ਸਿਮਰਨ ਕਰਦੇ



ਹਨ ।

**ਅਰਥ** : ਦੈਂਤ, ਦੇਵਤੇ ਸ਼ੇਸਨਾਗ ਤੇ ਰਾਤੀਂ ਫਿਰਨ ਵਾਲੇ ਜੀਵ ਬੀਤ ਚੁਕੇ ਸਮੇਂ ਵਿੱਚ, ਭਵਿੱਖਤ ਕਾਲ ਅਤੇ ਵਰਤਮਾਨ ਸਮੇਂ ਵਿੱਚ ਇਹ ਸਾਰੇ ਹੀ ਅਕਾਲ ਪੁਰਖ ਵਾਹਿਗੁਰੂ ਜੀ ਦਾ ਸਿਮਰਨ ਕਰਦੇ ਹਨ ਅਤੇ ਕਰਦੇ ਰਹਿਣਗੇ ।

**ਜੀਵ ਜਿਤੇ ਜਲ ਮੈ ਥਲ ਮੈ**
**ਪਲ ਹੀ ਪਲ ਮੈ ਸਭ ਥਾਪ ਥਪੈਂਗੇ ॥**

**ਪਦ ਅਰਥ** : ਜਿਤੇ-ਜਿਤਨੇ। ਜਲ ਥਲ-ਸਮੁੰਦਰ ਤੇ ਧਰਤੀ । ਪਲ ਹੀ ਪਲ-ਛਿੰਨ ਭਰ ਵਿੱਚ ਹੀ । ਥਾਪ ਥਪੈਂਗੇ- ਸਿਰਜਨਾ ।

**ਅਰਥ** : ਸਾਰੀ ਸ੍ਰਿਸ਼ਟੀ ਦੇ ਜਿਤਨੇ ਵੀ ਜੀਵ ਜਲਾਂ ਵਿੱਚ, ਥਲਾਂ (ਧਰਤੀ) ਉੱਤੇ ਰਹਿਣ ਵਾਲੇ ਹਨ, ਪਲੋ ਪਲੀ ਵਿੱਚ ਸਭ ਸਿਰਜੇ ਜਾਂਦੇ ਹਨ ਅਤੇ ਬਣਾਏ ਜਾਣਗੇ ।

**ਪੁੰਨ ਪ੍ਰਤਾਪਨ ਬਾਢਿ ਜੈਤ ਧੁਨਿ**
**ਪਾਪਨ ਕੇ ਬਹੁ ਪੁੰਜ ਖਪੈਂਗੇ ॥**

**ਪਦ ਅਰਥ** : ਪੁੰਨ-ਸ਼ੁਭ ਕਰਮ । ਪ੍ਰਤਾਪਨ-ਤੇਜ, ਪਰਚੰਡ । ਬਾਢਿ-ਵਧਣਾ। ਜੈਤ ਧੁਨਿ-ਜਿੱਤ ਦੀ ਧੁਨੀ । ਬਹੁ ਪੁੰਜ-ਢੇਰਾਂ ਦੇ ਢੇਰ । ਖਪੈਂਗੇ - ਨਾਸ਼ ਹੋ ਜਾਣਗੇ ।

**ਅਰਥ** : ਸੁਭ ਕਰਮਾਂ-ਨੇਕੀਆਂ ਦੇ ਪ੍ਰਤਾਪ ਸਦਕੇ ਜਿੱਤ ਦੀ ਜੈ-ਜੈਕਾਰ ਹੋ ਰਹੀ ਹੁੰਦੀ ਹੈ ਅਤੇ ਪਾਪਾਂ ਦੇ ਵੱਡੇ ਢੇਰਾਂ ਦੇ ਢੇਰ ਨਾਸ਼ ਹੋ ਜਾਂਦੇ ਹਨ।

**ਸਾਧ ਸਮੂਹ ਪ੍ਰਸੰਨ ਫਿਰੈਂ ਜਗਿ**
**ਸਤ੍ਰ ਸਭੈ ਅਵਲੋਕ ਚਪੈਂਗੇ ॥੭॥੨੭॥**

**ਪਦ ਅਰਥ** : ਸਾਧ-ਭਗਤ ਜਨ । ਸਮੂਹ-ਸਾਰੇ । ਸਤ੍ਰ-ਵੈਰੀ । ਅਵਲੋਕ-ਵੇਖ ਕੇ, ਚਪੈਂਗੇ-ਚੱਬੇ ਜਾਣਗੇ, ਦਬੇ ਜਾਣਗੇ ।

**ਅਰਥ** : ਪਰਮਾਤਮਾ ਦਾ ਸਿਮਰਨ ਕਰਨ ਵਾਲੇ ਸਾਰੇ ਭਗਤ-ਜਨ ਸੰਸਾਰ ਵਿੱਚ ਪ੍ਰਸੰਨ ਹੋ ਕੇ ਵਿਚਰਦੇ ਹਨ ਅਤੇ ਸਾਰੇ ਵੈਰੀ ਉਨ੍ਹਾਂ ਨੂੰ ਵੇਖ ਕੇ ਉਨ੍ਹਾਂ ਅਗੇ ਝੁਕ ਜਾਂਦੇ ਹਨ ।

**ਭਾਵ ਅਰਥ** : ਪ੍ਰਮੇਸ਼ਵਰ ਖਿਨ-ਪਲ ਵਿੱਚ [illegible]ਲ ਤੇ ਥਲ ਦੇ ਜੀਵਾਂ ਦੀ ਸਿਰਜਨਾ ਕਰਦਾ ਹੈ । ਦੇਵਤੇ ਅਤੇ ਦੈਂਤ ਆਦਿ ਸਦਾ ਸਦਾ ਉਸਦੇ ਜਾਪ ਵਿਚ ਲਗੇ ਰਹਿੰਦੇ ਹਨ । ਸ਼ੁਭ ਕਰਮਾਂ ਕਰਕੇ ਪੁੰਨੀਆਂ ਦਾ ਪ੍ਰਤਾਪ ਵਧਦਾ ਹੈ ਅਤੇ ਮਾੜੇ ਕਰਮਾਂ ਕਰਕੇ ਪਾਪੀਆਂ ਦਾ ਨਾਸ਼ ਹੁੰਦਾ ਹੈ ਅਤੇ ਭਗਤ ਜਨ ਸੰਸਾਰ ਵਿੱਚ ਸਦਾ ਹੀ ਖ਼ੁਸ਼ੀ ਖ਼ੁਸ਼ੀ ਵਿਚਰਦੇ ਹਨ ।

**ਮਾਨਵ ਇੰਦ੍ਰ ਗਜਿੰਦ੍ਰ ਨਰਾਧਿਪ**
**ਜੌਨ ਤ੍ਰਿਲੋਕ ਕੋ ਰਾਜੁ ਕਰੈਂਗੇ ॥**

**ਪਦ ਅਰਥ** : ਮਾਨਵ-ਮਨੁੱਖ । ਇੰਦ੍ਰ-ਰਾਜਾ । ਗਜਿੰਦ੍ਰ-ਹਾਥੀਆਂ ਦਾ



www.sridasamgranth.com

ਰਾਜਾ । ਨਰਾਧਿਪ-ਚਕ੍ਰਵਰਤੀ ਰਾਜੇ । ਜੌਨ-ਜਿਹੜੇ । ਤ੍ਰਿਲੋਕ-ਤਿੰਨ ਲੋਕ (ਧਰਤ, ਅਕਾਸ਼, ਪਤਾਲ)

**ਅਰਥ** : ਜੇ ਕੋਈ ਮਨੁੱਖ, ਇੰਦ੍ਰ ਵਰਗੇ ਰਾਜੇ, ਵੱਡੇ ਵੱਡੇ ਹਾਥੀਆਂ ਦੇ ਮਾਲਕ ਹੋਣ ਅਤੇ ਜੋ ਸਾਰੇ ਲੋਕਾਂ ਵਿਚ ਰਾਜ ਕਰਦੇ ਹੋਣ।

**ਕੋਟ ਇਸਨਾਨ ਗਜਾਦਿਕ ਦਾਨ**
**ਅਨੇਕ ਸੁਅੰਬਰ ਸਾਜਿ ਬਰੈਂਗੇ ॥**

**ਪਦ ਅਰਥ** : ਕੋਟ-ਕ੍ਰੋੜਾ । ਗਜਾਦਿਕ-ਹਾਥੀ ਆਦਿਕ । ਸੁਅੰਬਰ-ਸ਼ਾਦੀ ਦੀ ਪੁਰਾਤਨ ਰੀਤ-ਲੜਕੀ ਨੇ ਕੋਈ ਸ਼ਰਤ ਰੱਖਕੇ ਆਪਣੇ ਲਈ ਵਰ ਚੁਣਨਾ । ਸਾਜਿ-ਰਚਾ ਕੇ । ਬਰੈਂਗੇ-ਵਿਆਹੇ ਜਾਣਗੇ ।

**ਅਰਥ** : ਕ੍ਰੋੜਾਂ ਤੀਰਥਾਂ ਦੇ ਇਸ਼ਨਾਨ, ਹਾਥੀ ਆਦਿਕ ਦਾਨ ਅਤੇ ਹੋਰ ਅਨੇਕਾਂ ਹੀ ਸੁਅੰਬਰ ਰਚਾ ਕੇ ਵਿਆਹ ਕਰਦੇ ਹੋਣ।

**ਬ੍ਰਹਮ ਮਹੇਸਰ ਬਿਸਨੁ ਸਚੀਪਤਿ**
**ਅੰਤਿ ਫਸੇ ਜਮ-ਫਾਸ ਪਰੈਂਗੇ ॥**

**ਪਦ ਅਰਥ** : ਬ੍ਰਹਮ-ਬ੍ਰਹਮਾ । ਮਹੇਸਰ-ਸ਼ਿਵ ਜੀ । ਬਿਸਨ-ਵਿਸ਼ਨੂੰ। ਸਚੀਪਤਿ-'ਸਚੀ' ਦਾ ਪਤੀ ਇੰਦ੍ਰ । ਜਮ-ਫਾਸ-ਜਮ ਦੀ ਫਾਹੀ । ਪਰੈਂਗੇ-ਪੈਣਗੇ

**ਅਰਥ** : ਪਰ ਬ੍ਰਹਮਾ, ਸ਼ਿਵ ਜੀ, ਵਿਸ਼ਨੂੰ ਅਤੇ ਇੰਦ੍ਰ ਵਰਗੇ ਵੱਡੇ ਦੇਵਤੇ ਵੀ ਅੰਤ ਨੂੰ ਜਮ ਦੀ ਫਾਹੀ ਵਿਚ ਹੀ ਪੈਂਦੇ ਹਨ ।

**ਜੇ ਨਰ ਸ੍ਰੀਪਤਿ ਕੇ ਪ੍ਰਸ ਹੈਂ ਪਗ**
**ਤੇ ਨਰ ਫੇਰ ਨ ਦੇਹ ਧਰੈਂਗੇ ॥੮॥੨੮॥**

**ਪਦ ਅਰਥ** : ਜੇ ਨਰ-ਜਿਹੜੇ ਮਨੁੱਖ । ਸ੍ਰੀਪਤਿ-ਪਰਮਾਤਮਾ । ਪ੍ਰਸ-ਪਰਸਣਾ, ਛੂਹਣਾ । ਪਗ-ਚਰਨ । ਦੇਹ-ਸਰੀਰ । ਧਰੈਂਗੇ-ਧਾਰਨ ਕਰਨਗੇ ।

**ਅਰਥ** : ਜਿਹੜੇ ਮਨੁੱਖ ਅਕਾਲ ਪੁਰਖ ਵਾਹਿਗੁਰੂ ਦੇ ਚਰਨ ਪਰਸਦੇ ਹਨ, ਭਾਵ ਸ਼ਰਨ ਆਉਂਦੇ ਹਨ, ਉਹ ਮਨੁੱਖ ਜਨਮ-ਮਰਨ ਦੇ ਚੱਕਰ ਤੋਂ ਬੱਚ ਜਾਣਗੇ ਅਤੇ ਮੁੜ ਕੇ ਸ਼ਰੀਰ ਧਾਰਨ ਨਹੀਂ ਕਰਨਗੇ ।

**ਭਾਵ ਅਰਥ** : ਜੋ ਜੀਵ ਵਾਹਿਗੁਰੂ ਜੀ ਦੇ ਚਰਨ ਪਰਸਦੇ ਹਨ ਭਾਵ ਉਸ ਦਾ ਸਿਮਰਨ ਕਰਦੇ ਹਨ, ਉਹ ਆਵਾਗਉਣ ਦੇ ਚੱਕਰ ਵਿੱਚੋਂ ਨਿਕਲ ਜਾਂਦੇ ਹਨ, ਪਰ ਹੋਰ ਭਾਵੇਂ ਕਿੱਡੇ ਵੱਡੇ ਰਾਜੇ ਵੀ ਹੋਣ, ਤਿੰਨਾ ਲੋਕਾਂ ਤੇ ਰਾਜ ਕਰਦੇ ਹੋਣ, ਹਾਥੀਆਂ ਦਾ ਦਾਨ ਕਰਨ ਅਤੇ ਕ੍ਰੋੜਾਂ ਇਸ਼ਨਾਨ ਕਰਦੇ ਫਿਰਨ, ਪ੍ਰਮੁੱਖ-ਦੇਵਤੇ ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਵਰਗੇ ਕਿਉਂ ਨ ਹੋਣ, ਵਾਹਿਗੁਰੂ ਦੇ ਚਰਨ ਪਰਸਨ ਤੋਂ ਬਿਨਾ ਜਮਾਂ ਦੀ ਫਾਹੀ ਵਿੱਚ ਹੀ ਫਸਦੇ ਸਨ ।

**ਕਹਾ ਭਯੋ ਦੋਊ ਲੋਚਨ ਮੂੰਦ ਕੈ**
**ਬੈਠਿ ਰਹਿਓ ਬਕ ਧਿਆਨ ਲਗਾਇਓ ॥**

**ਪਦਅਰਥ** :-ਕਹਾ ਭਯੋ-ਕੀ ਹੋਇਆ ? ਦੋਊ-ਦੋਵੇਂ । ਲੋਚਨ-ਅੱਖਾਂ । ਮੂੰਦ



ਕੈ-ਮੀਟ ਕੇ । ਬਕ-ਬਗਲਾ ।

**ਅਰਥ** :-ਕੀ ਲਾਭ ਹੋਇਆ (ਉਸ ਮਨੁੱਖ ਨੂੰ) ਜੋ ਦੋਵੇਂ ਅੱਖਾਂ ਮੀਟ ਕੇ ਬਗਲੇ ਵਾਂਗ ਸਮਾਧੀ ਲਾ ਕੇ ਬੈਠਾ ਰਹੇ ?

**ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨ**
**ਲੋਕ ਗਯੋ ਪਰਲੋਕ ਗਵਾਇਓ ॥**

**ਪਦਅਰਥ** :-ਨ੍ਹਾਤ-ਇਸ਼ਨਾਨ ।

**ਅਰਥ** :-(ਕੋਈ ਮਨੁੱਖ ਸਤ ਸਮੁੰਦਰਾਂ ਤਕ (ਸਾਰੇ ਤੀਰਥਾਂ ਤੇ) ਇਸ਼ਨਾਨ ਕਰਦਾ ਫਿਰਿਆ, ਉਸ ਦਾ ਇਹ ਲੋਕ ਵੀ ਨ ਸੰਵਰਿਆ ਅਤੇ ਪਰਲੋਕ ਵੀ ਗਵਾ ਲਿਆ (ਕਿਉਂਕਿ ਪ੍ਰਭੂ ਦਾ ਸਿਮਰਨ ਨਹੀਂ ਕੀਤਾ) ।

**ਬਾਸ ਕੀਓ ਬਿਖਿਆਨ ਸੋਂ ਬੈਠ ਕੈ**
**ਐਸੇ ਹੀ ਐਸ ਸੁ ਬੈਸ ਬਿਤਾਇਓ ॥੯॥੨੯॥**

**ਪਦਅਰਥ** :-ਬਾਸ-ਬਹਿਸ, ਚਰਚਾ । ਬਿਖਿਆਨ-ਵਿਸ਼ੇ ਵਿਕਾਰ । ਸੋਂ-ਨਾਲ । ਐਸੇ ਹੀ ਐਸ-ਐਂਵੇ ਹੀ, ਵਿਅਰਥ ਗਵਾ ਲਿਆ ।

**ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥**

**ਅਰਥ** :-ਮੈਂ ਸੱਚੀ (ਸਹੀ) ਗੱਲ.ਆਖਦਾ ਹਾਂ, ਐ ਸਾਰੇ ਲੋਕੋ ! ਸੁਣ ਲਓ ! ਜਿਨ੍ਹਾਂ ਨੇ ਵਾਹਿਗੁਰੂ ਜੀ ਨਾਲ ਪ੍ਰੇਮ ਕੀਤਾ ਹੈ ਉਨ੍ਹਾਂ ਨੇ ਹੀ ਪਰਮਾਤਮਾ ਨੂੰ ਪਾਇਆ ਹੈ।

**ਭਾਵ ਅਰਥ** :-ਇਸ ਸਵੱਯੇ ਵਿੱਚ ਵੀ ਗੁਰੂ ਸਾਹਿਬ ਤੀਰਥ-ਇਸ਼ਨਾਨ ਕਰਨ ਅਤੇ ਉਥੇ ਬੈਠ ਕੇ ਪ੍ਰੇਮਾ-ਭਗਤੀ ਤੋਂ ਬਿਨ੍ਹਾਂ ਬਗਲੇ ਵਾਂਗ ਸਮਾਧੀ ਲਗਾਉਣ ਦਾ ਖੰਡਨ ਕਰਦੇ ਹਨ । ਜੀਵ ਵਲੋਂ ਵਿਸ਼ਿਆਂ ਵਿਚ ਖੱਚਿਤ ਹੋ ਕੇ ਜੀਵਨ ਵਿਅਰਥ ਗਵਾਉਣ ਦਾ ਜ਼ਿਕਰ ਕਰਦੇ ਹਨ । ਦਸਮ ਪਿਤਾ ਦਾ ਇਹ ਨਿਰਦੇਸ਼ ਸਾਰੀ ਲੋਕਾਈ ਪ੍ਰਤੀ ਹੈ ਕਿ ਜਿਸ ਨੇ ਪ੍ਰੇਮ-ਸਹਿਤ ਭਗਤੀ ਕੀਤੀ ਹੈ ਉਸ ਨੇ ਹੀ ਪ੍ਰਭੂ ਨੂੰ ਪਾਇਆ ਹੈ ।

**ਕਾਹੂੰ ਲੈ ਪਾਹਨ ਪੂਜ ਧਰਯੋ ਸਿਰਿ**
**ਕਾਹੂੰ ਲੈ ਲਿੰਗੁ ਗਰੇ ਲਟਕਾਇਓ ॥**

**ਪਦਅਰਥ** :-ਕਾਹੂ-ਕਿਸੇ ਨੇ । ਪਾਹਨ-ਪੱਥਰ । ਲਿੰਗੁ-ਸ਼ਿਵਲਿੰਗ । ਗਰੇ-ਗਲੇ ਵਿੱਚ ।

**ਅਰਥ** :-ਕਿਸੇ (ਮਨੁੱਖ) ਨੇ ਪੱਥਰ (ਸਾਲਗਰਾ[illegible] [illegible] ਕੇ (ਉਸ ਨੂੰ ਠਾਕੁਰ ਜਾਣ ਕੇ) ਪੂਜਾ ਕੀਤੀ ਹੈ ਤੇ ਉਸ ਅਗੇ (ਸਤਿਕਾਰ ਵਜੋਂ ਸਿਰ ਨਿਵਾਇਆ, ਅਤੇ ਕਿਸੇ ਨੇ ਸ਼ਿਵਲਿੰਗ ਲੈ ਕੇ ਗਲੇ ਵਿੱਚ ਲਟਕਾ ਲਿਆ ।

**ਕਾਹੂੰ ਲਖਿਓ ਹਰਿ ਅਵਾਚੀ ਦਿਸਾ ਮਹਿ**
**ਕਾਹੂੰ ਪਛਾਹ ਕੋ ਸੀਸ ਨਿਵਾਇਓ ॥**

**ਪਦਅਰਥ** :-ਲਖਿਓ-ਜਾਣਿਆ । ਅਵਾਚੀ-ਦੱਖਣ ਦਿਸ਼ਾ । ਦਿਸ਼ਾ-ਪਾਸ਼ਾ ਪਛਾਹ-ਪੱਛਮ ਦਿਸ਼ਾ ।

**ਅਰਥ** :-ਕਿਸੇ (ਮਨੁੱਖ) ਨੇ ਹਰੀ ਪ੍ਰਮਾਤਮਾ ਨੂੰ ਦੱਖਣ ਦਿਸ਼ਾ ਵਿੱਚ ਜਾਣਿਆ



www.sridasamgranth.com

ਹੈ ਤੇ (ਨਮਸ਼ਕਾਰ ਕੀਤੀ), ਅਤੇ ਕਿਸੇ ਨੇ ਪੱਛਮ ਵੱਲ ਮੂੰਹ ਕਰਕੇ ਸਿਜਦਾ ਕੀਤਾ ਹੈ,

**ਕੋਊ ਬੁਤਾਨ ਕੋ ਪੂਜਤ ਹੈ ਪਸੁ**
**ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥**

**ਪਦਅਰਥ** :-ਕੋਊ-ਕੋਈ । ਪਸੁ-ਪਸ਼ੂ, ਮੂਰਖ । ਪੂਜਤ ਹੈ-ਪੂਜਦਾ ਹੈ । ਮ੍ਰਿਤਾਨ-ਮੜ੍ਹੀਆਂ । ਧਾਇਓ-ਭੱਜਾ ਫਿਰਦਾ ਹੈ ।

**ਅਰਥ** :-ਕੋਈ ਬੇਸਮਝ ਬੁੱਤਾਂ ਨੂੰ (ਰੱਬ ਸਮਝ ਕੇ) ਪੂਜਦਾ ਪਿਆ ਹੈ ਅਤੇ ਕੋਈ ਮੂਰਖ ਕਬਰਾਂ ਨੂੰ ਪੂਜਣ ਲਈ ਭੱਜਾ ਫਿਰਦਾ ਹੈ ।

**ਕੂਰ ਕ੍ਰਿਆ ਉਰਝਿਓ ਸਭ ਹੀ ਜਗੁ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੩॥੩੦॥**

**ਪਦਅਰਥ** :-ਕੂਰ ਕ੍ਰਿਆ-ਝੂਠੇ ਕੰਮ, ਕਰਮ । ਉਰਝਿਓ-ਫਸਿਆ ਹੋਇਆ।

**ਅਰਥ** :-(ਇਸ ਪ੍ਰਕਾਰ) ਸਾਰਾ ਸੰਸਾਰ ਕੂੜੀਆਂ ਕਿਰਿਆਵਾਂ (ਫੋਕਟ ਕਰਮਾਂ) ਵਿੱਚ ਫਸਿਆ ਪਿਆ ਹੈ, ਅਤੇ ਪਰਮਾਤਮਾ (ਦੇ ਮਿਲਾਪ ਦਾ) ਭੇਦ ਕਿਸੇ ਨਹੀਂ ਪਾਇਆ ।

**ਭਾਵ ਅਰਥ** :-ਅੰਤਲੇ ਸਵੱਯੇ ਨੰਬਰ ੧੦ ਵਿਚ ਕਲਗੀਧਰ ਪਿਤਾ ਮੂਰਤੀ-ਪੂਜਾ ਦੇ ਵਿਰੋਧ ਵਿਚ ਕਥਨ ਕਰਦੇ ਹਨ ਕਿ ਕੋਈ ਪੱਥਰ ਨੂੰ ਸਿਰ ਤੇ ਚੁੱਕੀ ਫਿਰਦਾ ਹੈ ਅਤੇ ਕੋਈ ਉਸ ਨੂੰ ਗਲੇ ਵਿਚ ਲਟਕਾਈ ਰੱਖਦਾ ਹੈ । ਕੋਈ ਪੱਥਰ ਦੇ ਬੁੱਤ ਅਤੇ ਮੜ੍ਹੀਆਂ ਦੀ ਪੂਜਾ ਕਰਦਾ ਹੈ । ਇਸ ਤਰ੍ਹਾਂ ਸਾਰਾ ਸੰਸਾਰ ਫੋਕਟ ਕਰਮਾਂ ਵਿੱਚ ਉਲਝਿਆ ਹੋਇਆ ਪ੍ਰਭੂ ਦੇ ਦਰਸ਼ਨ ਕਰਨ ਦਾ ਭਾਗੀ ਨਹੀਂ ਬਣ ਸਕਦਾ ।

## ਤ੍ਵਪ੍ਰਸਾਦਿ ਤੋਮਰ ਛੰਦ

**ਹਰੀ ਜਨਮ ਮਰਨ ਬਿਹੀਨ । ਦਸ ਚਾਰ ਚਾਰ ਪ੍ਰਬੀਨ ।**
**ਅਕਲੰਕ ਰੂਪ ਅਪਾਰ । ਅਨਛਿੱਜ ਤੇਜ ਉਦਾਰ ॥੩੧॥**

**ਪਦਅਰਥ** :-ਦਸ ਚਾਰ ਚਾਰ-ਅਠਾਰਾਂ ਵਿਦਿਆ, ਪ੍ਰਬੀਨ-ਗਿਆਤਾ, ਵਿਦਵਾਨ, ਅਕਲੰਕ-ਕਲੰਕ ਤੋਂ ਰਹਿਤ, ਅਨਛਿੱਜ-ਨਾਸ ਰਹਿਤ, ਉਦਾਰ-ਖੁਲ੍ਹ ਦਿਲਾ ।

**ਅਰਥ** :-ਹਰੀ ਪ੍ਰਮਾਤਮਾ ਜਨਮ ਮਰਨ ਤੋਂ ਰਹਿਤ ਹੈ, ਅਠਾਰਾਂ ਵਿਦਿਆ ਦਾ ਗਿਆਤਾ ਹੈ, ਉਸਦਾ ਰੂਪ ਕਲੰਕ ਤੋਂ ਰਹਿਤ ਹੈ ਤੇ ਉਸਦਾ ਪਾਰ ਨਹੀਂ ਪਾਇਆ ਜਾ ਸਕਦਾ, ਉਹ ਨਾਸ਼ ਨਾ ਹੋਣ ਵਾਲਾ ਹੈ, ਵੱਡੇ ਤੇਜ ਵਾਲਾ ਅਤੇ ਖੁੱਲ੍ਹ ਦਿਲਾ ਹੈ ।

**ਅਨਭਿੱਜ ਰੂਪ ਦੁਰੰਤ ਸਭ ਜਗਤ ਭਗਤ ਮਹੰਤ ।**
**ਜਸ ਤਿਲਕ ਭੂ ਭ੍ਰਿਤ ਭਾਨੁ । ਦਸ ਚਾਰ ਚਾਰ ਨਿਧਾਨ ॥੩੨॥**

**ਪਦਅਰਥ** :-ਅਨਭਿੱਜ-ਮੋਹ ਮਾਇਆ ਤੋਂ ਨਿਰਲੇਪ, ਦੁਰੰਤ-ਜਿਸਦਾ ਅੰਤ ਜਾਨਣਾ ਕਠਿਨ ਹੋਵੇ, ਮਹੰਤ-ਵੱਡਾ ਸ੍ਰੋਮਣੀ, ਤਿਲਕ-ਟਿੱਕਾ, ਭੂ-ਧਰਤੀ, ਭ੍ਰਿਤ-ਆਸਰਾ, ਭਾਨੁ-ਸੂਰਜ ।

**ਅਰਥ** :-ਉਹ ਮੋਹ ਮਾਇਆ ਤੋਂ ਨਿਰਲੇਪ ਹੈ, ਉਸਦੇ ਰੂਪ ਦਾ ਅੰਤ ਜਾਨਣਾ



ਕਠਿਨ ਹੈ, ਉਹ ਸਾਰੇ ਸੰਸਾਰ ਦੇ ਸਾਰੇ ਭਗਤਾਂ ਤੋਂ ਵੱਡਾ ਸ੍ਰੋਮਣੀ ਭਗਤ ਹੈ, ਸ਼ੋਭਾ ਦਾ ਤਿਲਕ ਹੈ, ਧਰਤੀ ਦਾ ਅਧਾਰ ਅਤੇ ਪ੍ਰਕਾਸ਼ ਹੈ । ਅਠਾਰਾਂ ਵਿਦਿਆ ਦਾ ਭੰਡਾਰ ਹੈ।

**ਅਕਲੰਕ ਰੂਪ ਅਪਾਰ । ਸਭ ਲੋਕ ਸੋਕ ਬਿਦਾਰ ।**
**ਕਲ ਕਾਲ ਕਰਮ ਬਿਹੀਨ । ਸਭ ਕਰਮ ਧਰਮ ਪ੍ਰਬੀਨ ॥੩੩॥**

**ਪਦਅਰਥ** :-ਅਕਲੰਕ-ਕਲੰਕ ਤੋਂ ਰਹਿਤ, ਬਿਦਾਰ-ਨਾਸ਼ ਕਰਨ ਵਾਲਾ, ਕਲ-ਕਲੇਸ਼ ।

**ਅਰਥ** :-ਉਸਦਾ ਰੂਪ ਕਲੰਕ ਤੋਂ ਰਹਿਤ ਹੈ ਤੇ ਉਸਦਾ ਪਾਰ ਨਹੀਂ ਪਾਇਆ ਜਾ ਸਕਦਾ । ਉਹ ਕਲ-ਕਲੇਸ਼ ਦਾ ਨਾਸ਼ ਕਰਨ ਵਾਲਾ ਤੇ ਕਰਮਾ ਦੇ ਬੰਧਨਾ ਤੋਂ ਮੁਕਤ ਹੈ । ਉਹ ਸਾਰੇ ਕਰਮਾਂ ਤੇ ਧਰਮਾਂ ਦਾ ਗਿਆਤਾ ਹੈ ।

**ਅਨਖੰਡ ਅਤੁੱਲ ਪ੍ਰਤਾਪ । ਸਭ ਥਾਪਿਓ ਜਿਹ ਥਾਪ ।**
**ਅਨਖੇਦ ਭੇਦ ਅਛੇਦ । ਮੁਖਚਾਰ ਗਾਵਤ ਬੇਦ ॥੩੪॥**

**ਪਦਅਰਥ** :-ਅਨਖੰਡ-ਨਿਰੰਤਰ, ਅਤੁੱਲ-ਤੋਲ ਰਹਿਤ, ਥਾਪ-ਰਚਨਾ, ਅਨਖੇਦ-ਦੁੱਖ ਰਹਿਤ, ਅਛੇਦ-ਛੇਦਿਆ ਨਾ ਜਾ ਸਕਣ ਵਾਲਾ, ਮੁਖ ਚਾਰ-ਬ੍ਰਹਮਾ, ਬੇਦ-ਵੇਦ ।

**ਅਰਥ** :-ਉਸਦਾ ਪ੍ਰਤਾਪ (ਜੱਸ) ਸਦਾ ਕਾਇਮ ਅਰਥਾਤ ਨਿਰੰਤਰ ਹੈ ਅਤੇ ਤੋਲਿਆ ਨਾ ਜਾ ਸਕਣ ਵਾਲਾ ਹੈ, ਸਾਰੀ ਰਚਨਾ ਉਸੇ ਦੀ ਹੀ ਕੀਤੀ ਹੋਈ ਹੈ, ਉਹ ਦੁਖਾਂ ਤੋਂ ਰਹਿਤ ਹੈ, ਉਸਦਾ ਭੇਦ ਛੇਦਿਆ ਨਹੀਂ ਜਾ ਸਕਦਾ ਭਾਵ ਉਸਦੇ ਭੇਦ ਨੂੰ ਕੋਈ ਪਾ ਨਹੀਂ ਸਕਦਾ ਜਿਸ ਦੇ ਜਸ ਨੂੰ ਚਾਰ ਮੂੰਹਾਂ ਵਾਲਾ ਬ੍ਰਹਮਾ ਚਾਰ ਵੇਦਾਂ ਰਾਹੀਂ ਗਾਉਂਦਾ ਹੈ ।

**ਜਿਹ ਨੇਤਿ ਨਿਗਮ ਕਹੰਤ । ਮੁਖ ਚਾਰ ਬਕਤ ਬਿਅੰਤ**
**ਅਨਭਿੱਜ ਅਤੁਲ ਪ੍ਰਤਾਪ । ਅਨਖੰਡ ਅਮਿਤ ਅਥਾਪ ॥੩੫॥**

**ਪਦਅਰਥ** :-ਨੇਤਿ-ਬੇਅੰਤ, ਨਿਗਮ-ਵੇਦ, ਬਕਤ-ਕਹਿੰਦਾ ਹੈ, ਅਨਭਿੱਜ-ਨਾ ਭਿਜਣ ਵਾਲਾ, ਅਤੁਲ-ਤੋਲ ਰਹਿਤ, ਪ੍ਰਤਾਪ-ਕਿਸੇ ਦਾ ਥਾਪਿਆ ਹੋਇਆ ਨਹੀਂ।

**ਅਰਥ** :-ਜਿਸਨੂੰ ਵੇਦ ਬੇਅੰਤ-ਬੇਅੰਤ ਕਹਿੰਦੇ ਹਨ, ਬ੍ਰਹਮਾ ਵੀ ਜਿਸਨੂੰ ਬੇਅੰਤ ਬੇਅੰਤ ਕਹਿੰਦਾ ਹੈ, ਉਹ ਨਾ ਭਿਜਣ ਵਾਲਾ ( ਨਿਰਲੇਪ) ਹੈ ਅਤੇ ਜਿਸਦੀ ਵਡਿਆਈ ਤੋਲ ਤੋਂ ਰਹਿਤ ਹੈ । ਉਹ ਅਟੁੱਟ, ਅੰਦਾਜੇ ਤੋਂ ਬਾਹਰ (ਬੇਅੰਤ) ਅਤੇ ਕਿਸੇ ਦਾ ਥਾਪਿਆ ਹੋਇਆ ਨਹੀਂ ਹੈ ।

**ਜਿਹ ਕੀਨ ਜਗਤ ਪਸਾਰ । ਰਚਿਓ ਬਿਚਾਰਿ ਬਿਚਾਰਿ ।**
**ਅਨੰਤ ਰੂਪ ਅਖੰਡ । ਅਤੁਲ ਪ੍ਰਤਾਪ ਪ੍ਰਚੰਡ ॥੬॥੩੬॥**

**ਪਦਅਰਥ** :-ਬਿਚਾਰਿ-ਸੋਚ ਵਿਚਾਰਕੇ, ਅਨੰਤ-ਅੰਤ ਰਹਿਤ, ਅਖੰਡ-ਅਟੁੱਟ ਪ੍ਰਚੰਡ-ਤੇਜ ਪ੍ਰਤਾਪ ਵਾਲਾ, ਅਤੁਲ-ਤੋਲ ਰਹਿਤ, ਪ੍ਰਤਾਪ-ਵਡਿਆਈ ।

**ਅਰਥ** :-ਜਿਸਨੇ ਸਾਰੇ ਜਗਤ ਦਾ ਪਾਸਾਰਾ ਕੀਤਾ ਹੈ ਅਤੇ ਰਚਨਾ ਦੇ ਪਸਾਰੇ



www.sridasamgranth.com

ਨੂੰ ਬੜਾ ਸੋਚ ਵਿਚਾਰ ਕੇ ਕੀਤਾ ਹੈ । ਉਸਦਾ ਰੂਪ ਅੰਤ ਰਹਿਤ ਅਤੇ ਅਟੁੱਟ ਹੈ, ਉਸਦਾ ਪ੍ਰਤਾਪ ਅਟੁੱਟ ਅਤੇ ਤੇਜ ਹੈ ।

**ਜਿਹ ਅੰਡ ਤੇ ਬ੍ਰਹਮੰਡ । ਕੀਨੇ ਸੁ ਚੌਦਹ ਖੰਡ ।**
**ਸਭ ਕੀਨ ਜਗਤ ਪਸਾਰ । ਅਬਿਯਕਤ ਰੂਪ ਉਦਾਰ ॥੭॥੩੭॥**

ਪਦਅਰਥ :-ਅੰਡ-ਬੀਜ ਮੂਲ, ਆਂਡਾ, ਬ੍ਰਹਮੰਡ-ਸਾਰੀ ਸ੍ਰਿਸ਼ਟੀ, ਚੌਦਹ ਖੰਡ-ਚੌਦਾਂ ਲੋਕ, ਅਬਿਯਕਤ-ਨਿਰਾਕਾਰ ।

ਅਰਥ:-ਜਿਸਨੇ ਬੀਜ ਮੂਲ ਓਅੰਕਾਰ ਤੋਂ ਸਾਰੀ ਸ੍ਰਿਸ਼ਟੀ ਬਣਾਈ, ਆਖੇ ਜਾਂਦੇ ਚੌਦਾਂ ਲੋਕ ਵੀ ਉਸਦੇ ਕੀਤੇ ਹੋਏ ਹਨ, ਸਾਰੇ ਜਗਤ ਦਾ ਪਸਾਰਾ ਉਸੇ ਦਾ ਕੀਤਾ ਹੋਇਆ ਹੈ । ਉਹ ਆਪ ਨਿਰਾਕਾਰ ਹੈ ਭਾਵ ਉਸਦਾ ਰੂਪ ਅਕਾਰ ਰਹਿਤ ਹੈ ਅਤੇ ਉਹ ਉਦਾਰ ਚਿਤ ਹੈ ।

**ਜਿਹ ਕੋਟਿ ਇੰਦ੍ਰ ਨ੍ਰਿਪਾਰ । ਕਈ ਬ੍ਰਹਮ ਬਿਸਨ ਬਿਚਾਰ ।**
**ਕਈ ਰਾਮ ਕ੍ਰਿਸ਼ਨ ਰਸੂਲ । ਬਿਨ ਭਗਤਿ ਕੋ ਨ ਕਬੂਲ ॥੮॥੩੮॥**

ਪਦਅਰਥ :-ਨ੍ਰਿਪਾਰ-ਰਾਜੇ, ਰਸੂਲ ਪੈਗੰਬਰ, ਮੁਹੰਮਦ ਆਦਿ, ਕਬੂਲ-ਪ੍ਰਵਾਨ ।

ਅਰਥ :- ਜਿਸਨੇ ਕ੍ਰੋੜਾਂ ਹੀ ਇੰਦਰ ਰਾਜੇ ਪੈਦਾ ਕੀਤੇ ਕਈ ਬ੍ਰਹਮਾਂ, ਵਿਸ਼ਨੂੰ ਜਿਸਦਾ ਵਿਚਾਰ ਕਰ ਰਹੇ ਹਨ, ਅਨੇਕਾਂ ਰਾਮ, ਕ੍ਰਿਸ਼ਨ ਅਤੇ ਪੈਗੰਬਰ (ਮੁਹੰਮਦ ਆਦਿ) ਬਣਾਏ ਪਰ ਭਗਤੀ ਤੋਂ ਬਿਨਾਂ ਕੋਈ ਵੀ ਉਸਦੇ ਦਰਬਾਰ ਵਿਚ ਕਬੂਲ ਨਹੀਂ ਪਿਆ ।

**ਕਈ ਸਿੰਧ ਬਿੰਧ ਨਗਿੰਦ੍ਰ । ਕਈ ਮੱਛ ਕੱਛ ਫਨਿਦ੍ਰ ।**
**ਕਈ ਦੇਵਿ ਆਦਿ ਕੁਮਾਰਿ । ਕਈ ਕ੍ਰਿਸ਼ਨ, ਬਿਸ਼ਨ ਅਵਤਾਰ ॥੯॥੩੯॥**

ਪਦਅਰਥ :-ਸਿੰਧ-ਸਮੁੰਦਰ, ਬਿੰਧ-ਪਰਬਤ, ਨਗਿੰਦ੍ਰ-ਵੱਡੇ ਪਰਬਤ, ਮੱਛ-ਚੌਵੀ ਅਵਤਾਰਾਂ ਵਿਚੋਂ ਇੱਕ, ਕੱਛ-ਚੌਵੀ ਅਵਤਾਰਾਂ ਵਿਚੋਂ ਇਕ ਅਵਤਾਰ, ਫਨਿਦ੍ਰ-ਸ਼ੇਸ਼ਨਾਗ, ਦੇਵਿ-ਦੇਵੀਆਂ, ਕੁਮਾਰਿ-ਬ੍ਰਹਮਾ ਦੇ ਪੁੱਤਰ ।

ਅਰਥ :-ਅਨੇਕਾਂ ਹੀ ਸਮੁੰਦਰ, ਪਹਾੜ ਅਤੇ ਵੱਡੇ ਪਰਬਤ ਉਸਦੇ ਰਚੇ ਹੋਏ ਹਨ, ਅਨੇਕਾਂ ਹੀ ਮੱਛ ਤੇ ਕੱਛ ਦੇ ਅਵਤਾਰ ਅਤੇ ਸ਼ੇਸ਼ਨਾਗ ਬਣਾਏ ਹਨ, ਅਨੇਕਾਂ ਹੀ ਦੇਵੀਆਂ ਅਤੇ ਬ੍ਰਹਮਾ ਦੇ ਪੁੱਤਰ ਆਦਿ ਰਚੇ ਹਨ ਅਤੇ ਅਨੇਕਾਂ ਹੀ ਕ੍ਰਿਸ਼ਨ ਤੇ ਵਿਸ਼ਨੂੰ ਦੇ ਅਵਤਾਰ ਪੈਦਾ ਕੀਤੇ ਹਨ ।

**ਕਈ ਇੰਦ੍ਰ ਬਾਰ-ਬੁਹਾਰ । ਕਈ ਬੇਦ ਅਉ ਮੁਖਚਾਰ ।**
**ਕਈ ਰੁੱਦ੍ਰ ਛੁੱਦ੍ਰ ਸਰੂਪ । ਕਈ ਰਾਮ ਕ੍ਰਿਸਨ ਅਨੂਪ ॥੧੦॥੪੦॥**

ਪਦਅਰਥ :-ਬਾਰ-ਬੁਹਾਰ-ਬੂਹੇ ਤੇ ਝਾੜੂ ਫੇਰਨ ਵਾਲੇ, ਰੁਦ੍ਰ-ਸ਼ਿਵਜੀ, ਛੁਦ੍ਰ-ਤੁੱਛ

ਅਰਥ :-ਕਿਤਨੇ ਹੀ ਇੰਦ੍ਰ ਉਸਦੇ ਦਰ ਤੇ ਛਾੜੂ ਫੇਰਨ ਵਾਲੇ ਹਨ, ਕਿਤਨੇ ਹੀ ਵੇਦ ਹਨ ਅਤੇ ਕਿੰਨੇ ਹੀ ਬ੍ਰਹਮਾ ਵੇਦ ਉਚਾਰਣ ਵਾਲੇ ਹਨ, ਕਿਤਨੇ ਹੀ ਤੁੱਛ ਸਰੂਪ ਵਾਲੇ ਸ਼ਿਵਜੀ ਹਨ ਕਈ ਸੁੰਦਰ ਸਰੂਪ ਵਾਲੇ ਰਾਮ ਕ੍ਰਿਸ਼ਨ ਹਨ ।



**ਕਈ ਕੋਕ ਕਾਬਿ ਭਣੰਤ । ਕਈ ਬੇਦ ਭੇਦ ਕਹੰਤ ।**
**ਕਈ ਸਾਸਤ੍ਰ ਸਿੰਮ੍ਰਿਤਿ ਬਖਾਨ । ਕਹੂੰ ਕਥਤ ਹੀ ਸੁ ਪੁਰਾਨ ॥੧੧॥੪੧॥**

ਪਦਅਰਥ :-ਭਣੰਤ-ਉਚਾਰਣਾ, ਬਖਾਨ-ਬਿਆਨ ਕਰਨਾ ।

ਅਰਥ :-ਕਿਤੇ ਕਵੀ ਰੂਪ ਹੋਕੇ ਕਾਮ ਸ਼ਾਸਤਰ ਦੇ ਉਚਾਰਣ ਵਿਚ ਲੱਗੇ ਹੋਏ ਹਨ, ਕਈ ਵੇਦਾਂ ਦੇ ਭੇਦ ਬਿਆਨ ਕਰਨ ਵਾਲੇ ਹਨ, ਕਈ ਸ਼ਾਸਤਰਾਂ ਤੇ ਸਿਮਰਤੀਆਂ ਨੂੰ ਬਿਆਨ ਕਰਨ ਵਾਲੇ ਹਨ ਅਤੇ ਅਨੇਕਾਂ ਪੁਰਾਨਾਂ ਦੀ ਹੀ ਕਥਾ ਕਰਨ ਵਾਲੇ ਹਨ।

**ਕਈ ਅਗਨ ਹੋਤ੍ਰ ਕਰੰਤ । ਕਈ ਉਰਧ ਤਾਪ ਦੁਰੰਤ ।**
**ਕਈ ਉਰਧ-ਬਾਹੁ ਸੰਨਿਆਸ । ਕਹੂੰ ਜੋਗ ਭੇਸ ਉਦਾਸ ॥੧੨॥੪੨॥**

ਪਦਅਰਥ :-ਹੋਤ੍ਰ-ਹਵਨ, ਉਰਧ-ਉਲਟਾ, ਦੁਰੰਤ ਕਠਿਨ ।

ਅਰਥ :-ਕਈ ਅਗਨੀ ਨਾਲ ਹਵਨ ਕਰਦੇ ਹਨ, ਕਈ ਪੁੱਠੇ ਲਟਕ ਕੇ ਕਠਿਨ ਤਪ ਕਰਦੇ ਹਨ, ਕਈ ਉੱਚੀਆਂ ਬਾਹਾਂ ਕਰਨ ਵਾਲੇ ਸੰਨਿਆਸੀ ਹਨ, ਕਿਤੇ ਜੋਗੀਆਂ ਅਤੇ ਉਦਾਸੀਆਂ ਵਾਲਾ ਭੇਸ ਧਾਰਨ ਕਰਨ ਵਾਲੇ ਹਨ ।

**ਕਹੂੰ ਨਿਵਲੀ ਕਰਮ ਕਰੰਤ । ਕਹੂੰ ਪਉਨ-ਅਹਾਰ ਦੁਰੰਤ ।**
**ਕਹੂੰ ਤੀਰਥ ਦਾਨ ਅਪਾਰ । ਕਹੂੰ ਜੱਗ ਕਰਮ ਉਦਾਰ ॥੧੩॥੪੩॥**

ਪਦਅਰਥ :-ਨਿਵਲੀ ਕਰਮ-ਇਕ ਪ੍ਰਕਾਰ ਦੀ ਜੋਗ ਸਾਧਨਾ, ਦੁਰੰਤ-ਕਠਿਨ ਤਪ ।

ਅਰਥ :-ਕਿਤੇ ਇਕ ਪ੍ਰਕਾਰ ਦੀ ਜੋਗ ਸਾਧਨਾ ਕਰਨ ਵਾਲੇ ਹਨ ਜਿਸ ਵਿਚ ਦੋਵੇਂ ਮੋਢੇ ਨੀਵੇਂ ਕਰਕੇ, ਪਿੱਠ ਦਾ ਵਲ ਕੱਢਕੇ ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਅੰਦਰੋਂ ਰਿੜਕਦੇ ਹਨ । ਕਿਤੇ ਪਉਨ-ਅਹਾਰੀ ਰਹਿਕੇ ਕਠਿਨ ਤਪ ਕਰਦੇ ਹਨ । ਕਈ ਤੀਰਥਾਂ ਉਤੇ ਜਾਕੇ ਬੇਅੰਤ ਦਾਨ ਕਰਨ ਵਾਲੇ ਹਨ, ਕਈ ਖੁੱਲ੍ਹੇ ਦਿਲ ਨਾਲ ਜੱਗ ਆਦਿ ਦੇ ਕਰਮ ਕਰਦੇ ਹਨ ।

**ਕਹੂੰ ਅਗਨ ਹੋਤ੍ਰ ਅਨੂਪ । ਕਹੂੰ ਨਿਆਇ ਰਾਜ ਬਿਭੂਤ ।**
**ਕਹੂੰ ਸਾਸਤ੍ਰ ਸਿਮ੍ਰਿਤ ਰੀਤਿ । ਕਹੂੰ ਬੇਦ ਸਿਉਂ ਬਿਪ੍ਰੀਤਿ ॥੧੪॥੪੪॥**

ਪਦਅਰਥ :-ਅਨੂਪ-ਅਦਭੁੱਤ, ਨਿਆਇ-ਇਨਸਾਫ, ਬਿਭੂਤ-ਜਾਇਦਾਦ, ਸ਼ਕਤੀ, ਬਿਪ੍ਰੀਤਿ-ਉਲਟ ਜਾਂ ਵਿਰੁਧ ।

ਅਰਥ :-ਕਿਤੇ ਅਦਭੁੱਤ ਅਗਨੀ ਹਵਨ ਹੋ ਰਹੇ ਹਨ । ਕਿਤੇ ਰਾਜ ਸ਼ਕਤੀ ਵਾਲਾ ਹੋਕੇ ਇਨਸਾਫ ਕੀਤਾ ਜਾ ਰਿਹਾ ਹੈ । ਕਿਤੇ ਸ਼ਾਸਤਰਾਂ ਤੇ ਸਿਮ੍ਰਤੀਆਂ ਦੀਆਂ ਰਸਮਾਂ ਹੋ ਰਹੀਆਂ ਹਨ । ਕਿਤੇ ਵੇਦਾਂ ਦੇ ਉਲਟ ਰੀਤੀ ਹੋ ਰਹੀ ਹੈ ।

**ਕਈ ਦੇਸਿ ਦੇਸਿ ਫਿਰੰਤ । ਕਈ ਏਕ ਠੌਰ ਇਸਥੰਤ ।**
**ਕਹੂੰ ਕਰਤ ਜਲ ਮਹਿ ਜਾਪ । ਕਹੂੰ ਸਹਤ ਤਨ ਪਰ ਤਾਪ ॥੧੫॥੪੫॥**

ਪਦਅਰਥ :-ਇਸਥੰਤ-ਸਥਿਰ ਹੋ ਕੇ ਬੈਠੇ ਹਨ, ਸਹਤ-ਸਹਾਰਦੇ ਹਨ, ਤਾਪ-ਤਪਸ ।

ਅਰਥ :-ਕਈ ਦੇਸ਼ ਦਿਸ਼ਾਤਰਾਂ ਵਿਚ ਫਿਰਦੇ ਹਨ, ਕਈ ਇਕ ਥਾਂ ਤੇ



www.sridasamgranth.com

ਸਥਿਰ ਹੋਕੇ ਬੈਠੇ ਹਨ। ਕਿਤੇ ਜਲ ਵਿਚ ਜਾਪ ਕਰ ਰਹੇ ਹਨ ਅਤੇ ਕਿਤੇ ਆਪਣੇ ਤਨ ਉਤੇ ਅਗਨੀ ਦੀ ਤਪਸ਼ ਜਾਂ ਸੇਕ ਸਹਾਰਦੇ ਹਨ।

**ਕਹੂੰ ਬਾਸ ਬਨਹਿ ਕਰੰਤ। ਕਹੂੰ ਤਾਪ ਤਨਹਿ ਸਹੰਤ।**

**ਕਹੂੰ ਗ੍ਰਿਹਸਤ ਧਰਮ ਅਪਾਰ। ਕਹੂੰ ਰਾਜ ਰੀਤਿ ਉਦਾਰ ॥੧੬॥੪੬॥**

**ਪਦਅਰਥ** :-ਬਾਸ-ਵਾਸਾ, ਬਨਹਿ-ਜੰਗਲ, ਤਾਪ-ਕਸ਼ਟ, ਤਨਹਿ-ਸਰੀਰ ਉਤੇ, ਸਹੰਤ-ਸਹਿੰਦੇ ਹਨ, ਉਦਾਰ-ਖੁੱਲ੍ਹ ਦਿਲਾ।

**ਅਰਥ** :-ਕਿਤੇ ਜੰਗਲਾਂ ਵਿਚ ਵਾਸਾ ਕਰ ਰਹੇ ਹੋ, ਕਿਤੇ ਸਰੀਰ ਉਤੇ ਕਸ਼ਟ ਸਹਿ ਰਹੇ ਹੋ, ਕਿਤੇ ਗ੍ਰਹਿਸਤ ਧਰਮ ਵਿਚ ਵਿਚਰ ਰਹੇ ਹੋ ਅਤੇ ਕਿਤੇ ਰਾਜਨੀਤੀ ਵਿਚ ਉਦਾਰਚਿਤ ਹੋ।

**ਕਹੂੰ ਰੋਗ ਰਹਿਤ ਅਭਰਮ ॥ ਕਹੂੰ ਕਰਮ ਕਰਤ ਅਕਰਮ ॥**

**ਕਹੂੰ ਸ਼ੇਖ ਬ੍ਰਹਮ ਸਰੂਪ ॥ ਕਹੂੰ ਨੀਤਿ ਰਾਜ ਅਨੂਪ ॥੧੭॥੪੭॥**

**ਪਦਅਰਥ** :-ਅਭਰਮ-ਭਰਮ ਤੋਂ ਰਹਿਤ, ਅਕਰਮ-ਕਰਮ ਤੋਂ ਰਹਿਤ, ਨੀਤਿਰਾਜ-ਰਾਜਨੀਤਿ, ਅਨੂਪ-ਅਨੋਖੀ, ਸੁੰਦਰ।

**ਅਰਥ** :-ਕਿਤੇ ਆਪ ਰੋਗਾਂ ਤੋਂ ਰਹਿਤ ਅਤੇ ਭਰਮਾਂ ਤੋਂ ਰਹਿਤ ਹੋ, ਕਿਤੇ ਆਪ ਕਰਮਾਂ ਦੇ ਕਰਨ ਵਾਲੇ ਹੋ ਅਤੇ ਕਿਤੇ ਕਰਮਾਂ ਤੋਂ ਰਹਿਤ ਹੋ, ਕਿਤੇ ਸੱਯਦ ਰੂਪ ਹੋ ਅਤੇ ਕਿਤੇ ਬ੍ਰਾਹਮਣ ਸਰੂਪ ਹੋ। ਕਿਤੇ ਆਪ ਰਾਜ ਦੀ ਸੁੰਦਰ ਨੀਤੀ ਅਥਵਾ ਮਰਿਆਦਾ ਵਾਲੇ ਹੋ।

**ਕਹੂੰ ਰੋਗ ਸੋਗ ਬਿਹੀਨ ॥ ਕਹੂੰ ਏਕ ਭਗਤਿ ਅਧੀਨ ॥**

**ਕਹੂੰ ਰੰਕ ਰਾਜ ਕੁਮਾਰ ॥ ਕਹੂੰ ਬੇਦ ਬਿਆਸ ਅਵਤਾਰ ॥੧੮॥੪੮॥**

**ਪਦਅਰਥ** :- ਰੋਗ-ਬਿਮਾਰੀ, ਸੋਗ-ਚਿੰਤ, ਬਿਹੀਨ-ਬਿਨਾਂ, ਅਧੀਨ-ਵੱਸ ਹੋਣਾ, ਰੰਕ-ਗਰੀਬ ਜਾਂ ਕੰਗਾਲ।

**ਅਰਥ** :-ਕਿਤੇ ਆਪ ਰੋਗਾਂ ਅਤੇ ਚਿੰਤਾਵਾਂ ਤੋਂ ਰਹਿਤ ਹੋ, ਕਿਤੇ ਆਪ ਕੇਵਲ ਭਗਤਾਂ ਦੇ ਹੀ ਵੱਸ ਵਿਚ ਹੋ, ਕਿਤੇ ਆਪ ਕੰਗਾਲ ਹੋ ਅਤੇ ਕਿਤੇ ਰਾਜਕੁਮਾਰ ਹੋ, ਕਿਤੇ ਵੇਦਾਂ ਦੀ ਰਚਨਾ ਕਰਨ ਵਾਲੇ ਬਿਆਸ ਦੇ ਅਵਤਾਰ ਹੋ।

**ਕਈ ਬ੍ਰਹਮ ਬੇਦ ਰਟੰਤ ॥ ਕਈ ਸੇਖ ਨਾਮ ਉਚਰੰਤ ॥**

**ਬੈਰਾਗਿ ਕਹੂੰ ਸੰਨਿਆਸਿ ॥ ਕਹੂੰ ਫਿਰਤ ਰੂਪ ਉਦਾਸਿ ॥੧੯॥੪੯॥**

**ਪਦਅਰਥ** :-ਬ੍ਰਹਮ-ਬ੍ਰਾਹਮਣ, ਬੇਦ-ਵੇਦ, ਰਟੰਤ-ਪੜ੍ਹਦੇ ਹਨ। ਉਚਰੰਤ-ਉਚਾਰਦੇ ਹਨ।

**ਅਰਥ** :-ਕਈ ਬ੍ਰਾਹਮਣ ਵੇਦਾਂ ਦਾ ਪਾਠ ਕਰਦੇ ਹਨ। ਕਈ ਸੱਯਦ, ਨਾਮ ਉਚਾਰਦੇ ਹਨ। ਕਿਤੇ ਬੈਰਾਗੀ ਹੈ ਅਤੇ ਕਿਤੇ ਸੰਨਿਆਸੀ ਹੈ। ਕਿਤੇ ਉਦਾਸੀ ਵਾਲਾ ਭੇਖ ਬਣਾਕੇ ਫਿਰ ਰਿਹਾ ਹੈ।

**ਸਭ ਕਰਮ ਫੋਕਟ ਜਾਨ ॥ ਸਭ ਧਰਮ ਨਿਹਫਲ ਮਾਨ ॥**

**ਬਿਨ ਏਕ ਨਾਮ ਅਧਾਰ ॥ ਸਭ ਕਰਮ ਭਰਮ ਬਿਚਾਰ ॥੨੦॥੫੧॥**



**ਪਦ ਅਰਥ** :- ਫੋਕਟ - ਫੋਕੇ, ਨਿਹਫਲ - ਵਿਅਰਥ।

**ਅਰਥ** :- ਸਭ ਪ੍ਰਕਾਰ ਦੇ ਕਰਮਾਂ ਨੂੰ ਫੋਕੇ ਜਾਣੋ, ਸਭ ਪ੍ਰਕਾਰ ਦੇ ਧਰਮਾਂ ਨੂੰ ਵਿਅਰਥ ਮੰਨੋ ਜੇਕਰ ਉਨ੍ਹਾਂ ਵਿਚ ਇਕ ਨਾਮ ਦਾ ਅਧਾਰ ਨਹੀਂ ਹੈ। ਹੋਰ ਸਾਰੇ ਕਰਮ ਭਰਮ ਰੂਪ ਸਮਝੋ।

## ਤ੍ਵਪ੍ਰਸਾਦਿ ਲਘੁ ਨਿਰਾਜ ਛੰਦ

**ਜਲੇ ਹਰੀ ॥ ਥਲੇ ਹਰੀ॥ ਉਰੇ ਹਰੀ ॥ ਬਨੇ ਹਰੀ ॥੧॥੫੨॥**

**ਪਦ ਅਰਥ** :- ਜਲੇ - ਜਲ ਵਿਚ, ਥਲੇ - ਖੁਸ਼ਕੀ ਵਿਚ, ਉਰੇ - ਹਿਰਦੇ ਵਿਚ, ਬਨੇ - ਜੰਗਲਾਂ ਵਿਚ।

**ਅਰਥ** :- ਨਿਰੰਕਾਰ ਵਾਹਿਗੁਰੂ ਜਲ ਵਿਚ ਵਿਆਪਕ ਹੈ, ਖੁਸ਼ਕੀ ਵਿਚ ਵੀ ਵਾਸਾ ਰੱਖਦਾ ਹੈ, ਹਰ ਹਿਰਦੇ ਵਿਚ ਨਿਵਾਸ ਰੱਖਦਾ ਹੈ ਅਤੇ ਜੰਗਲਾਂ ਵਿਚ ਵੀ ਉਸਦਾ ਪਾਸਾਰਾ ਹੈ।

**ਗਿਰੇ ਹਰੀ ॥ ਗੁਫੇ ਹਰੀ ॥ ਛਿਤੇ ਹਰੀ ॥ ਨਭੇ ਹਰੀ ॥੨॥੫੨॥**

**ਪਦ ਅਰਥ** :- ਗਿਰੇ - ਪਰਬਤਾਂ ਉਤੇ, ਗੁਫੇ - ਗੁਫਾਵਾਂ ਵਿਚ, ਛਿਤੇ - ਧਰਤੀ ਉਤੇ, ਨਭੇ - ਅਕਾਸ਼ ਵਿਚ।

**ਅਰਥ** :- ਨਿਰੰਕਾਰ ਵਾਹਿਗੁਰੂ ਜੀ ਦਾ ਵਾਸਾ ਪਰਬਤਾਂ ਉਤੇ, ਗੁਫਾਵਾਂ ਵਿਚ, ਧਰਤੀ ਉਤੇ ਅਤੇ ਅਕਾਸ਼ ਵਿਚ ਵੀ ਹੈ।

**ਈਹਾਂ ਹਰੀ ॥ ਊਹਾਂ ਹਰੀ ॥ ਜਿਮੀਂ ਹਰੀ ॥ ਜਮਾਂ ਹਰੀ ॥੩॥੫੩॥**

**ਪਦ ਅਰਥ** :- ਈਹਾਂ - ਮਾਤਲੋਕ, ਊਹਾਂ - ਪ੍ਰਲੋਕ, ਜ਼ਿਮੀ - ਧਰਤੀ ਉਤੇ, ਜਮਾਂ - ਅਕਾਸ਼ ਵਿਚ।

**ਅਰਥ** :- ਸ਼ਬਦਾਵਲੀ ਦੇ ਮਾਹਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਥੇ ਹੋਰ ਭਾਖਾ ਸ਼ਬਦਾਂ ਨੂੰ ਵਰਤੋਂ ਕਰਦੇ ਹੋਏ ਕਹਿੰਦੇ ਹਨ ਕਿ ਨਿਰੰਕਾਰ ਜੀ ਮਾਤ ਲੋਕ ਵਿਚ, ਪ੍ਰਲੋਕ ਵਿਚ, ਧਰਤੀ ਉੱਤੇ ਅਤੇ ਅਕਾਸ਼ ਵਿਚ ਵੀ ਹਨ।

**ਅਲੇਖ ਹਰੀ ॥ ਅਭੇਖ ਹਰੀ ॥ ਅਦੋਖ ਹਰੀ॥ ਅਦ੍ਵੈਖ ਹਰੀ ॥੪॥੫੪॥**

**ਪਦ ਅਰਥ** :- ਅਲੇਖ - ਲੇਖੇ ਤੋਂ ਰਹਿਤ, ਅਭੇਖ - ਭੇਖ ਰਹਿਤ, ਅਦੋਖ - ਦੋਖ ਰਹਿਤ, ਜਾਂ ਨਿਰਦੋਖ, ਅਦ੍ਵੈਤ - ਦ੍ਵੈਤ ਜਾਂ ਈਰਖਾ ਤੋਂ ਰਹਿਤ।

**ਅਰਥ** :- ਨਿਰੰਕਾਰ ਵਾਹਿਗੁਰੂ ਜੀ ਹਰ ਪ੍ਰਕਾਰ ਦੇ ਲੇਖੇ ਤੋਂ ਰਹਿਤ, ਭੇਖਾਂ ਤੋਂ ਬਿਨਾਂ, ਨਿਰਦੋਖ ਭਾਵਨਾ ਵਾਲੇ ਅਤੇ ਈਰਖਾ ਤੋਂ ਰਹਿਤ ਹਨ।

**ਅਕਾਲ ਹਰੀ॥ ਅਪਾਲ ਹਰੀ॥ ਅਛੇਦ ਹਰੀ॥ ਅਭੇਦ ਹਰੀ ॥੫॥੫੫॥**

**ਪਦ ਅਰਥ** :- ਅਕਾਲ - ਕਾਲ ਰਹਿਤ, ਅਪਾਲ - ਹੱਦ ਤੋਂ ਪਰੇ, ਅਛੇਦ - ਜੋ ਛੇਦਿਆ ਨਾ ਜਾ ਸਕੇ, ਅਭੇਦ- ਭੇਦ ਨਾ ਪਾਇਆ ਜਾ ਸਕਣਾ।

**ਅਰਥ** :- ਨਿਰੰਕਾਰ ਹਰੀ ਕਾਲ ਅਥਵਾ ਸਮੇਂ ਦੀ ਹੱਦ ਤੋਂ ਪਰੇ ਹੈ, ਅਪਾਰ ਅਥਵਾ ਸੀਮਾ ਤੋਂ ਪਰੇ ਹੈ, ਛੇਦਿਆ ਨਹੀਂ ਜਾ ਸਕਦਾ ਅਤੇ ਉਸਦਾ ਭੇਦ ਨਹੀਂ ਪਾਇਆ ਜਾ ਸਕਦਾ।



www.sridasamgranth.com

**ਅਜੰਤ੍ਰ ਹਰੀ॥ ਅਮੰਤ੍ਰ ਹਰੀ॥ ਸੁਤੇਜ ਹਰੀ॥ ਅਤੰਤ੍ਰ ਹਰੀ॥੬॥੫੬॥**

**ਪਦ ਅਰਥ** :- ਅਜੰਤ੍ਰ - ਜੰਤਰਾਂ ਤੋਂ ਰਹਿਤ, ਅਮੰਤ੍ਰ - ਮੰਤਰਾਂ ਤੋਂ ਰਹਿਤ, ਸੁਤੇਜ-ਤੇਜ ਪ੍ਰਤਾਪ ਵਾਲਾ, ਅਤੰਤ੍ਰ - ਤੰਤਰਾਂ ਤੋਂ ਰਹਿਤ ।

**ਅਰਥ** :- ਨਿਰੰਕਾਰ ਹਰੀ ਜੰਤਰਾਂ ਤੋਂ ਰਹਿਤ ਹੈ, ਮੰਤਰਾਂ ਤੋਂ ਰਹਿਤ ਹੈ, ਤੇਜ ਪ੍ਰਤਾਪ ਵਾਲਾ ਹੈ ਅਤੇ ਤੰਤਰਾਂ ਤੋਂ ਰਹਿਤ ਹੈ । ਅਰਥਾਤ ਨਿਰੰਕਾਰ ਪ੍ਰਕਾਸ਼ ਰੂਪ ਹੈ ਅਤੇ ਜੰਤਰਾਂ, ਮੰਤਰਾਂ ਤੇ ਤੰਤਰਾਂ ਰਾਹੀਂ ਉਸ ਤਕ ਪਹੁੰਚ ਨਹੀਂ ਕੀਤੀ ਜਾ ਸਕਦੀ।

**ਅਜਾਤਿ ਹਰੀ॥ ਅਪਾਤਿ ਹਰੀ॥ ਅਮਿੱਤ੍ਰ ਹਰੀ॥ ਅਮਾਤ ਹਰੀ ।੭।੫੭॥**

**ਪਦ ਅਰਥ** :- ਅਜਾਤਿ -ਜਾਤ ਰਹਿਤ, ਅਪਾਤਿ - ਕੁਲ ਜਾਂ ਗੋਤ ਰਹਿਤ, ਅਮਿਤ੍ਰ - ਮਿੱਤਰ ਤੋਂ ਰਹਿਤ, ਅਮਾਤ - ਮਾਤਾ ਤੋਂ ਬਿਨਾ ।

**ਅਰਥ** :- ਹਰੀ ਜਾਤ ਰਹਿਤ ਹੈ, ਕੁਲ ਜਾਂ ਗੋਤ ਰਹਿਤ ਹੈ, ਉਸਦਾ ਕੋਈ ਮਿਤਰ ਨਹੀਂ ਅਤੇ ਉਸਦੀ ਕੋਈ ਮਾਤਾ ਵੀ ਨਹੀਂ, ਸੋ ਉਹ ਜਨਮ ਮਰਨ ਰਹਿਤ ਹੈ । (ਉਸਦਾ ਕੋਈ ਮਿਤਰ ਤੇ ਵੈਰੀ ਨਹੀਂ ਅਰਥਾਤ ਉਹ ਇਕ ਰਸ ਹੈ ।)

**ਅਰੋਗ ਹਰੀ॥ ਅਸੋਗ ਹਰੀ॥ ਅਭਰਮ ਹਰੀ॥ ਅਕਰਮ ਹਰੀ ।੮।੫੮॥**

**ਪਦ ਅਰਥ** :- ਅਰੋਗ - ਰੋਗ ਰਹਿਤ, ਅਸੋਗ - ਚਿੰਤਾ ਰਹਿਤ, ਅਭਰਮ - ਭਰਮ ਰਹਿਤ, ਅਕਰਮ - ਕਰਮਾਂ ਤੋਂ ਰਹਿਤ ।

**ਅਰਥ** :- ਹਰੀ ਨਿਰੰਕਾਰ ਰੋਗਾਂ ਤੋਂ ਰਹਿਤ ਹੈ, ਚਿੰਤਾਵਾਂ ਤੋਂ ਮੁਕਤ ਹੈ, ਭਰਮਾਂ ਤੋਂ ਰਹਿਤ ਹੈ ਅਤੇ ਕਰਮਾਂ ਦੇ ਬੰਧਨਾਂ ਤੋਂ ਵੀ ਮੁਕਤ ਹੈ ।

**ਅਜੈ ਹਰੀ ॥ ਅਭੈ ਹਰੀ ॥ ਅਭੇਦ ਹਰੀ ॥ ਅਛੇਦ ਹਰੀ ।੯।੫੯॥**

**ਪਦ ਅਰਥ** :- ਅਜੈ - ਜੋ ਜਿਤਿਆ ਨ ਜਾ ਸਕੇ, ਅਭੈ - ਭੈ ਜਾਂ ਡਰ ਤੋਂ ਰਹਿਤ, ਅਭੇਦ-ਜਿਸਦਾ ਭੇਦ ਨਹੀਂ ਪਾਇਆ ਜਾ ਸਕਦਾ, ਅਛੇਦ-ਜੋ ਛੇਦਿਆ ਨ ਜਾ ਸਕੇ ।

**ਅਰਥ** :- ਹਰੀ ਨਿਰੰਕਾਰ ਅਜਿਤ ਹੈ, ਉਸਨੂੰ ਕੋਈ ਜਿੱਤ ਨਹੀਂ ਸਕਦਾ, ਉਹ ਡਰ ਤੋਂ ਰਹਿਤ ਹਨ, ਉਨਾਂ ਦਾ ਭੇਦ ਨਹੀਂ ਪਾਇਆ ਜਾ ਸਕਦਾ ਅਤੇ ਹਰੀ ਨੂੰ ਛੇਦਿਆ ਵੀ ਨਹੀਂ ਜਾ ਸਕਦਾ ।

**ਅਖੰਡ ਹਰੀ॥ ਅਭੰਡ ਹਰੀ ॥ ਅਡੰਡ ਹਰੀ ॥ ਪ੍ਰਚੰਡ ਹਰੀ ।੧੦।੬੦॥**

**ਪਦ ਅਰਥ** :- ਅਖੰਡ - ਵੰਡਿਆ ਨ ਜਾ ਸਕਣ ਵਾਲਾ ਭਾਵ ਪੂਰਨ ਸਰੂਪ, ਅਭੰਡ - ਭੰਡਿਆ ਨ ਜਾ ਸਕਣ ਵਾਲਾ, ਅਡੰਡ - ਡੰਡ ਤੋਂ ਰਹਿਤ, ਪ੍ਰਚੰਡ - ਤੇਜ਼ ਪ੍ਰਤਾਪ ਵਾਲਾ ।

**ਅਰਥ** :- ਹਰੀ ਨਿਰੰਕਾਰ ਵੰਡਿਆ ਨਾ ਜਾ ਸਕਣ ਵਾਲਾ ਅਰਥਾਤ ਪੂਰਨ ਸਰੂਪ ਹੈ ਉਸਨੂੰ ਭੰਡਿਆ ਨਹੀਂ ਜਾ ਸਕਦਾ, ਉਹ (ਕਿਸੇ ਵੀ ਪ੍ਰਕਾਰ ਦੇ) ਡੰਡ ਤੋਂ ਰਹਿਤ ਹੈ, ਉਹ ਬੜੇ ਤੇਜ ਪ੍ਰਤਾਪ ਵਾਲਾ ਹੈ ।

**ਅਤੇਵ ਹਰੀ॥ ਅਭੇਵ ਹਰੀ॥ ਅਜੇਵ ਹਰੀ ॥ ਅਛੇਵ ਹਰੀ ।੧੧।੬੧॥**

**ਪਦ ਅਰਥ** :- ਅਤੇਵ - ਬਹੁਤ ਵੱਡਾ, ਅਭੇਵ - ਭੇਦ ਰਹਿਤ, ਅਜੇਵ - ਜੇਵਣਾ ਅਰਥਾਤ ਖਾਣੇ ਤੋਂ ਬਿਨਾਂ, ਅਛੇਵ - ਅਛੇਦ ਅਰਥਾਤ ਛੇਦਿਆ ਨਾ



ਜਾ ਸਕਣ ਵਾਲਾ ।

**ਅਰਥ** :- ਹਰੀ ਨਿਰੰਕਾਰ ਬਹੁਤ ਵੱਡਾ ਹੈ, ਉਸਦਾ ਭੇਦ ਨਹੀਂ ਪਾਇਆ ਜਾ ਸਕਦਾ, ਉਹ ਆਹਾਰ ਤੋਂ ਰਹਿਤ ਹੈ, ਉਸਨੂੰ ਛੇਦਿਆ ਨਹੀਂ ਸਕਦਾ ।

**ਭਜੋ ਹਰੀ ॥ ਥਪੋ ਹਰੀ ॥ ਤਪੋ ਹਰੀ ॥ ਜਪੋ ਹਰੀ ।੧੨।੬੨॥**

**ਪਦ ਅਰਥ** :- ਭਜੋ - ਭਜਨ ਕਰਨਾ, ਥਪੋ - ਥਾਪਨਾ ਅਰਥਾਤ ਪੂਜਾ ਕਰਨੀ, ਤਪੋ - ਸੇਵਾ ਕਰਨੀ, ਜਪੋ - ਜਪ ਕਰੋ ।

**ਅਰਥ** :- ਹਰੀ ਦਾ ਭਜਨ ਕਰੋ, ਹਰੀ ਦੀ ਪੂਜਾ ਕਰੋ, ਹਰੀ ਦੀ ਸੇਵਾ ਕਰੋ ਅਤੇ ਹਰੀ ਦਾ ਹੀ ਜਾਪ ਕਰੋ ।

**ਜਲਸ ਤੂਹੀ॥ ਥਲਸ ਤੂਹੀ॥ ਨਦਿਸ ਤੂਹੀ॥ ਨਦਸ ਤੂਹੀ।੧੩॥੬੩॥**

**ਪਦ ਅਰਥ** :- ਜਲਸ - ਜਲ ਵਿਚ, ਥਲਸ - ਧਰਤੀ (ਖੁਸ਼ਕੀ) ਨਦਿਸ - ਨਦੀਆਂ, ਨਦਸ - ਦਰਿਆ ।

**ਅਰਥ** :- ਹੇ ਹਰੀ, ਜਲ ਵਿਚ ਵੀ ਤੂੰ ਹੀ ਹੈ, ਧਰਤੀ (ਖੁਸ਼ਕੀ) ਵਿਚ ਵੀ ਤੂੰ ਹੀ ਹੈਂ। ਨਦੀਆਂ ਵਿਚ ਤੂੰ ਹੀ ਵਰਤ ਰਿਹਾ ਹੈ ਅਤੇ ਦਰਿਆਵਾਂ ਵਿਚ ਵੀ ਤੇਰੀ ਸੱਤਾ ਹੈ।

**ਬ੍ਰਿਛਸ ਤੂਹੀ।।ਪਤਸ ਤੂਹੀ॥ ਛਿਤਸ ਤੂਹੀ॥ ਉਰਧਸ ਤੂਹੀ॥੧੪॥੬੪॥**

**ਪਦ ਅਰਥ** :- ਬ੍ਰਿਛਸ - ਬ੍ਰਿਛਾਂ ਵਿਚ, ਪਤਸ - ਪਤਿਆਂ ਵਿਚ, ਛਿਤਸ - ਧਰਤ ਵਿਚ, ਉਰਧਸ - ਅਕਾਸ਼ ਵਿਚ ।

**ਅਰਥ** :- ਹੇ ਹਰੀ, ਬ੍ਰਿਛਾਂ ਵਿਚ ਵੀ ਤੂੰ ਹੀ ਸਮਾਇਆ ਹੋਇਆ ਹੈਂ, ਪਤਿਆਂ ਵਿਚ ਵੀ ਤੂੰ ਹੀ ਹੈ, ਧਰਤੀ ਵਿਚ ਵੀ ਤੂੰ ਹੀ ਹੈ ਅਤੇ ਅਕਾਸ਼ ਵਿਚ ਵੀ ਤੂੰ ਹੈਂ ।

**ਭਜਸ ਤੁਅੰ॥ ਭਜਸ ਤੁਅੰ॥ ਰਟਸ ਤੁਅੰ॥ ਠਟਸ ਤੁਅੰ।੧੫॥ ੬੫॥**

**ਪਦ ਅਰਥ** :- ਭਜਸ - ਸਿਮਰਣ ਕਰਦਾ ਹਾਂ, ਰਟਸ - ਰੱਟਦਾ ਹਾਂ, ਠਟਸ - ਪੂਜਦਾ ਹਾਂ ।

**ਅਰਥ** :- ਹੇ ਨਿਰੰਕਾਰ ! ਮੈਂ ਤੈਨੂੰ ਸਿਮਰਦਾ ਹਾਂ, ਬਾਰ ਬਾਰ ਸਿਮਰਦਾ ਹਾਂ, ਤੇਰਾ ਨਾਮ ਜਪਦਾ ਹਾਂ ਅਤੇ ਤੇਰੀ ਹੀ ਪੂਜਾ ਕਰਦਾ ਹਾਂ ।

**ਜ਼ਿਮੀ ਤੂਹੀ ॥ ਜਮਾ ਤੂਹੀ ॥ ਮਕੀਂ ਤੂਹੀ ॥ ਤੂਹੀ ॥੧੬।੬੬॥**

**ਪਦ ਅਰਥ** :- ਜ਼ਿਮੀ - ਧਰਤੀ, ਜਮਾਂ - ਅਸਮਾਨ, ਮਕੀਂ - ਮਕਾਨ ਵਿਚ ਵਸਣ ਵਾਲਾ, ਮਕਾਂ - ਮਕਾਨ ।

**ਅਰਥ** :- ਹੇ ਨਿਰੰਕਾਰ, ਧਰਤੀ ਦੀ ਸੱਤਾ ਤੂੰ ਹੈਂ, ਅਕਾਸ਼ ਦਾ ਸਹਾਰਾ ਵੀ ਤੂੰ ਹੈਂ, ਮਕਾਨ ਵੀ ਤੂੰ ਹੈਂ ਅਤੇ ਮਕਾਨ ਵਿਚ ਵੱਸਣ ਵਾਲਾ ਵੀ ਤੂੰ ਹੀ ਹੈਂ।

**ਅਭੂ ਤੂਹੀ ॥ ਅਭੈ ਤੂਹੀ ॥ ਅਛੂ ਤੂਹੀ ॥ ਅਛੈ ਤੂਹੀ ।੧੭।੬੭॥**

**ਪਦ ਅਰਥ** :- ਅਭੂ - ਤੱਤ ਰਹਿਤ, ਅਭੈ -ਡਰ ਤੋਂ ਰਹਿਤ, ਅਛੂ-ਛੁਹ ਤੋਂ ਪਰੇ, ਅਛੈ - ਨਾਸ ਨਾ ਹੋਣ ਵਾਲਾ ।



www.sridasamgranth.com

**ਅਰਥ** :- ਹੇ ਨਿਰੰਕਾਰ ! ਤੂੰ ਤੱਤ ਰਹਿਤ ਹੈ, ਡਰ ਤੋਂ ਰਹਿਤ ਹੈ, ਤੂੰ ਸਪਰਸ਼ ਤੋਂ ਪਰੇ ਹੈਂ ਅਤੇ ਨਾਸ ਨਾ ਹੋਣ ਵਾਲਾ ਹੈਂ ।

**ਜਤਸ ਤੁਹੀ॥ ਬ੍ਰਤਸ ਤੁਹੀ॥ ਗਤਸ ਤੁਹੀ ॥ਮਤਸ ਤੁਹੀ ।੧੮।੬੮।**

**ਪਦ ਅਰਥ** :- ਜਤਸ - ਇੰਦਰੀਆਂ ਵਸ ਕਰਨ ਦਾ ਉਪਾਉ, ਬ੍ਰਤਸ - ਕਿਸੇ ਕਰਮ ਦੇ ਨਾ ਕਰਨ ਦਾ ਪ੍ਰਣ, ਗਤਸ - ਮੁਕਤੀ ਦੇਣ ਵਾਲਾ, ਮਤਸ - ਧਰਮਾਂ ਵਾਲਾ।

**ਅਰਥ** :- ਹੇ ਨਿਰੰਕਾਰ ਜੀ ! ਤੂੰ ਹੀ ਇੰਦਰੀਆਂ ਨੂੰ ਵੱਸ ਕਰਨ ਦਾ ਉਪਾਉ ਹੈ, ਕਿਸੇ ਕਰਮ ਦੇ ਨਾ ਕਰਨ ਦਾ ਪ੍ਰਣ ਵੀ ਤੂੰ ਹੈਂ, ਤੂੰ ਹੀ ਮੁਕਤੀ ਦੇਣ ਵਾਲਾ ਹੈ ਅਤੇ ਧਰਮਾਂ ਵਾਲਾ ਹੈ ।

**ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥੧੯।੬੯।**
**ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥੨੦।੭੦।**

**ਅਰਥ** : ਸਭ ਕੁੱਝ ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ । ਤੂੰ ਹੀ ਤੂੰ ਹੈਂ ।

**ਤ੍ਵਪ੍ਰਸਾਦਿ ॥ ਕਬਿੱਤ**

**ਖੂਕ ਮਲਹਾਰੀ, ਗਜ ਗਦਹਾ ਬਿਭੂਤ ਧਾਰੀ,**
**ਗਿਦੂਆ ਮਸਾਨ ਬਾਸ ਕਰਿਓਈ ਕਰਤ ਹੈ ॥**
**ਘੁਘੂ ਮਟ ਬਾਸੀ, ਲਗੇ ਡੋਲਤ ਉਦਾਸੀ ਮ੍ਰਿਗ**
**ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈ ॥**
**ਬਿੰਦ ਕੇ ਸਧੱਯਾ ਤਾਹਿ ਹੀਜ ਕੀ ਬਡੱਯਾ ਦੇਤ,**
**ਬੰਦਰਾ ਸਦੀਵ ਪਾਂਇ ਨਾਂਗੇ ਈ ਫਿਰਤ ਹੈ**
**ਅੰਗਨਾ ਅਧੀਨ, ਕਾਮ ਕ੍ਰੋਧ ਮੈ ਪ੍ਰਬੀਨ**
**ਏਕ ਗਿਆਨ ਕੇ ਬਿਹੀਨ, ਛੀਨ ਕੈਸੇ ਕੈ ਤਰਤ ਹੈ ॥੧॥੭੧॥**

**ਪਦਅਰਥ** :-ਖੂਕ-ਸੂਰ, ਮਲਹਾਰੀ-ਗੰਦਗੀ ਖਾਣ ਵਾਲਾ, ਗਜ-ਹਾਥੀ, ਬਿਭੂਤ-ਸੁਆਹ ਮਲਣ ਵਾਲੇ, ਗਿਦੂਆ-ਬਿਜੂ, ਮਸਾਨ-ਮਸਾਣਘਾਟ, ਘੁਘੂ-ਉਲੂ, ਮਟ-ਮਠ, ਮ੍ਰਿਗ-ਹਿਰਨ, ਤਰਵਰ-ਦਰੱਖਤ, ਬਿੰਦ-ਬੀਰਜ, ਸਧੱਯਾ-ਸਾਧਣ ਵਾਲੇ, ਹੀਜ-ਹੀਜੜੇ, ਬੰਦਰਾ-ਬਾਂਦਰ, ਅੰਗਨਾ-ਇਸਤ੍ਰੀ, ਪ੍ਰਬੀਨ-ਚਤੁਰ

**ਅਰਥ** :-(ਜੇ ਗੰਦੇ ਰਹਿਣ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਹੋਵੇ ਤਾਂ) ਸੂਰ ਗੰਦਗੀ ਖਾਣ ਵਾਲਾ, ਹਾਥੀ ਅਤੇ ਖੋਤਾ ਸੁਆਹ ਧਾਰਨ ਕਰਨ ਵਾਲੇ ਹਨ, (ਜੋ ਮਸਾਣ ਤੇ ਰਹਿਣ ਨਾਲ ਮਿਲੇ ਤਾਂ) ਬਿਜੂ ਸਦਾ ਮਸਾਣਾਂ ਵਿਚ ਹੀ ਵਾਸਾ ਕਰਦੇ ਹਨ, (ਜੋ ਉਦਾਸੀ ਹੋਇਆਂ ਮਿਲੇ ਤਾਂ) ਉੱਲੂ ਮੱਠਾਂ ਵਿਚ ਵਸਦੇ ਹਨ, ਹਿਰਨ ਉਦਾਸੀ ਵਿਚ ਡੋਲਦੇ ਫਿਰਦੇ ਹਨ, (ਜੋ ਚੁਪ ਸਾਧਿਆਂ ਮਿਲੇ ਤਾਂ) ਦਰਖ਼ਤ ਸਦਾ ਚੁਪ ਧਾਰੇ ਹੀ ਨਾਸ ਹੋ ਜਾਂਦੇ ਹਨ । (ਜੋ ਬਿੰਦ ਰੋਕਿਆਂ ਮਿਲੇ ਤਾਂ) ਬੀਰਜ ਦੇ ਸਾਧਣ ਵਾਲੇ ਹੀਜੜਿਆਂ



ਨੂੰ ਵਡਿਆਈ ਦੇਣੀ ਚਾਹੀਦੀ ਹੈ, (ਜੇ ਨੰਗੇ ਫਿਰਿਆਂ ਮਿਲੇ ਤਾਂ) ਬੰਦਰ ਸਦਾ ਪੈਰੋਂ ਨੰਗੇ ਹੀ ਫਿਰਦੇ ਹਨ । (ਜਿਹੜੇ ਪੁਰਸ਼) ਇਸਤ੍ਰੀ ਦੇ ਅਧੀਨ ਅਤੇ ਕਾਮ ਕਰੋਧ ਵਿਚ ਭਰਪੂਰ ਹਨ, (ਉਹ) ਇਕ ਗਿਆਨ ਤੋਂ ਸਖਣੇ ਕਿਵੇਂ (ਭਵਜਲ ਤੋਂ) ਤਰ ਸਕਦੇ ਹਨ? (ਭਾਵ ਨਹੀਂ ਤਰ ਸਕਦੇ) ।

**ਭੂਤ ਬਨਚਾਰੀ, ਛਿਤ ਛਉਨਾ ਸਭੈ ਦੁਧਾਧਾਰੀ ।**
**ਪਉਨ ਕੇ ਅਹਾਰੀ ਸੁ ਭੁਜੰਗ ਜਾਨੀਅਤੁ ਹੈ ।**
**ਤ੍ਰਿਨ ਕੇ ਭਛੱਯਾ, ਧਨ ਲੋਭ ਕੇ ਤਜੱਯਾ,**
**ਤੇ ਤੋ ਗਊਅਨ ਕੇ ਜੱਯਾ ਬ੍ਰਿਖ-ਭਯਾ ਮਾਨੀਅਤੁ ਹੈਂ ।**
**ਨਭ ਕੇ ਉਡੱਯਾ, ਤਾਹਿ ਪੰਛੀ ਕੀ ਬਡੱਯਾ ਦੇਤ,**
**ਬਗੁਲਾ, ਬਿੜਾਲ, ਬ੍ਰਿਕ ਧਿਆਨੀ ਠਾਨੀਅਤੁ ਹੈਂ ।**
**ਜੇਤੇ ਬਡੇ ਗਿਆਨੀ, ਤਿਨੋ ਜਾਨੀ ਪੈ ਬਖਾਨੀ ਨਾਹਿ,**
**ਐਸੇ ਨ ਪ੍ਰਪੰਚ ਮਨਿ ਭੂਲਿ ਆਨੀਅਤੁ ਹੈ ॥੨॥੭੨॥**

**ਪਦਅਰਥ** :-ਭੂਤ ਬਨਚਾਰੀ-ਜੰਗਲਾਂ ਵਿਚ ਫਿਰਨ ਵਾਲੇ ਭੂਤ ਦੈਂਤ ਆਦਿ, ਛਿਤ ਛਉਨਾ-ਮਨੁੱਖ ਅਤੇ ਪਸ਼ੂਆਂ ਦੇ ਛੋਟੇ ਬੱਚੇ, ਭੁਜੰਗ-ਸੱਪ, ਤ੍ਰਿਣ ਭਛੱਯਾ-ਘਾਹ ਖਾਣ ਵਾਲੇ, ਗਊਅਨ ਜੱਯਾ, ਗਊ ਆਂ ਦੇ ਜਾਏ, ਬ੍ਰਿਖ-ਭਯਾ-ਬਲਦ, ਨਭ-ਆਕਾਸ਼, ਬਡੱਯਾ-ਵਡਿਆਈ, ਬਿੜਾਲ-ਬਿੱਲਾ, ਬ੍ਰਿਕ-ਬਘਿਆੜ, ਠਾਨੀਅਤ-ਖਿਆਲ ਕੀਤੇ ਜਾਂਦੇ ਹਨ, ਪ੍ਰਪੰਚ-ਪਾਖੰਡ (ਦਿਖਾਵੇ ਮਾਤਰ ਧਰਮ ਕਰਮ)

**ਅਰਥ** :-ਬਨ ਵਿਚ ਫਿਰਨ ਵਾਲੇ ਭੂਤਨੇ ਅਖਵਾਉਂਦੇ ਹਨ, ਛੋਟੇ ਬਾਲਕ ਸਾਰੇ ਦੁਧਾਧਾਰੀ ਹੁੰਦੇ ਹਨ ਹਵਾ ਦਾ ਅਹਾਰ ਕਰਨ ਵਾਲਾ ਸੱਪ ਜਾਣਿਆ ਜਾਂਦਾ ਹੈ । ਜੇਕਰ ਬਨ ਵਿਚ ਇਕਾਂਤ ਵਾਸ ਕੀਤਿਆਂ, ਕੇਵਲ ਦੁੱਧ ਨੂੰ ਆਹਾਰ ਕਰਨਾ ਤੇ ਅੰਨ ਦਾ ਤਿਆਗ ਕਰਨਾ ਅਤੇ ਪਊਣ ਆਹਾਰੀ ਹੋ ਜਾਣ ਨਾਲ ਰੱਬ ਮਿਲਦਾ ਹੁੰਦਾ ਤਾਂ ਇਨ੍ਹਾਂ ਭੂਤਾਂ ਨੂੰ, ਛੋਟੇ ਬੱਚਿਆਂ ਨੂੰ ਅਤੇ ਸੱਪਾਂ ਨੂੰ ਮਿਲ ਜਾਂਦਾ । ਘਾਹ ਫੂਸ ਖਾਣ ਵਾਲਿਆਂ, ਧਨ ਦਾ ਲੋਭ ਤਿਆਗਣ ਵਾਲਿਆਂ ਨੂੰ ਗਊਆਂ ਦੇ ਜਾਏ ਬਲਦ ਹੀ ਜਾਣਿਆ ਜਾ ਸਕਦਾ ਹੈ । ਰਿਧੀਆਂ ਸਿਧੀਆਂ ਨਾਲ ਅਕਾਸ਼ ਵਿਚ ਉਡਣ ਵਾਲਿਆਂ ਨੂੰ ਕੇਵਲ ਪੰਛੀਆਂ ਦੀ ਉਪਮਾ ਹੀ ਦਿਤੀ ਜਾ ਸਕਦੀ ਹੈ । ਧਿਆਨ ਲਗਾਉਣ ਵਾਲਿਆਂ ਨੂੰ ਬਗੁਲਾ, ਬਿਲਾ ਅਤੇ ਬਘਿਆੜ ਹੀ ਖਿਆਲ ਕੀਤਾ ਜਾ ਸਕਦਾ ਹੈ । ਜਿਨੇ ਵੱਡੇ ਵੱਡੇ ਗਿਆਨਵਾਨ ਪੁਰਸ਼ ਹਨ ਜੇਕਰ ਉਨਾਂ [illegible]ਪਾਤਮਾ ਨੂੰ ਸਮਝਿਆ ਵੀ ਹੈ ਤਾਂ ਉਹ ਉਸਦਾ ਵਰਨਣ ਨਹੀਂ ਕਰ ਸਕਦੇ । ਸਤਿਗੁਰੂ ਜੀ ਸਿੱਖ ਨੂੰ ਚੁਕੰਨਾ ਕਰਦੇ ਹਨ ਕਿ ਇਹੋ ਜਹੇ ਦਿਖਾਵੇ ਵਾਲੇ ਧਰਮ ਕਰਮ ਭੁਲ ਕੇ ਵੀ ਨਹੀਂ ਸੋਚਣੇ ਚਾਹੀਦੇ ।

**ਭੂਮਿ ਕੇ ਬਸੱਯਾ, ਤਾਹਿ ਭੂਚਰੀ ਕੈ ਜੱਯਾ ਕਹੈ,**
**ਨਭ ਕੇ ਉਡੱਯਾ, ਸੋ ਚਿਰੱਯਾ ਕੈ ਬਖਾਨੀਐ ॥**
**ਫਲ ਕੇ ਭਛੱਯਾ, ਤਾਹਿ ਬਾਂਦਰੀ ਕੇ ਜੱਯਾ ਕਹੈਂ,**
**ਆਦਿਸ ਫਿਰੱਯਾ, ਤੇ ਤੋ ਭੂਤ ਕੈ ਪਛਾਨੀਐ ॥**
**ਜਲ ਕੇ ਤਰੱਯਾ ਕੋ, ਗੰਗੇਰੀ ਸੀ ਕਹਤ ਜਗ,**



www.sridasamgranth.com

ਆਗ ਕੇ ਭਛੱਯਾ, ਸੋ ਚਕੋਰ ਸਮ ਮਾਨੀਐ ॥
ਸੂਰਜ ਸਿਵੱਯਾ ਤਾਹਿ ਕਉਲ ਕੀ ਬਡੱਯਾ ਦੇਤ,
ਚੰਦ੍ਰਮਾ ਸਿਵੱਯਾ ਕੋ, ਕਵੀ ਕੈ ਪਹਿਚਾਨੀਐ ॥੩॥੭੩॥

ਪਦਅਰਥ :-ਭੁਚਰੀ-ਮਿੱਟੀ ਖਾਣ ਵਾਲੀ ਸਿਉਂਕ, ਚਿਰੱਯਾ-ਚਿੜੀਆਂ, ਆਦਿਸ-ਲੁਕ ਛਿਪ ਕੇ ਫਿਰਨ ਵਾਲੇ, ਗੰਗੋਰੀ-ਜਲ ਜੁਲਾਹਾ, ਚਕੋਰ-ਇਕ ਪੰਛੀ, ਸਿਵੱਯਾ-ਸੇਵਾ-ਪੂਜਾ ਕਰਨ ਵਾਲੇ, ਕਉਲ-ਕੰਵਲ ਫੁੱਲ, ਕਵੀ-ਭੰਬੂਲ ਫੁੱਲ ਜੋ ਰਾਤੀਂ ਖਿੜਦਾ ਹੈ ।

ਅਰਥ :-ਭੂਮੀ ਦੇ ਵਿਚ ਵਾਸ ਕਰਨ ਵਾਲਿਆਂ ਨੂੰ ਸਿਉਂਕ ਦੇ ਬੱਚੇ ਆਖਣਾ ਯੋਗ ਹੈ । ਆਕਾਸ਼ ਵਿਚ ਉੱਡਣ ਵਾਲਿਆਂ ਨੂੰ ਕਿਉਂ ਨਾ ਚਿੜੀਆਂ ਆਖੀਏ । ਫਲ ਖਾਣ ਵਾਲਿਆਂ ਨੂੰ ਬਾਂਦਰੀਆਂ ਦੇ ਬੱਚੇ ਸਮਝੀਏ । ਲੁੱਕ ਛਿਪ ਕੇ ਫਿਰਨ ਵਾਲਿਆਂ ਨੂੰ ਭੂਤ ਕਰਕੇ ਜਾਣੀਏ । ਜਲ ਵਿਚ ਤਰਨ ਵਾਲਿਆਂ ਨੂੰ ਸੰਸਾਰ ਜਲ ਜੁਲਾਹਾ (ਮੱਕੜੀ) ਮੰਨਦਾ ਹੈ । ਜੋ ਅੱਗ ਖਾਣ ਵਾਲੇ ਹਨ, ਉਨ੍ਹਾਂ ਨੂੰ ਚਕੋਰ ਦੇ ਸਮਾਨ ਮੰਨੀਏ । ਸੂਰਜ ਦੇ ਉਪਾਸ਼ਕਾਂ ਨੂੰ ਕੰਵਲ-ਫੁੱਲ ਨਾਲ ਤੁਲਨਾ ਦੇਈਏ ਅਤੇ ਚੰਦ੍ਰਮਾ ਦੇ ਪੂਜਕਾਂ ਨੂੰ ਭੰਬੂਲ ਫੁੱਲ ਜੋ ਰਾਤੀਂ ਖਿੜਦਾ ਹੈ, ਕਰਕੇ ਪਹਿਚਾਨੀਏ ।

ਨਾਰਾਇਣ ਕੱਛ ਮੱਛ, ਤੇਂਦੂਆ ਕਹਤ ਸਭ,
ਕਉਲਨਾਭਿ ਕਉਲ ਜਿਹ ਤਾਲ ਮੈ ਰਹਤੁ ਹੈਂ ॥
ਗੋਪੀਨਾਥ-ਗੂਜਰ, ਗੋਪਾਲ ਸਭੈ ਧੇਨਚਾਰੀ,
ਰਿਖੀਕੇਸ ਨਾਮ ਕੈ, ਮਹੰਤ ਲਹੀਅਤ ਹੈਂ ॥
ਮਾਧਵ ਭਵਰ ਔ ਅਟੇਰੂ ਕੋ ਕਨੱਯਾ ਨਾਮ,
ਕੰਸ ਕੋ ਬਧੱਯਾ, ਜਮਦੂਤ ਕਹੀਅਤੁ ਹੈਂ ॥
ਮੂੜ੍ਹ ਰੂੜ੍ਹਿ ਪੀਟਤ, ਨ ਗੂੜ੍ਹਤਾ ਕੋ ਭੇਦ ਪਾਵੈਂ,
ਪੂਜਤ ਨ ਤਾਹਿ, ਜਾ ਕੇ ਰਾਖੇ ਰਹੀਅਤੁ ਹੈਂ ॥੪॥੭੪॥

ਪਦਅਰਥ :-ਨਾਰਾਇਣ-ਜਲ ਜੀਵ, ਕਉਲਨਾਭਿ-ਵਿਸ਼ਨੂ ਭਗਵਾਨ, ਤਾਲ-ਤਲਾਬ, ਗੋਪੀ ਨਾਥ-ਗੁਆਲਣਾਂ ਦੇ ਪਤੀ ਗੁੱਜਰ, ਗੋਪਾਲ-ਗੁਆਲੇ, ਧੇਨਚਾਰੀ-ਗਊਆਂ ਚਾਰਨ ਵਾਲੇ, ਰਿਖੀਕੇਸ-ਰਿਸ਼ੀਆਂ ਦੇ ਵੱਡੇ ਰਿਸ਼ੀ, ਮਾਧਵ-ਭੌਰਾ, ਅਟੇਰੂ-ਲੰਬੀਆਂ ਲੱਤਾਂ ਵਾਲੀ ਮੱਕੜੀ, ਕਨੱਯਾ-ਕ੍ਰਿਸ਼ਨ, ਬਧੱਯਾ-ਮਾਰਨ ਵਾਲਾ, ਮੂੜ੍ਹ-ਮੂਰਖ, ਰੂੜ੍ਹਿ-ਰਿਵਾਜੀ ਨਾਮ, ਗੂੜ੍ਹਤਾ-ਡੂੰਘਾ ਭੇਦ,

ਅਰਥ :-ਨਾਰਾਇਣ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ਨਾਰ+ਆਯਣ, ਜਿਸਦਾ ਅਰਥ ਹੈ ਜਲ ਜੀਵ, ਜੇ ਅਸੀਂ ਐਸੇ ਨਾਰਾਇਣ ਨੂੰ ਅਕਾਲ ਪੁਰਖ ਮੰਨ ਲਈਏ ਤਾਂ ਜਲ ਵਿਚ ਰਹਿਣ ਵਾਲੇ ਕੱਛ, ਮੱਛ, ਤੰਦੂਆ ਆਦਿ ਸਾਰੇ ਜੀਵ ਨਾਰਾਇਣ ਕਹੇ ਜਾਣਗੇ । ਜੇ ਵਾਹਿਗੁਰੂ ਦਾ ਨਾਮ ਕਉਲ-ਨਾਭਿ (ਵਿਸ਼ਨੂ) ਮੰਨ ਲਈਏ ਤਾਂ ਜਿਸ ਤਲਾਅ ਵਿਚ ਕੌਲ (ਕਮਲ) ਉਗਿਆ ਹੋਇਆ ਹੈ, ਉਸ ਤਲਾ ਦਾ ਨਾਮ ਭੀ ਫਿਰ ਕਉਲ-ਨਾਭਿ ਕਿਹਾ ਜਾਵੇਗਾ । ਗੁਆਲਣਾਂ ਦੇ ਪਤੀ ਗੁਜਰ ਹਨ ਅਤੇ ਗੁਆਲੇ ਸਾਰੇ ਗਊਆਂ ਚਾਰਨ ਵਾਲੇ ਹਨ। ਸੋ ਜੇਕਰ ਅਕਾਲ ਪੁਰਖ ਨੂੰ ਗੋਪੀ ਨਾਥ ਤੇ ਗੁਪਾਲ ਕਹੀਏ ਤਾਂ ਉਪਰੋਕਤ ਗੁਆਲੇ ਤੇ ਗੁਜਰ ਭੀ ਗੋਪੀਨਾਥ ਤੇ ਗੁਪਾਲ ਕਹੇ ਜਾਣਗੇ। ਰਿਖੀਕੇਸ਼ ਤਾਂ ਰਿਖੀਆਂ ਦੇ ਵੱਡੇ



ਰਿਖੀ ਜਿਸਨੂੰ ਮਹੰਤ ਕਹਿੰਦੇ ਹਨ, ਦਾ ਨਾਮ ਹੈ, ਅਕਾਲ ਪੁਰਖ ਨੂੰ ਰਿਖੀਕੇਸ਼ ਨਹੀਂ ਕਿਹਾ ਜਾ ਸਕਦਾ । ਮਾਧਵ ਭੌਰੇ ਨੂੰ ਆਖਦੇ ਹਨ ਅਤੇ ਕਨਈਆ ਅਟੇਰੂ ਨੂੰ ਆਖਦੇ ਹਨ। ਕੰਸ ਨੂੰ ਮਾਰਨ ਵਾਲੇ ਨੂੰ ਜਮਦੂਤ ਕਿਹਾ ਜਾਂਦਾ ਹੈ । ਸੋ ਮਾਧਵ ਤੇ ਕਨ੍ਹਈਆਂ ਅਕਾਲ ਪੁਰਖ ਦੇ ਨਾਂ ਨਹੀਂ ਰੱਖੇ ਜਾ ਸਕਦੇ । ਅਕਾਲ ਪੁਰਖ ਦੇ ਅਜਿਹੇ ਰਿਵਾਜੀ ਨਾਮਦੇਣ ਵਾਲੇ ਮੂਰਖ ਹਨ ਜੋ ਫਜ਼ੂਲ ਮਗਜ਼ ਖਪਾਈ ਕਰਦੇ ਹਨ ਅਤੇ ਉਨ੍ਹਾਂ ਨੂੰ ਅਕਾਲ ਪੁਰਖ ਦੇ ਡੂੰਘੇ ਭੇਦ ਦਾ ਰਹੱਸ ਨਹੀਂ ਪਤਾ ਲੱਗ ਸਕਿਆ । ਅਜਿਹੇ ਲੋਕ ਇਕ ਅਕਾਲ ਪੁਰਖ ਜਿਸਦੇ ਰੱਖੇ ਹੋਏ ਰਹਿੰਦੇ ਹਨ, ਨਹੀਂ ਪੂਜਦੇ ।

ਬਿਸ੍ਵਪਾਲ ਜਗਤਕਾਲ, ਦੀਨ ਦਿਆਲ ਬੈਰੀ ਸਾਲ ;
ਸਦਾ ਪ੍ਰਤਿਪਾਲ, ਜਮ ਜਾਲ ਤੇ ਰਹਤੁ ਹੈਂ ।
ਜੋਗੀ ਜਟਾਧਾਰੀ, ਸਤੀ ਸਾਰੇ ਬਡੇ ਬ੍ਰਹਮਚਾਰੀ
ਧਿਆਨ ਕਾਜ ਭੂਖ, ਪਿਆਸ ਦੇਹ ਪੈ ਸਹਤ ਹੈਂ ।
ਨਿਉਲੀ ਕਰਮ ਜਲ ਹੋਮ, ਪਾਵਕ ਪਵਨ ਹੋਮ,
ਅਧੋ-ਮੁਖ ਏਕ ਪਾਇ ਠਾਢੇ ਨ ਬਹਤ ਹੈਂ ।
ਮਾਨਵ ਫਨਿੰਦ ਦੇਵ, ਦਾਨਵ ਨ ਪਾਵੈਂ ਭੇਦ,
ਬੇਦ ਔ ਕਤੇਬ ਨੇਤਿ ਨੇਤਿ ਕੈ ਕਹਤ ਹੈਂ ॥੫॥੭੫॥

ਪਦਅਰਥ :-ਬਿਸ੍ਵਪਾਲ-ਸੰਸਾਰ ਨੂੰ ਪਾਲਣਹਾਰਾ, ਬੈਰੀ ਸਾਲ-ਵੈਰੀਆਂ ਨੂੰ ਕਸ਼ਟ ਦੇਣ ਵਾਲਾ, ਜਮਜਾਲ-ਜਮ ਦੀ ਫਾਹੀ, ਪਾਵਕ-ਅਗਨੀ, ਅਧੋ-ਮੁੱਖ-ਮੂੰਧੇ ਮੂੰਹ ਅਰਥਾਤ ਪੁੱਠੇ ਲਟਕ ਕੇ, ਏਕ ਪਾਇ ਠਾਢੇ-ਇਕ ਪੈਰ ਉੱਤੇ ਖਲੋਤੇ ਹੋਏ, ਬਹਤ-ਬੈਠਨਾ, ਫਨਿੰਦ-ਸ਼ੇਸ਼ਨਾਗ ।

ਅਰਥ :-ਪ੍ਰਭੂ ਸੰਸਾਰ ਨੂੰ ਪਾਲਣਵਾਲਾ ਤੇ ਨਾਸ਼ ਕਰਨ ਵਾਲਾ ਹੈ । ਗਰੀਬਾਂ ਤੇ ਦਇਆ ਕਰਨ ਵਾਲਾ ਅਤੇ ਵੈਰੀਆਂ ਨੂੰ ਕਸ਼ਟ ਦੇਣ ਵਾਲਾ ਹੈ । ਉਹ ਸਦਾ ਸਾਰਿਆਂ ਦੀ ਪ੍ਰਤਿਪਾਲਣਾ ਕਰਦਾ ਹੈ ਅਤੇ ਜਮ੍ਹਾਂ ਦੀ ਫਾਹੀ ਤੋਂ ਮੁਕਤ ਹੈ । ਜੋਗੀ, ਜਟਾਧਾਰੀ, ਸਤੀ ਅਤੇ ਵੱਡੇ ਬ੍ਰਹਮਚਾਰੀ ਸਾਰੇ ਉਸਦੇ ਦਰਸ਼ਨਾ ਦੀ ਖਾਤਰ ਸਰੀਰ ਤੇ ਭੁੱਖ ਅਤੇ ਪਿਆਸ ਦਾ ਕਸ਼ਟ ਸਹਿੰਦੇ ਹਨ ਅਤੇ ਕਈ ਨਿਉਲੀ ਕਰਮ, ਜਲ ਹੋਮ, ਅੱਗ ਤੇ ਪਾਣੀ ਹੋਮ ਕਰਦੇ ਹਨ, ਪੁੱਠੇ ਲਟਕ ਕੇ, ਇਕ ਪੈਰ ਉਤੇ ਖਲੋਤੇ ਰਹਿੰਦੇ ਹਨ, ਬੈਠਦੇ ਨਹੀਂ । ਮਨੁੱਖ, ਸ਼ੇਸ਼ਨਾਗ ਦੇਵਤੇ ਅਤੇ ਦਾਨਵ ਜਾਂ ਰਾਕਸ਼ ਵੀ ਉਸਦਾ ਭੇਦ ਨਹੀਂ ਪਾ ਸਕਦੇ । ਵੇਦ-ਕਤੇਬ ਆਦਿ ਧਾਰਮਿਕ ਪੁਸਤਕਾਂ ਵੀ ਉਸਨੂੰ ਬੇਅੰਤ ਬੇਅੰਤ ਆਖ[illegible] ।

ਨਾਚਤ ਫਿਰਤ ਮੋਰ ਬਾਦਰ ਕਰਤ ਘੋਰ ।
ਦਾਮਿਨੀ ਅਨੇਕ ਭਾਉ ਕਰਿਓ ਈ ਕਰਤ ਹੈਂ ।
ਚੰਦ੍ਰਮਾ ਤੇ ਸੀਤਲ ਨ ਸੂਰਜ ਤੇ ਤਪਤ ਤੇਜ,
ਇੰਦ੍ ਸੌ ਨ ਰਾਜਾ ਭਵ ਭੂਮਿ ਕੋ ਕਰਤ ਹੈਂ ।
ਸ਼ਿਵ ਸੇ ਤਪੱਸੀ ਆਦਿ ਬ੍ਰਹਮਾ ਸੇ ਨ ਬੇਦਚਾਰੀ,
ਸਨਤ ਕੁਮਾਰ ਸੀ ਤਪੱਸਿਆ ਨ ਅਨਤ ਹੈਂ ।
ਗਿਆਨ ਕੇ ਬਿਹੀਨ ਕਾਲ ਫਾਸ ਕੇ ਅਧੀਨ,
ਸਦਾ ਜੁੰਗਨ ਕੀ ਚਉਕਰੀ ਫਿਰਾਏ ਈ ਫਿਰਤ ਹੈਂ ।੭੬।।



www.sridasamgranth.com

**ਪਦ ਅਰਥ** :-ਬਾਦਰ = ਬੱਦਲ, ਦਾਮਿਨੀ=ਬਿਜਲੀ, ਭਾਉ=ਹਾਵ-ਭਾਵ, ਕਰਿਓਈ=ਨਾਚ ਨੱਖਰੇ, ਭਵ=ਸੰਸਾਰ, ਭੂਮਿ=ਧਰਤੀ, ਬੇਦਚਾਰੀ=ਵੇਦਾਂ ਦੇ ਉਚਾਰਣ, ਸਨਤ ਕੁਮਾਰ=ਬ੍ਰਹਮਾ ਦੇ ਪੁੱਤਰ, ਅਨਤ=ਹੋਰ ਕਿਸੇ ਦੀ ਨਹੀਂ, ਜੁੱਗਨ=ਜੁੱਗ ਚਉਕਰੀ=ਚਾਰ ।

**ਅਰਥ** :- ਜਦੋਂ ਬੱਦਲ ਗਰਜਦੇ ਹਨ ਉਦੋਂ ਮੋਰ ਨਚਦੇ ਹਨ ਤੇ ਬਿਜਲੀ ਅਨੇਕ ਪ੍ਰਕਾਰ ਦੇ ਹਾਵ-ਭਾਵ ਤੇ ਨਾਚ ਨੱਖਰੇ ਕਰਕੇ ਲਿਸ਼ਕਾਰੇ ਮਾਰਦੀ ਹੈ । ਚੰਦਰਮਾ ਜਿਹਾ ਸੀਤਲ ਅਤੇ ਸੂਰਜ ਵਰਗੀ ਤੇਜ ਤਪਸ਼ ਨਹੀਂ, ਇੰਦਰ ਵਰਗਾ ਕੋਈ ਰਾਜਾ ਨਹੀਂ ਜੋ ਸੰਸਾਰ ਦੀ ਧਰਤੀ ਨੂੰ ਬਾਰਸ਼ ਪਾ ਕੇ ਪਾਣੀ ਨਾਲ ਭਰਪੂਰ ਕਰ ਦੇਂਦਾ ਹੈ । ਸ਼ਿਵਜੀ ਵਰਗਾ ਕੋਈ ਪਹਿਲਾ ਤਪੱਸਵੀ ਨਹੀਂ ਹੋਇਆ, ਬ੍ਰਹਮਾ ਵਰਗਾ ਕੋਈ ਵੇਦਾਂ ਦਾ ਉਚਾਰਣ ਵਾਲਾ ਨਹੀਂ ਹੈ, ਬ੍ਰਹਮਾ ਦੇ ਪੁੱਤਰ ਸਨਤ ਕੁਮਾਰ ਵਰਗਾ ਕੋਈ ਹੋਰ ਤਪੱਸਵੀ ਨਹੀਂ ਹੈ । ਗਿਆਨ ਤੋਂ ਹੀਣ ਪੁਰਸ਼ ਸਦਾ ਕਾਲ ਦੀ ਫਾਹੀ ਦੇ ਅਧੀਨ ਅਰਥਾਤ ਆਵਾਗਉਣ ਵਿਚ ਰਹਿੰਦੇ ਹਨ ਅਤੇ ਚਾਰ ਜੁੱਗਾਂ ਦੀ ਚੌਕੜੀ ਵਿਚ ਫਿਰਾਏ ਹੋਏ ਫਿਰਦੇ ਰਹਿੰਦੇ ਹਨ ।

**ਏਕ ਸਿਵ ਭਏ ਏਕ ਗਏ ਏਕ ਫੇਰ ਭਏ ।**
**ਰਾਮ ਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈਂ ।**
**ਬ੍ਰਹਮਾ ਅਰੁ ਬਿਸਨੁ ਕੇਤੇ ਬੇਦ ਔ ਪੁਰਾਨ ਕੇਤੇ**
**ਸਿੰਮ੍ਰਿਤ ਸਮੂਹਨ ਕੇ ਹੁਇ ਹੁਇ ਬਿਤਏ ਹੈਂ ।**
**ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ**
**ਅੰਸਾ ਅਵਤਾਰ ਕੇਤੇ ਕਾਲ ਬਸਿ ਭਏ ਹੈਂ ।**
**ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ**
**ਭੂਮਿ ਹੀ ਤੇ ਹੁਇ ਕੈ ਫੇਰਿ ਭੂਮਿ ਹੀ ਮਿਲਏ ਹੈਂ ।।੭੭।।**

**ਪਦ ਅਰਥ** :- ਮੋਨਦੀ=ਧਰਮ ਦੀ ਰੱਖਿਆ ਕਰਨ ਵਾਲੇ, ਮਦਾਰ=ਸੈਨਾਪਤੀ, ਅਸੁਨੀ ਕੁਮਾਰ=ਸੂਰਜ ਦੇ ਜੋੜੇ ਪੁੱਤ੍ਰ ਜੋ ਦੇਵਤਿਆਂ ਦੇ ਵੈਦ ਮੰਨੇ ਜਾਂਦੇ ਹਨ। ਅੰਸਾ ਅਵਤਾਰ=ਦੇਵਤਿਆਂ ਦੀ ਕੁੱਝ ਕਲਾ ਲੈ ਕੇ ਪ੍ਰਗਟੇ ਅਵਤਾਰ ਜਿਵੇਂ ਬਿਆਸ, ਬਾਲਮੀਕ ਤੇ ਕਾਲਿਦਾਸ ਆਦਿ । ਪੀਰ=ਮਜ਼ਹਬੀ ਆਗੂ, ਪੈਕੰਬਰ=ਰੱਬ ਦਾ ਸੁਨੇਹਾ ਲੋਕਾਂ ਤਕ ਪਹੁੰਚਾਣ ਵਾਲੇ ਨਬੀ ।

**ਅਰਥ** :- ਅਕਾਲ ਪੁਰਖ ਦੇ ਪੈਦਾ ਕੀਤੇ ਹੋਏ ਇਕ ਸ਼ਿਵਜੀ ਹੋਏ ਸਨ, ਫਿਰ ਉਹ ਚਲੇ ਗਏ, ਉਪਰੰਤ ਇਕ ਹੋਰ ਸ਼ਿਵਜੀ ਹੋਏ । ਇਸੇ ਤਰ੍ਹਾਂ ਰਾਮ ਚੰਦ੍ਰ ਤੇ ਕ੍ਰਿਸ਼ਨ ਜੀ ਦੇ ਅਵਤਾਰ ਭੀ ਅਨੇਕਾਂ ਹੋਏ ਹਨ । ਬ੍ਰਹਮਾ ਅਤੇ ਵਿਸ਼ਨੂ ਭੀ ਅਨੇਕਾਂ ਹੀ ਹੋ ਕੇ ਬੀਤ ਗਏ ਹਨ । ਵੇਦ ਅਤੇ ਪੁਰਾਨ ਵੀ ਅਨੇਕ ਹੋਏ ਹਨ । ਸਮੂੰਹ ਸਿਮ੍ਰਤੀਆਂ ਅਤੇ ਉਨਾਂ ਦੇ ਕਰਤੇ ਭੀ ਹੋ ਹੋ ਕੇ ਚਲੇ ਗਏ ਹਨ । ਧਰਮ ਦੀ ਰੱਖਿਆ ਕਰਨ ਵਾਲੇ ਤੇ ਸੈਨਾਪਤੀ ਬਹੁਤ ਸਾਰੇ ਹੋਏ ਹਨ ਅਤੇ ਅਸ਼ਵਨੀ ਕੁਮਾਰ (ਸੂਰਜ ਦੇ ਪੁੱਤਰ) ਵੀ ਬਹੁਤ ਹੋਏ ਹਨ । ਅਵਤਾਰਾਂ ਦੀਆਂ ਕਈ ਅੰਸ਼ਾਂ ਹੋਈਆਂ ਹਨ ਜੋ ਕਾਲਵੱਸ ਹੁੰਦੀਆਂ ਰਹੀਆਂ । ਕਿੰਨੇ ਹੀ ਮਜ਼ਹਬੀ ਆਗੂ ਤੇ ਨਬੀ ਹੋਏ ਹਨ ਜਿਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ । ਉਹ ਧਰਤੀ ਤੇ ਪੈਦਾ ਹੋ ਕੇ



ਫਿਰ ਆਖਰ ਨੂੰ ਧਰਤੀ ਵਿਚ ਹੀ ਮਿਲ ਗਏ ਹਨ ।

**ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ**
**ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈਂ ।**
**ਬਡੇ ਬਡੇ ਰਾਜਨ ਕੇ ਦਾਬਤਿ ਫਿਰਤਿ ਦੇਸ**
**ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤੁ ਹੈਂ ।**
**ਮਾਨ ਸੇ ਮਹੀਪ ਅਉ ਦਿਲੀਪ ਕੈਸੇ ਛੱਤ੍ਰਧਾਰੀ**
**ਬਡੋ ਅਭਿਮਾਨ ਭੁਜਦੰਡ ਕੋ ਕਰਤ ਹੈਂ ।**
**ਦਾਰਾ ਸੇ ਦਲੀਸਤ ਦੁਰਜੋਧਨ ਸੇ ਮਾਨ ਧਾਰੀ,**
**ਭੋਗਿ ਭੋਗਿ ਭੂਮਿ ਅੰਤਿ ਭੂਮਿ ਮੈਂ ਮਿਲਤ ਹੈ ।।੭੮।।**

**ਪਦਅਰਥ**:-ਛਤ੍ਰਧਾਰੀ=ਜਿਸਦੇ ਸਿਰ ਤੇ ਛਤ੍ਰ ਝੁਲੇ (ਬਾਦਸ਼ਾਹ), ਦਾਬਤਿ=ਦਬਾਈ ਰੱਖਣਾ ਜਾਂ ਕਬਜਾ ਕਰਨਾ, ਦ੍ਰਪ=ਹੰਕਾਰ,ਦਲਤੁ=ਮਲੀਆਮੇਟ, ਮਾਨ=ਸੂਰਜ ਵੰਸ਼ੀ ਰਾਜਾ ਮਾਨਧਾਤਾ, ਮਹੀਪ=ਬਾਦਸ਼ਾਹ, ਦਿਲੀਪ=ਮਾਨਧਾਤਾ ਤੋਂ ਪਿਛੋਂ ਬਣਿਆ ਭਾਰਤ ਦਾ ਰਾਜਾ ਜਿਸਨੇ ਦਿੱਲੀ ਸ਼ਹਿਰ ਵਸਾਇਆ ਸੀ । ਭੁਜਦੰਡ=ਬਾਹੂ ਬਲ, ਦਾਰਾ=ਈਰਾਨ ਦੀ ਸੈਨਾ ਦਾ ਸੈਨਾਪਤੀ, ਦਲੀਸਤ=ਦਲਾਂ ਦਾ ਮਾਲਕ ਅਰਥਾਤ ਸੈਨਾਪਤੀ, ਦੁਰਜੋਧਨ=ਧ੍ਰਿਤਰਾਸ਼ਟਰ (ਪਾਂਡਵ) ਦਾ ਵੱਡਾ ਪੁੱਤਰ , ਮਾਨਧਾਰੀ=ਹੰਕਾਰੀ ।

**ਅਰਥ** :- ਅਨੇਕਾਂ ਜੋਗੀ, ਜਤੀ, ਬ੍ਰਹਮਚਾਰੀ ਅਤੇ ਵੱਡੇ ਵੱਡੇ ਛਤ੍ਰ ਝੁਲਾਉਣ ਵਾਲੇ ਬਾਦਸ਼ਾਹ ਹੋਏ ਹਨ ਜਿਨ੍ਹਾਂ ਦੇ ਚਲਦਿਆਂ ਕਈ ਕੋਹਾਂ ਤਕ ਉਨ੍ਹਾਂ ਉਪਰ ਛੱਤਰ ਦੀ ਛਾਇਆ ਕਰਕੇ ਚਲਦੇ ਸਨ । ਅਨੇਕਾਂ ਵੱਡੇ ਵੱਡੇ ਰਾਜੇ ਹੋਏ ਹਨ ਜਿਨ੍ਹਾਂ ਨੇ ਦੂਜੇ ਰਾਜਿਆਂ ਦੇ ਦੇਸ਼ਾਂ ਤੇ ਕਬਜੇ ਜਮਾਏ ਹੋਏ ਸਨ ਅਤੇ ਕਈ ਵੱਡੇ ਵੱਡੇ ਅਜਿਹੇ ਰਾਜੇ ਹੋਏ ਹਨ ਜੋ ਦੂਜੇ ਰਾਜਿਆਂ ਦੇ ਹੰਕਾਰ ਦਾ ਮਲੀਆਮੇਟ ਕਰ ਦਿੰਦੇ ਸਨ। ਸੂਰਜਵੰਸ਼ੀ ਰਾਜਾ ਮਾਨਧਾਤਾ ਵਰਗੇ ਹੋਏ ਹਨ ਅਤੇ ਉਸ ਪਿਛੋਂ ਦਲੀਪ ਵਰਗੇ ਛਤ੍ਰਧਾਰੀ ਰਾਜਾ ਭੀ ਹੋਏ ਸਨ ਜਿਹੜੇ ਕਿ ਆਪਣੇ ਬਾਹੂ ਬਲ ਉਤੇ ਬੜੇ ਮਾਨ ਕਰਦੇ ਸਨ । ਦਾਰਾ ਵਰਗੇ ਈਰਾਨ ਦੀ ਸੈਨਾ ਦੇ ਸੈਨਾਪਤੀ, ਦੁਰਜੋਧਨ ਵਰਗੇ ਹੰਕਾਰੀ ਧਰਤੀ ਦੇ ਭੋਗਾਂ ਨੂੰ ਭੋਗ ਕੇ ਅੰਤ ਨੂੰ ਧਰਤੀ ਵਿਚ ਹੀ ਮਿਲ ਜਾਂਦੇ ਹਨ ।

**ਸਿਜਦੇ ਕਰੇ ਅਨੇਕ ਤੋਪਚੀ ਕਪਟ ਭੇਸ**
**ਪੋਸਤੀ ਅਨੇਕ ਦਾ ਨਿਵਾਵਤ ਹੈਂ ਸੀਸ ਕੋ**
**ਕਹਾ ਭਇਓ ਮੱਲ ਜੌ ਪੈ ਕਾਢਤ ਅਨੇਕ ਡੰਡ,**
**ਸੋ ਤੌ ਨ ਡੰਡੌਤ ਅਸਟਾਂਗ ਅਥਿਤੀਸ ਕੌਂ ।**
**ਕਹਾ ਭਇਓ ਰੋਗੀ ਜੋ ਪੈ ਡਾਰਯੋ ਰਹਯੋ ਉਰਧੁ ਮੁਖਿ**
**ਮਨ ਤੇ ਨ ਮੂੰਡ ਨਿਹੁਰਾਯੋ ਆਦਿ ਈਸ ਕੌਂ ।**
**ਕਾਮਨਾ ਅਧੀਨ ਸਦਾ ਦਾਮਨਾ ਪ੍ਰਬੀਨ**
**ਏਕ ਭਾਵਨਾ ਬਿਹੀਨ ਕੈਸੇ ਪਾਵੈ ਜਗਦੀਸ਼ ਕੋ ।।੭੯।।**

**ਪਦ ਅਰਥ** :- ਸਿਜਦੇ = ਸੀਸ ਨਿਵਾਉਣਾ, ਤੋਪਚੀ=ਤੋਪ ਚਲਾਉਣ



www.sridasamgranth.com

ਵਾਲਾ, ਕਪਟ= ਧੋਖੇ ਨਾਲ, ਅਨੇਕ ਦਾ= ਕਈ ਪਾਸਿਆਂ ਨੂੰ, ਮੱਲ = ਪਹਿਲਵਾਨ, ਜੌਂ= ਜੇਕਰ, ਡੰਡੋਤ = ਨਮਸਕਾਰ, ਅਸਟਾਂਗ = ਅੱਠਾਂ ਅੰਗਾਂ ਨਾਲ, ਅਬਿਤੀਸ = ਵਾਹਿਗੁਰੂ, ਕਹਾ= ਕੀ ਹੋਇਆ, ਉਰਧੁ ਮੁਖਿ= ਮੂਧੇ ਮੂੰਹ, ਮੂੰਡ= ਸਿਰ, ਨਿਹੁਰਾਯੋ =ਨਿਵਾਇਆ ਜਾਂ ਝੁਕਾਇਆ, ਈਸ = ਪਰਮਾਤਮਾ, ਕਾਮਨਾ= ਇੱਛਾ ਜਾਂ ਖਾਹਸ਼, ਦਾਮਨਾ= ਠੱਗੀ, ਪ੍ਰਬੀਨ= ਚਤੁਰ, ਭਾਵਨਾ= ਸ਼ਰਧਾ, ਜਗਦੀਸ਼= ਵਾਹਿਗੁਰੂ ।

**ਅਰਥ** :- ਅਨੇਕਾਂ ਹੀ ਤੋਪ ਚਲਾਉਣ ਵਾਲੇ, ਤੋਪਚੀ ਦੇ ਭੇਸ ਵਿਚ ਪਲੀਤਾ ਦਾਗਣ ਸਮੇਂ ਅਨੇਕਾਂ ਵਾਰ ਝੁੱਕ ਕੇ ਸਲਾਮਾਂ ਕਰਦੇ ਹਨ, ਅਫੀਮੀ ਲੋਕ ਕਈ ਪਾਸਿਆਂ ਨੂੰ ਸੀਸ ਝੁਕਾਉਂਦੇ ਹਨ, ਕੀ ਹੋਇਆ ਜੇ ਪਹਿਲਵਾਨ ਅਖਾੜੇ ਵਿਚ ਅਨੇਕਾਂ ਡੰਡ ਕੱਢਦਾ ਹੈ ਅਤੇ ਆਪਣੇ ਅੱਠਾਂ ਅੰਗਾ ਸਮੇਤ ਡੰਡੋਤ ਵੀ ਕਰ ਲੈਂਦਾ ਹੈ ਪਰ ਉਸਦੀ ਇਹ ਕਿਰਿਆ ਵਾਹਿਗੁਰੂ ਅੱਗੇ ਨਮਸਕਾਰ ਤਾਂ ਨਹੀਂ । ਕੀ ਹੋਇਆ ਜੇ ਇਕ ਬੀਮਾਰ ਪਿਆ ਬੰਦਾ ਮੂੰਧੇ ਮੂੰਹ ਕਰਕੇ ਪਿਆ ਰਹੇ ਤਾਂ ਉਸਦੀ ਮਨ ਦੁਆਰਾ ਪਰਮਾਤਮਾ ਨੂੰ ਕੀਤੀ ਹੋਈ ਨਮਸਕਾਰ ਤਾਂ ਨਹੀਂ ਮੰਨੀ ਜਾ ਸਕਦੀ। ਕਿਸੇ ਇੱਛਾ ਦੇ ਵੱਸ ਹੋਕੇ ਸਦਾ ਇਨ੍ਹਾਂ ਦੇ ਫੰਦੇ ਵਿਚ ਫਸਣ ਦੀ ਪ੍ਰਬੀਨਤਾ ਹੈ । ਇਸ ਲਈ ਇਕ ਵਾਹਿਗੁਰੂ ਤੇ ਸ਼ਰਧਾ ਭਾਵਨੀ ਰੱਖੇ ਬਿਨਾਂ ਕਿਵੇਂ ਜਗਦੀਸ ਨੂੰ ਪਾਇਆ ਜਾ ਸਕਦਾ ਹੈ ।

**ਸੀਸ ਪਟਕਤ ਜਾ ਕੇ ਕਾਨ ਮੈ ਖਜੂਰਾ ਧਸੈ**
**ਮੂੰਡ ਛਟਕਤ ਮਿਤ੍ਰ ਪੁੱਤ੍ਰ ਹੂੰ ਕੇ ਸੋਕ ਸੋਂ ।**
**ਆਕ ਕੋ ਚਰੱਯਾ ਫਲ ਫੂਲ ਕੋ ਭਛੱਯਾ**
**ਸਦਾ ਬਨ ਕੋ ਭ੍ਰਮੱਯਾ ਅਉਰ ਦੂਸਰੋ ਨ ਬੋਕ ਸੋਂ ।**
**ਕਹਾ ਭਯੋ ਭੇਡ ਜਉ ਘਸਤ ਸੀਸ ਬ੍ਰਿਛਨ ਸੋਂ**
**ਮਾਟੀ ਕੇ ਭਛੱਯਾ ਬੋਲ ਪੂਛ ਲੀਜੈ ਜੋਕ ਸੋਂ ।**
**ਕਾਮਨਾ ਅਧੀਨ ਕਾਮ ਕ੍ਰੋਧ ਮੈਂ ਪ੍ਰਬੀਨ**
**ਏਕ ਭਾਵਨਾ ਬਿਹੀਨ ਕੈਸੇ ਭੇਟੈ ਪਰਲੋਕ ਸੋਂ ।।੯੦।।**

**ਪਦ ਅਰਥ** :- ਖਜੂਰਾ = ਕੰਨ ਖਜੂਰਾ, ਪਟਕਤ = ਸਿਰ ਪਟਕਾਉਣਾ, ਛਟਕਤ = ਪਿੱਟਣਾ, ਸੋਕ = ਅਫਸੋਸ, ਚਰਯਾ = ਚਰਨ ਵਾਲੇ, ਭਛੱਯਾ = ਖਾਣ ਵਾਲੇ, ਭ੍ਰਮੱਯਾ = ਫਿਰਨ ਵਾਲੇ, ਬੋਕ = ਬਕਰਾ, ਬੋਲ = ਬਾਤਚੀਤ, ਜੋਕ = ਲਹੂ ਚੂਸਣ ਵਾਲਾ ।

**ਅਰਥ** :- ਜਿਸਦੇ ਕੰਨ ਵਿਚ ਕੰਨ ਖਜੂਰਾ ਵੜ ਜਾਵੇ, ਉਹ ਧਰਤੀ ਤੇ ਸਿਰ ਨੂੰ ਪਟਕਾਉਂਦਾ ਹੈ । ਜਿਸਦਾ ਮਿਤਰ ਜਾਂ ਪੁੱਤਰ ਮਰ ਜਾਵੇ, ਉਹ ਆਪਣੇ ਮੱਥੇ ਨੂੰ ਗਮ ਵਿਚ ਪਿਟਦਾ ਹੈ, ਅੱਕ ਨੂੰ ਚਰਨ ਵਾਲੇ, ਫਲ-ਫੁੱਲ ਖਾਣ ਵਾਲੇ ਅਤੇ ਜੰਗਲਾਂ ਵਿਚ ਫਿਰਨ ਵਾਲੇ ਬੱਕਰੇ ਹੀ ਹਨ ਹੋਰ ਦੂਜਾ ਨਹੀਂ । ਕੀ ਹੋਇਆ ਜੇ ਭੇਡ ਹਮੇਸ਼ਾਂ ਹੀ ਆਪਣੇ ਸਿਰ ਨੂੰ ਬ੍ਰਿਛਾਂ ਨਾਲ ਘਸਾਉਂਦੀ ਰਹਿੰਦੀ ਹੈ । ਮਿੱਟੀ ਦੇ ਖਾਣ ਵਾਲੇ ਜੋਕ ਨੂੰ ਪੁੱਛਣ ਜਿਹੜੀ ਸਦਾ ਮਿੱਟੀ ਵਿਚ ਰਹਿੰਦੀ ਹੈ । ਕਿਸੇ ਇੱਛਾ ਦੇ ਵੱਸ ਹੋ ਕੇ ਕਾਮ ਤੇ ਕ੍ਰੋਧ ਵਿਚ ਚਤੁਰ ਹੋ ਕੇ, ਇਕ ਪਰਮੇਸ਼ਰ ਤੇ ਸ਼ਰਧਾ ਤੋਂ ਖਾਲੀ ਪਾਰਬ੍ਰਹਮ ਦੇ ਦੇਸ ਵਿਚ ਕਿਵੇਂ ਪਹੁੰਚੇਗਾ ?



**ਨਾਚਿਓ ਈ ਕਰਤ ਮੋਰ ਦਾਦਰ ਕਰਤ ਸ਼ੋਰ**
**ਸਦਾ ਘਨਘੋਰ ਘਨ ਕਰਿਓ ਈ ਕਰਤ ਹੈਂ ।**
**ਏਕ ਪਾਇ ਠਾਢੇ ਸਦਾ ਬਨ ਮੈਂ ਰਹਤ ਬ੍ਰਿਛ**
**ਫੂਕਿ ਫੂਕਿ ਪਾਂਵ ਭੂਮਿ ਸ੍ਰਾਵਗ ਧਰਤ ਹੈਂ ।**
**ਪਾਹਨ ਅਨੇਕ ਜੁਗ ਏਕ ਠਉਰ ਬਾਸੁ ਕਰੈਂ**
**ਕਾਗ ਅਉਰ ਚੀਲ ਦੇਸਿ ਦੇਸਿ ਬਿਚਰਤ ਹੈਂ ।**
**ਗਿਆਨ ਕੇ ਬਿਹੀਨ ਮਹਾਂਦਾਨ ਮੈ ਨ ਹੂਜੈ ਲੀਨ**
**ਭਾਵਨਾ ਯਕੀਨ ਦੀਨ ਕੈਸੇ ਕੈ ਤਰਤ ਹੈਂ ।।੯੧।।**

**ਪਦ ਅਰਥ** :- ਨਾਚਿਓਈ = ਨੱਚਦਾ ਹੈ, ਦਾਦਰ = ਡਡੂ, ਘਨਘੋਰ = ਗਰਜ, ਘਨ - ਬੱਦਲ, ਠਾਢੇ = ਖੜ੍ਹੇ ਰਹਿਣਾ, ਸ੍ਰਾਵਗ = ਸਰੇਵੜੇ (ਜੈੱਨੀ ਸਾਧੂ), ਪਾਹਨ = ਪੱਥਰ, ਠਉਰ = ਥਾਂ, ਬਾਸ = ਵਾਸਾ, ਕਾਗ = ਕਾਂ, ਚੀਲ = ਇੱਲ, ਮਹਾਂਦਾਨ = ਵੱਡਾ ਦਾਨੀ, ਭਾਵਨਾ = ਸ਼ਰਧਾ ।

**ਅਰਥ** :- ਮੋਰ ਸਦਾ ਨੱਚਦਾ ਹੀ ਰਹਿੰਦਾ ਹੈ ਅਤੇ ਡੱਡੂ ਰੌਲਾ ਪਾਉਂਦਾ ਰਹਿੰਦਾ ਹੈ, ਬੱਦਲ ਵੀ ਸਦਾ ਗਰਜਦੇ ਹੀ ਰਹਿੰਦੇ ਹਨ, ਜੰਗਲ ਵਿਚ ਬ੍ਰਿਛ ਇਕੋ ਪੈਰ ਦੇ ਸਹਾਰੇ ਖੜ੍ਹੇ ਰਹਿੰਦੇ ਹਨ, ਸਰੇਵੜੇ ਧਰਤੀ ਉਤੇ ਬਚਾਅ ਬਚਾਅ ਕੇ ਪੈਰ ਰੱਖਦੇ ਹਨ, ਪੱਥਰ ਕਈ ਜੁੱਗਾਂ ਤਕ ਇਕੋ ਥਾਂ ਤੇ ਵਾਸ ਰੱਖਦਾ ਹੈ, ਕਾਂ ਅਤੇ ਇੱਲ ਦੇਸ-ਦਿਸਾਤਰਾਂ ਵਿਚ ਘੁੰਮਦੇ ਰਹਿੰਦੇ ਹਨ । ਗਿਆਨ ਤੋਂ ਸੱਖਣੇ ਪੁਰਸ਼ ਵਾਹਿਗੁਰੂ ਵਿਚ ਅਭੇਦ ਨਹੀਂ ਹੋ ਸਕਦੇ ਅਤੇ ਸ਼ਰਧਾ ਤੋਂ ਹੀਣੇ ਇਸ ਸੰਸਾਰ ਤੋਂ ਕਿਵੇਂ ਪਾਰ ਹੋ ਸਕਦੇ ਹਨ ?

**ਜੈਸੇ ਏਕ ਸ੍ਵਾਂਗੀ ਕਹੂੰ ਜੋਗੀਆ ਬੈਰਾਗੀ ਬਨੈ**
**ਕਹੂੰ ਸਨਿਆਸਿ ਭੇਸ ਬਨ ਕੈ ਦਿਖਾਵਈ ।**
**ਕਹੂੰ ਪਉਨਹਾਰੀ ਕਹੂੰ ਬੈਠੇ ਲਾਇ ਤਾਰੀ**
**ਕਹੂੰ ਲੋਭ ਕੀ ਖੁਮਾਰੀ ਸੋ ਅਨੇਕ ਗੁਨ ਗਾਵਈ ।**
**ਕਹੂੰ ਬ੍ਰਹਮਚਾਰੀ ਕਹੂੰ ਹਾਥ ਪੈ ਲਗਾਵੈ ਬਾਰੀ ।**
**ਕਹੂੰ ਡੰਡਧਾਰੀ ਹੁਇ ਕੈ ਲੋਗਨ ਭ੍ਰਮਾਵਈ ।**
**ਕਾਮਨਾ ਅਧੀਨ ਪਰਿਓ ਨਾਚਤ ਹੈ ਨਾਚਨ ਸੌਂ**
**ਗਿਆਨ ਕੇ ਬਿਹੀਨ, ਕੈਸੇ ਬ੍ਰਹਮ ਲੋਕ ਪਾਵ[illegible] ।੯੨।।**

**ਪਦ ਅਰਥ** :- ਸ੍ਵਾਂਗੀ = ਬਹੁ ਰੂਪੀਆ, ਬੈਰਾਗੀ = ਉਦਾਸੀ, ਸਨਿਆਸਿ = ਪਰਿਵਾਰ ਛੱਡਣ ਵਾਲੇ ਸੰਨਿਆਸੀ, ਬਨ = ਬਣਕੇ, ਪਉਨਹਾਰੀ = ਹਵਾ ਖਾਣ ਵਾਲੇ, ਤਾਰੀ = ਸਮਾਧੀ, ਖੁਮਾਰੀ = ਮਸਤੀ, ਹਾਥ ਪੈ ਲਗਾਵੈ ਬਾਰੀ = ਹੱਥਾਂ ਤੇ ਸਰੋਂ ਉਗਾਉਣਾ, ਡੰਡਧਾਰੀ = ਜੋਗੀਆਂ ਦਾ ਇਕ ਫਿਰਕਾ ਜੋ ਹੱਥ ਵਿਚ ਡੰਡਾ ਰੱਖਦੇ ਹਨ । ਲੋਗਨ = ਲੋਕਾਂ ਨੂੰ, ਨਾਚਨ = ਪੁਤਲੀ, ਬ੍ਰਹਮ ਲੋਕ = ਪਰਮੇਸ਼ਰ ਦਾ ਦੇਸ ।

**ਅਰਥ** :- ਜਿਸ ਤਰ੍ਹਾਂ ਇਕ ਬਹੁਰੂਪੀਆ ਕਦੇ ਜੋਗੀ ਅਤੇ ਕਦੇ ਬੈਰਾਗੀ (



www.sridasamgranth.com

ਉਦਾਸੀ) ਦਾ ਰੂਪ ਧਾਰ ਲੈਂਦਾ ਹੈ ਅਤੇ ਕਈ ਵਾਰ ਸੰਨਿਆਸੀਆਂ ਦੇ ਰੂਪ ਧਾਰ ਕੇ ਦਿਖਾਉਂਦਾ ਹੈ । ਕਦੇ ਹਵਾ ਭੱਖਣ ਵਾਲਾ, ਕਦੇ ਸਮਾਧੀ ਲਾ ਕੇ ਬੈਠਦਾ ਹੈ, ਕਦੇ ਲਾਲਚ ਦੀ ਮਸਤੀ ਵਿਚ ਆਇਆ ਕਈ ਤਰ੍ਹਾਂ ਦੇ ਗੀਤ ਗਾਉਂਦਾ ਹੈ ਕਿਤੇ ਬ੍ਰਹਮਚਾਰੀ ਬਣਦਾ ਹੈ ਤੇ ਕਿਤੇ ਹੱਥ ਤੇ ਸਰ੍ਹੋਂ ਉਗਾਕੇ ਵਿਖਾਉਂਦਾ ਹੈ । ਕਦੇ ਡੰਡਾ ਧਾਰੀ ਹੋ ਕੇ ਲੋਕਾਂ ਨੂੰ ਭੁਲੇਖਿਆਂ ਵਿਚ ਪਾਉਂਦਾ ਹੈ । ਇਹ ਸਾਰੇ ਉਪਰੋਕਤ ਰੂਪ ਉਹ ਇੱਛਾ ਦੇ ਵੱਸ ਹੋਇਆ ਕਰਦਾ ਪੁਤਲੀ ਵਾਂਗ ਨਚਦਾ ਹੈ । ਗਿਆਨ ਤੋਂ ਹੀਣਾ ਹੋਣ ਕਰਕੇ ਉਹ ਪਰਮੇਸਰ ਦੇ ਦੇਸ ਨੂੰ ਕਿਵੇਂ ਪਾਵੇਗਾ ?

**ਪੰਚ ਬਾਰ ਗੀਦਰ ਪੁਕਾਰੇ ਪਰੇ ਸੀਤ ਕਾਲ**
**ਕੁੰਚਰ ਅਉ ਗਦਹਾ ਅਨੇਕ ਦਾ ਪੁਕਾਰ ਹੀ ।**
**ਕਹਾ ਭਯੋ ਜੋ ਪੈ ਕਲਵਤ੍ਰ ਲੀਓ ਕਾਂਸੀ ਬੀਚ**
**ਚੀਰਿ ਚੀਰਿ ਚੋਰਟਾ ਕੁਠਾਰਨ ਸੋ ਮਾਰਹੀ ।**
**ਕਹਾ ਭਇਓ ਫਾਸੀ ਡਾਰਿ ਬੂਡਿਓ ਜੜ੍ਹ ਗੰਗਧਾਰਿ**
**ਡਾਰਿ ਡਾਰਿ ਫਾਸਿ ਠਗ ਮਾਰਿ ਮਾਰਿ ਡਾਰਹੀਂ ।**
**ਡੂਬੇ ਨਰਕ ਧਾਰਿ ਮੂੜ੍ਹ ਗਿਆਨ ਕੇ ਬਿਨਾ ਬਿਚਾਰ**
**ਭਾਵਨਾ ਬਿਹੀਨ ਕੈਸੇ ਗਿਆਨ ਕੋ ਬਿਚਾਰ ਹੀਂ ।।੯੩।।**

**ਪਦ ਅਰਥ :-** ਗੀਦਰ = ਗਿੱਦੜ, ਸੀਤਕਾਲ = ਪਾਲਾ ਪੈਣ ਵੇਲੇ, ਕੁੰਚਰ = ਹਾਥੀ, ਗਦਹਾ = ਗਧਾ, ਕਲਵਤ੍ਰ = ਆਰਾ, ਕਾਂਸੀ = ਬਨਾਰਸ, ਕੁਠਾਰਨ = ਕੁਹਾੜਿਆਂ ਨਾਲ, ਅਨੇਕਾਂ ਦਾ= ਅਨੇਕ ਵਾਰੀ, ਬੂਡਿਓ = ਡੁਬਿਓ, ਗੰਗਧਾਰਿ = ਗੰਗਾ ਦੀ ਲਹਰ ਵਿਚ, ਡਾਰਿ ਡਾਰਿ = ਪਾ ਪਾ ਕੇ, ਡਾਰਹੀਂ = ਸੁੱਟ ਦੇਣਾ,

**ਅਰਥ :-** ਲੋਕ ਕਹਿੰਦੇ ਹਨ ਕਿ ਸਰਦੀ ਦੀ ਰੁੱਤ ਦੇ ਪੈਣ ਤੇ ਗਿੱਦੜ ਪੰਜ ਵਾਰੀ ਪੁਕਾਰਦਾ ਹੈ, ਹਾਥੀ ਅਤੇ ਗਧਾ ਅਨੇਕ ਵਾਰ ਪੁਕਾਰਦੇ ਹਨ । ਕੀ ਹੋਇਆ ਜੇ ਬਨਾਰਸ ਵਿਚ ਜਾ ਕੇ ਆਪਣੇ ਆਪ ਨੂੰ ਆਰੇ ਨਾਲ ਚਿਰਾ ਲਿਆ ਪਰ ਚੋਰ ਵੀ ਕੁਹਾੜੇ ਨਾਲ ਚੀਰ ਚੀਰ ਕੇ ਮਾਰੇ ਜਾਂਦੇ ਹਨ । ਕੀ ਹੋਇਆ ਜੇਕਰ ਕੋਈ ਮੂਰਖ ਫਾਹਾ ਲੈ ਕੇ ਗੰਗਾ ਦੀ ਧਾਰ ਵਿਚ ਡੁੱਬਦਾ ਹੈ ਪਰ ਠੱਗ ਲੋਕ ਵੀ ਰਾਹੀਆਂ ਦੇ ਗੱਲ ਵਿਚ ਫਾਹਾ ਪਾ ਕੇ ਮਾਰਕੇ ਸੁਟਦੇ ਹਨ । ਅਜਿਹੇ ਮੂਰਖ ਗਿਆਨ ਤੋਂ ਸੱਖਣੇ ਨਰਕ ਦੀ ਧਾਰ ਵਿਚ ਡੁੱਬ ਜਾਂਦੇ ਹਨ । ਸ਼ਰਧਾ ਤੋਂ ਖਾਲੀ ਕਿਸ ਤਰ੍ਹਾਂ ਗਿਆਨ ਦੀ ਵਿਚਾਰ ਕਰ ਸਕਦੇ ਹਨ ?

**ਤਾਪ ਕੇ ਸਹੇ ਤੇ ਜੋ ਪੈ ਪਾਈਐ ਅਤਾਪ ਨਾਥ**
**ਤਾਪਨਾ ਅਨੇਕ ਤਨ ਘਾਇਲ ਸਹਤ ਹੈਂ ।**
**ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ ਦੇਵ,**
**ਪੂਦਨਾ ਸਦੀਵ ਤੁਹੀ ਤੁਹੀ ਉਚਰਤ ਹੈਂ ।**
**ਨਭ ਕੇ ਉਡੇ ਤੇ ਜੋ ਪੈ ਨਾਰਾਇਣ ਪਾਈਯਤ,**
**ਅਨਲ ਅਕਾਸ ਪੰਛੀ ਡੋਲਬੋ ਕਰਤ ਹੈਂ ।**
**ਆਗ ਮੈਂ ਜਰੇ ਤੇ ਗਤਿ ਰਾਂਡ ਕੀ ਪਰਤ ਕਰਿ,**



**ਪਾਤਾਲ ਕੇ ਬਾਸੀ ਕਿਉਂ ਭੁਜੰਗ ਨ ਤਰਤ ਹੈਂ ॥੯੪॥**

**ਪਦਅਰਥ :-**ਤਾਪ-ਅਗਨੀ ਦਾ ਸੇਕ, ਅਤਾਪ ਨਾਥ-ਦੁੱਖਾਂ ਤੋਂ ਰਹਿਤ ਮਾਲਕ, ਘਾਇਲ-ਜਖ਼ਮੀ, ਅਜਾਪ ਦੇਵ-ਨਿਰੰਕਾਰ, ਪੂਦਨਾ-ਇਕ ਪੰਛੀ, ਨਭ-ਅਕਾਸ਼, ਅਨਲ-ਸਦਾ ਅਕਾਸ਼ ਵਿਚ ਹੀ ਉਡਿਆ ਰਹਿਣ ਵਾਲਾ ਪੰਛੀ, ਡੋਲਬੋ- ਉਡਦਾ ਹੀ ਰਹਿੰਦਾ ਹੈ, ਰਾਂਡ-ਰੰਡੀ ਜਾਂ ਵਿਧਵਾ, ਪਰਤ ਕਰਿ-ਮੁਕਤੀ ਹਥ ਲਗਦੀ ਹੋਵੇ ਜਾਂ ਪ੍ਰਾਪਤੀ ਹੋ ਸਕੇ, ਭੁਜੰਗ-ਸੱਪ ।

**ਅਰਥ :-**ਜੇਕਰ ਸਰੀਰ ਉਤੇ ਦੁੱਖ ਸਹਿਣ ਤੇ ਦੁੱਖਾਂ ਤੋਂ ਰਹਿਤ ਮਾਲਕ ਮਿਲਦਾ ਹੋਵੇ ਤਾਂ ਅਨੇਕਾਂ ਜਖਮੀ ਮਨੁੱਖ ਆਪਣੇ ਸਰੀਰ ਉਤੇ ਕਸ਼ਟ ਸਹਿੰਦੇ ਹਨ । ਜੇਕਰ ਗਿਣਤੀ ਮਿਣਤੀ ਵਿੱਚ ਪੈ ਕੇ ਕਾਮਨਾ ਸਹਿਤ ਜਾਪ ਕਰਨ ਨਾਲ ਜਾਪ ਵਿੱਚ ਨਾ ਆ ਸਕਣ ਵਾਲੇ (ਪਰਮਾਤਮਾ) ਨੂੰ ਪਾਇਆ ਜਾ ਸਕੇ ਤਾਂ ਪੂਦਨਾ ਸਦਾ ਹੀ ਤੂੰਹੀ ਤੂੰਹੀ ਪੁਕਾਰਦਾ ਰਹਿੰਦਾ ਹੈ । ਜੇਕਰ ਅਕਾਸ਼ ਵਿੱਚ ਉਡਾਰੀ ਮਾਰਿਆਂ ਨਰਾਇਣ ਮਿਲਦਾ ਹੋਵੇ ਤਾਂ ਅਨਲ ਪੰਛੀ ਸਦਾ ਹੀ ਅਕਾਸ਼ ਵਿੱਚ ਉਡਦਾ ਰਹਿੰਦਾ ਹੈ । ਅਗਨੀ ਵਿੱਚ ਸੜਿਆਂ ਜੇ ਕਰ ਮੁਕਤੀ ਮਿਲਦੀ ਹੋਵੇ ਤਾਂ ਵਿਧਵਾ (ਸਤੀ) ਨੂੰ ਜ਼ਰੂਰ ਮੁਕਤੀ ਮਿਲ ਜਾਂਦੀ । ਜੇਕਰ ਪਾਤਾਲ ਵਿਚ ਵਾਸਾ ਕਰਿਆਂ (ਭਾਵ ਗੁਫਾਵਾਂ ਵਿੱਚ ਵਾਸਾ ਕਰਨਾ) ਪ੍ਰਭੂ ਮਿਲਦਾ ਹੋਵੇ ਤਾਂ ਧਰਤੀ ਹੇਠ ਰਹਿਣ ਵਾਲੇ ਸੱਪ ਜ਼ਰੂਰ ਤਰ ਜਾਂਦੇ ।

**ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ**
**ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ।**
**ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸ਼ਾਫੀ,**
**ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ ।**
**ਕਰਤਾ ਕਰੀਮ ਸੋਈ ਰਾਜ਼ਿਕ ਰਹੀਮ ਉਈ,**
**ਦੂਸਰੋ ਨਾ ਭੇਦ ਕੋਈ, ਭੂਲਿ ਭ੍ਰਮ ਮਾਨਬੋ ।**
**ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,**
**ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ ॥੯੫॥**

**ਪਦਅਰਥ :-**ਮੁੰਡੀਆ -ਵੈਰਾਗੀ ਸਾਧੂ, ਸੰਨਿਆਸੀ-ਘਰਬਾਰ ਛੱਡਣ ਵਾਲੇ, ਜੋਗੀ-ਗੋਰਖ ਪੰਥੀ ਸਾਧੂ, ਬ੍ਰਹਮਚਾਰੀ-ਕੁਆਰੇ ਰਹਿੰਦੇ ਵਿਦਿਆ ਹਾਸਲ ਕਰਨ ਵਾਲੇ, ਜਤੀ-ਜੈਨੀ ਸਾਧੂ, ਸਰੇਵੜਾ,ਅਨੁਮਾਨਬੋ-ਮੰਨਿਆ ਜਾਂਦਾ ਹੈ, ਰਾਫਿਜੀ-ਸ਼ੀਆ ਮੁਸਲਮਾਨ, ਇਮਾਮਸ਼ਾਫੀ-ਸੁੰਨੀ ਮੁਸਲਮਾਨ ਦਾ ਪ੍ਰਧਾ[illegible]ੀਫਾ, ਮਾਨਸ-ਮਨੁੱਖ, ਕਰੀਮ-ਕਿਰਪਾਲੂ, ਰਾਜਿਕ-ਰਿਜਕ ਦੇਣ ਵਾਲਾ, ਰਹੀਮ-ਦਿਆਲੂ ।

**ਅਰਥ :-**ਕੋਈ ਵੈਰਾਗੀ ਸਾਧੂ ਹੈ, ਕੋਈ ਸੰਨਿਆਸੀ ਤੇ ਕੋਈ ਜੋਗੀ ਹੋਇਆ ਹੈ । ਕੋਈ ਬ੍ਰਹਮਚਾਰੀ ਤੇ ਕੋਈ ਜਤੀ ਮੰਨਿਆ ਜਾਂਦਾ ਹੈ । ਕੋਈ ਹਿੰਦੂ ਹੈ ਤੇ ਕੋਈ ਤੁਰਕ ਹੈ, ਕੋਈ ਸ਼ੀਆ ਤੇ ਕੋਈ ਸੁੰਨੀ ਹੈ । ਸਮੁੱਚੀ ਮਨੁੱਖ ਜਾਤੀ ਦੇ ਅੰਦਰ ਇਕੋ ਅਕਾਲ ਪੁਰਖ ਦੀ ਜੋਤ ਹੈ ਇਸ ਲਈ ਸਭ ਨੂੰ ਇਕ ਜੋਤ ਹੀ ਪਹਿਚਾਨੋ । ਸ੍ਰਿਸ਼ਟੀ ਦਾ ਕਰਤਾ ਤੇ ਕਿਰਪਾਲੂ ਉਹੀ ਹੈ, ਰਿਜ਼ਕ ਦੇਣ ਵਾਲਾ ਤੇ ਦਿਆਲਤਾ ਵਾਲਾ ਹੈ । ਉਸ ਤੋਂ ਬਿਨਾ ਹੋਰ ਦੂਜਾ ਕੋਈ ਨਹੀਂ ਹੈ, ਭੁਲਕੇ ਵੀ ਭੁਲੇਖੇ ਵਿੱਚ ਨਹੀਂ ਪੈਣਾ



www.sridasamgranth.com

ਚਾਹੀਦਾ। ਸਾਰੇ ਜੀਆਂ ਦਾ ਇਕੋ ਹੀ ਗੁਰਦੇਵ ਹੈ ਅਤੇ ਉਸੇ ਇਕੋ ਦੀ ਹੀ ਸੇਵਾ (ਅਰਾਧਨਾ) ਕਰਨੀ ਚਾਹੀਦੀ ਹੈ । ਸਾਰੇ ਉਸ ਇਕੋ ਦਾ ਹੀ ਸਰੂਪ ਹਨ ਅਤੇ ਸਾਰਿਆਂ ਵਿੱਚ ਇਕੋ ਜੋਤ ਜਾਣੋ ।

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ਼ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈਂ ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈਂ ।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਿਸ਼ ਔ ਆਬ ਕੋ ਰਲਾਉ ਹੈਂ ।
ਅੱਲਹ ਅਭੇਖ ਸੋਈ ਪੁਰਾਨ ਅਉ ਕੁਰਾਨ ਉਹੀ,
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈਂ ॥੯੬॥

ਪਦਅਰਥ:-ਦੇਹੁਰਾ-ਮੱਠ (ਹਿੰਦੂ ਮੰਦਰ), ਮਸੀਤ-ਮਸਜਿਦ, ਨਿਵਾਜ-ਨਮਾਜ, ਭ੍ਰਮਾਉ-ਭੁਲੇਖਾ, ਅਦੇਵ-ਦੈਂਤ, ਜੱਛ-ਇੰਦਰ ਦੇ ਦਰਬਾਰੀ ਸਾਜ-ਵਜਈਏ, ਗੰਧ੍ਰਬ-ਇੰਦਰ ਦੀ ਸਭਾ ਦੇ ਗਵਈਏ, ਤੁਰਕ-ਮੁਸਲਮਾਨ, ਪ੍ਰਭਾਉ-ਪ੍ਰਭਾਵ, ਬਾਨ-ਬਨਾਵਟ, ਖਾਕ-ਮਿੱਟੀ, ਬਾਦ-ਹਵਾ, ਆਤਿਸ਼-ਅਗਨੀ, ਆਬ-ਪਾਣੀ, ਰਲਾਉ-ਰਲਾਵਟ, ਅੱਲਹ-ਨਿਰੰਕਾਰ, ਬਨਾਉ-ਬਨਾਵਟ ।

ਅਰਥ :-ਹਿੰਦੂ-ਮੰਦਰ ਅਤੇ ਮੁਸਲਮਾਨਾਂ ਦੀ ਮਸਜਿਦ ਉਹੀ ਹੈ । ਪੂਜਾ ਤੇ ਨਮਾਜ ਵੀ ਉਹੀ ਹੈ (ਭਾਵ ਇਨ੍ਹਾਂ ਵਿੱਚ ਕੋਈ ਭੇਦ ਨਹੀਂ ।) ਸਾਰੇ ਮਨੁੱਖ ਇਕ ਹਨ ਅਤੇ ਅਨੇਕਤਾ ਦਾ ਕੇਵਲ ਭੁਲੇਖਾ ਹੀ ਪੈਦਾ ਹੈ । ਦੇਵਤੇ, ਦੈਂਤ, ਇੰਦਰ ਦੇ ਦਰਬਾਰੀ ਸਾਜ ਵਜੱਈਏ ਅਤੇ ਇੰਦਰ ਦੀ ਸਭਾ ਦੇ ਗਵੱਈਏ ਮੁਸਲਮਾਨ ਅਤੇ ਹਿੰਦੂ ਆਦਿ ਜੋ ਵੱਖਰੇ ਵੱਖਰੇ ਦੇਸਾਂ ਦੇ ਭੇਸ ਜਾਂ ਪਹਿਰਾਵੇ ਵਾਲੇ ਕਰਕੇ ਭਿੰਨਤਾ ਦਾ ਭੁਲੇਖਾ ਪਾਉਂਦੇ ਹਨ, ਅਸਲ ਵਿੱਚ ਸਭ ਦੀਆਂ ਅੱਖਾਂ ਇਕੋ ਹਨ, ਕੰਨ ਵੀ ਇਕੋ ਜਿਹੇ ਹਨ, ਦੇਹ ਅਤੇ ਬਨਾਵਟ ਵੀ ਇਕੋ ਜਿਹੀ ਹੈ । ਕਿਉਕਿ ਸਾਰੇ ਪੰਜਾ ਤੱਤਾਂ ਮਿੱਟੀ, ਹਵਾ ਤੇ ਅਗਨੀ ਤੇ ਪਾਣੀ ਆਦਿ ਤੋਂ ਬਣੇ ਹਨ ।

ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗ ਉਠੈਂ
ਨਿਆਰੇ ਨਿਆਰੇ ਹੁਇਕੈ ਫੇਰਿ ਆਗ ਮੈਂ ਮਿਲਾਹਿੰਗੇ ।
ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤ ਹੈਂ,
ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ ।
ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈਂ
ਪਾਨ ਕੇ ਤਰੰਗ ਸੁਬੈ ਪਾਨ ਹੀ ਕਹਾਇੰਗੇ ॥
ਤੈਸੇ ਬਿਸਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ
ਤਾਹੀ ਤੇ ਉਪਜਿ ਸਬੈ ਤਾਹੀ ਮੈ ਸਮਾਹਿੰਗੇ ॥੯੭॥

ਅਰਥ :-ਜਿਵੇਂ ਇਕ ਅੱਗ ਤੋਂ ਕਰੋੜਾਂ ਹੀ ਅੱਗ ਦੇ ਚੰਗਿਆੜੇ ਉਠਦੇ ਹਨ, ਭਿੰਨ ਭਿੰਨ ਹੋ ਕੇ ਜਿਵੇਂ ਇਕ ਵਿੱਚ ਹੀ ਮਿਲ ਜਾਂਦੇ ਹਨ । ਜਿਸ ਤਰ੍ਹਾਂ ਮਿੱਟੀ ਤੋਂ ਅਨੇਕਾਂ ਕਿਣਕੇ ਉਠਦੇ ਹਨ ਤੇ ਫਿਰ ਉਸੇ ਮਿੱਟੀ ਵਿੱਚ ਸਮਾ ਜਾਂਦੇ ਹਨ । ਜਿਵੇਂ ਇਕ



ਨਦੀ ਵਿਚੋਂ ਕਰੋੜਾਂ ਹੀ ਲਹਿਰਾਂ ਉਪਜਦੀਆਂ ਹਨ । ਪਾਣੀ ਵਿਚੋਂ ਉਠੀਆਂ ਲਹਿਰਾਂ ਪਾਣੀ ਹੀ ਕਹਾਉਂਦੀਆਂ ਹਨ । ਇਸੇ ਤਰ੍ਹਾਂ ਹੀ ਸ੍ਰਿਸ਼ਟੀ-ਰੂਪ ਇਕ ਬ੍ਰਹਿਮੰਡ ਤੋਂ ਸੂਖਮ ਤੋ ਸਥੂਲ ਜੀਵ ਉਤਪੰਨ ਹੁੰਦੇ ਹਨ ਅਤੇ ਉਸੇ ਵਿਚੋਂ ਪੈਦਾ ਹੋਕੇ ਉਸੇ ਵਿੱਚ ਹੀ ਸਮਾ ਜਾਂਦੇ ਹਨ ।

ਕੇਤੇ ਕੱਛ ਮੱਛ ਕੇਤੇ, ਉਨ ਕਉ ਕਰਤ ਭੱਛ ।
ਕੇਤੇ ਅੱਛ ਵੱਛ ਹੁਇ, ਸਪੱਛ ਉਡ ਜਾਹਿੰਗੇ ।
ਕੇਤੇ ਨਭ ਬੀਚ ਅੱਛ ਪੱਛ ਕਉ ਕਰੈਂਗੇ ਭੱਛ,
ਕੇਤਕ ਪ੍ਰਤੱਛ ਹੁਇ, ਪਚਾਇ ਖਾਇ ਜਾਹਿੰਗੇ ।
ਜਲ ਕਹਾ, ਥਲ ਕਹਾ, ਗਗਨ ਕੇ ਗਉਨ ਕਹਾ
ਕਾਲ ਕੇ ਬਨਾਏ ਸਬੈ, ਕਾਲ ਹੀ ਚਬਾਹਿੰਗੇ ।
ਤੇਜ ਜਿਉਂ ਅਤੇਜ ਮੈ, ਅਤੇਜ ਜੈਸੇ ਤੇਜ ਲੀਨ,
ਤਾ ਹੀ ਤੇ ਉਪਜਿ ਸਬੈ, ਤਾ ਹੀ ਮੈਂ ਸਮਾਹਿੰਗੇ ॥੯੮॥

ਪਦਅਰਥ :-ਕੇਤੇ-ਕਿਤਨੇ ਹੀ, ਕੱਛ ਮੱਛ-ਕੱਛ ਤੋਂ ਵੱਡੀਆਂ ਮੱਛੀਆਂ, ਭੱਛ-ਖਾ ਜਾਣਾ, ਅੱਛ-ਅੱਛੇ, ਵੱਛ-ਬੱਚੇ, ਸਪੱਛ-ਖੰਭਾਂ ਵਾਲੇ, ਨਭ-ਅਕਾਸ਼, ਪੱਛ-ਪੰਛੀ, ਪ੍ਰਤੱਛ-ਪ੍ਰਤੱਖ ਜਾਂ ਪੈਦਾ ਹੋ ਕੇ, ਪਚਾਇ-ਪਚਾ ਜਾਣਾ ਜਾਂ ਹਜਮ ਕਰਨਾ, ਗਗਨ-ਅਕਾਸ਼, ਗਉਨ-ਭੂਸਵ, ਚਪਾਹਿੰਗੇ-ਮੌਤ ਆ ਜਾਵੇਗੀ, ਤੇਜ-ਨੂਰ, ਅਤੇਜ-ਹਨੇਰਾ।

ਅਰਥ :-ਕਿਤਨੇ ਹੀ ਕੱਛੂ ਅਤੇ ਵੱਡੀਆਂ ਮੱਛੀਆਂ ਹਨ ਜੋ ਕਿ ਇਕ ਦੂਜੇ ਨੂੰ ਖਾ ਜਾਂਦੀਆਂ ਹਨ । ਕਿਤੇ ਪੰਛੀਆਂ ਦੇ ਬੱਚੇ ਤਕੜੇ ਹੋ ਕੇ ਖੰਭਾਂ ਨਾਲ ਉਡ ਜਾਣਗੇ। ਕਿਤਨੇ ਹੀ ਖੰਭਾਂ ਵਾਲੇ ਤਕੜੇ ਪੰਛੀਆਂ ਨੂੰ ਅਕਾਸ਼ ਵਿੱਚ ਦੂਜੇ ਪੰਛੀਆਂ ਦੁਆਰਾ ਖਾਧਾ ਜਾਂਦਾ ਹੈ । ਕਿੰਨੇ ਹੀ ਪੰਛੀ ਪੈਦਾ ਹੁੰਦੇ ਹੀ ਖਾ ਲਏ ਜਾਂਦੇ ਹਨ । ਜਲ ਵਿੱਚ ਪੈਦਾ ਹੋਏ ਜੀਵ, ਧਰਤੀ ਤੇ ਪੈਦਾ ਹੋਏ ਜੀਵ ਅਤੇ ਅਕਾਸ਼ ਵਿੱਚ ਹੋਏ ਸਭੇ ਜੀਵ ਕਾਲ ਰਾਹੀਂ ਬਨਾਏ ਜਾਂਦੇ ਹਨ ਤੇ ਫਿਰ ਕਾਲ ਹੀ ਉਨਾਂ ਨੂੰ ਚਬਾ ਜਾਂਦਾ ਹੈ ਭਾਵ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ । ਜਿਵੇਂ ਹਨੇਰੇ ਵਿਚ ਚਾਨਣ ਅਤੇ ਚਾਨਣ ਵਿਚ ਹਨੇਰਾ ਓਤਪੋਤ ਹਨ ਇਸੇ ਤਰ੍ਹਾਂ ਜੋਤ ਰੂਪ ਵਿਚੋਂ ਪੈਦਾ ਹੋ ਕੇ ਸਭ ਜੋਤ ਰੂਪ ਵਿੱਚ ਹੀ ਸਮਾ ਜਾਂਦੇ ਹਨ ।

ਕੂਕਤ ਫਿਰਤ ਕੇਤੇ, ਰੋਵਤ ਮਰਤ ਕੇਤੇ;
ਜਲ ਮੈਂ ਡੂਬਤ ਕੇਤੇ, ਆਗ ਮੈ ਜਰਤ ਹੈਂ ।
ਕੇਤੇ ਗੰਗਬਾਸੀ, ਕੇਤੇ ਮਦੀਨਾ ਮੱਕਾ ਨਿਵਾਸੀ,
ਕੇਤਕ ਉਦਾਸੀ ਕੇ, ਭ੍ਰਮਾਏ ਹੀ ਫਿਰਤ ਹੈਂ ।
ਕਰਵਤ ਸਹਤ ਕੇਤੇ, ਭੂਮਿ ਮੈ ਗਡਣ ਕੇਤੇ,
ਸੂਆ ਪੈ ਚੜਤ ਕੇਤੇ, ਦੂਖ ਕਉ ਭਰਤ ਹੈਂ ।
ਗੈਨ ਮੈ ਉਡਤ ਕੇਤੇ, ਜਲ ਮੈ ਰਹਤ ਕੇਤੇ;
ਗਿਆਨ ਕੇ ਬਿਹੀਨ ਜ਼ਕਿ ਜਾਰੇ ਹੀ ਮਰਤ ਹੈਂ ॥੯੯॥

ਪਦਅਰਥ :-ਕੂਕਤ-ਕੂਕਦੇ, ਜਰਤ-ਜਲਦੇ, ਕਰਵਤ-ਆਗ, ਭੂਮਿ-ਧਰਤੀ, ਸੂਆ-ਸੂਲ ਜਾਂ ਕੰਡੇ, ਗੈਨ-ਅਸਮਾਨ, ਜ਼ਕਿ-ਭੜਕੀ ਹੋਈ ਅਗਨੀ, ਦੋਜਕਦੀ ਅਗਨੀ

ਅਰਥ :-ਕਿਤਨੇ ਹੀ ਕੂਕਦੇ ਫਿਰਦੇ ਹਨ, ਕਿਤਨੇ ਹੀ ਰੋਂਦੇ ਤੇ ਮਰਦੇ ਹਨ।



www.sridasamgranth.com

ਕਿਤਨੇ ਹੀ ਪਾਣੀ ਵਿੱਚ ਡੁਬਦੇ ਹਨ ਤੇ ਕਿਤਨੇ ਹੀ ਅੱਗ ਵਿੱਚ ਜਲ ਜਾਂਦੇ ਹਨ । ਕਿਤਨੇ ਗੰਗਾ ਕਿਨਾਰੇ ਨਿਵਾਸ ਰੱਖਣ ਵਾਲੇ ਹਨ ਅਤੇ ਬਹੁਤ ਸਾਰੇ ਮੱਕੇ ਤੇ ਮਦੀਨੇ ਵਿੱਚ ਰਹਿੰਦੇ ਹਨ । ਕਿਤਨੇ ਹੀ ਉਦਾਸ ਜਾਂ ਬੈਰਾਗੀ ਪੰਥ ਵਾਲੇ ਭਰਮਦੇ ਹੀ ਫਿਰਦੇ ਹਨ । ਕਿੰਨੇ ਹੀ ਆਪਣੇ ਸਰੀਰ ਤੇ ਆਰੇ ਦੇ ਚੀਰ ਨੂੰ ਸਹਿੰਦੇ ਹਨ ਅਤੇ ਕਿਤਨੇ ਹੀ ਧਰਤੀ ਵਿੱਚ ਗੱਡੇ ਜਾਂਦੇ ਹਨ । ਕਿਤਨੇ ਹੀ ਸੂਲ ਜਾਂ ਕੰਡਿਆਂ ਉਤੇ ਤੁਰ ਕੇ ਦੁੱਖਾਂ ਨੂੰ ਸਹਿੰਦੇ ਹਨ । ਅਕਾਸ਼ ਵਿੱਚ ਵੀ ਕਿਤਨੇ ਹੀ ਜੀਵ ਰਹਿੰਦੇ ਹਨ ਅਤੇ ਜਲ ਵਿੱਚ ਵੀ ਅਨੇਕਾਂ ਹੀ ਜੀਵ ਵਾਸ ਰੱਖਦੇ ਹਨ । ਗਿਆਨ ਤੋਂ ਵਿਹੂਣੇ ਜੀਵ ਨਰਕਾਂ ਦੀ ਅੱਗ ਵਿੱਚ ਸੜਦੇ ਹਨ ।

**ਸੋਧਿ ਹਾਰੇ ਦੇਵਤਾ ਬਿਰੋਧ ਹਾਰੇ ਦਾਨੋ ਬਡੇ;**
**ਬੋਧਿ ਹਾਰੇ ਬੋਧਕ ਪ੍ਰਬੋਧਿ ਹਾਰੇ ਜਾਪਸੀ ।**
**ਘਸਿ ਹਾਰੇ ਚੰਦਨ ਲਗਾਇ ਹਾਰੇ ਚੋਆ ਚਾਰੁ,**
**ਪੂਜਿ ਹਾਰੇ ਪਾਹਨ, ਚਢਾਇ ਹਾਰੇ ਲਾਪਸੀ ।**
**ਗਾਹਿ ਹਾਰੇ ਗੋਰਨ, ਮਨਾਇ ਹਾਰੇ ਮੜ੍ਹੀ ਮੱਟ,**
**ਲੀਪ ਹਾਰੇ ਭੀਤਨ, ਲਗਾਇ ਹਾਰੇ ਛਾਪਸੀ।**
**ਗਾਇ ਹਾਰੇ ਗੰਧ੍ਰਬ ਬਜਾਏ ਹਾਰੇ ਕਿੰਨਰ ਸਭ,**
**ਪਚਿ ਹਾਰੇ ਪੰਡਿਤ ਤਪੰਤਿ ਹਾਰੇ ਤਾਪਸੀ ।।੯੦।।**

**ਪਦ ਅਰਥ :-** ਸੋਧਿ-ਸੁਧਾਈ ਕਰਦੇ, ਬਿਰੋਧ- ਵੈਰ, ਦਾਨੋ-ਦਾਨਵ ਜਾ ਦੈਂਤ, ਬੋਧਿ-ਗਿਆਨ, ਬੋਧਕ-ਗਿਆਨਵਾਨ, ਪ੍ਰਬੋਧਿ-ਉਪਦੇਸ਼ ਦੇਣਾ, ਜਾਪਸੀ-ਜਪ ਕਰਨ ਵਾਲੇ, ਘਸਿ-ਰਗੜ ਕੇ, ਚੋਆ-ਸੁਗੰਧਤ ਤੇਲ, ਚਾਰੁ-ਸੁੰਦਰ, ਪਾਹਨ-ਪੱਥਰ, ਲਾਪਸੀ-ਕੜ੍ਹਾਹੀ, ਗੋਰਨ-ਕਬਰਾਂ ਨੂੰ, ਮੱਟ-ਸਮਾਧ, ਲੀਪ-ਪੋਚਾ, ਭੀਤਨ-ਕੰਧਾਂ ਨੂੰ, ਛਾਪਸੀ-ਦੇਵੀ ਦੇਵਤਿਆਂ ਦੀਆਂ ਮੂਰਤੀਆਂ, ਗੰਧ੍ਰਬ-ਇੰਦਰ ਦੇ ਗਵਈਏ, ਕਿੰਨਰ-ਵਜੰਤ੍ਰੀ, ਪਚਿ-ਖਪ ਖਪ ਕੇ, ਤਪੰਤਿ-ਤਪ ਕਰਕੇ, ਤਾਪਸੀ - ਤਪੱਸਵੀ ।

**ਅਰਥ :-** ਦੇਵਤਾ ਲੋਕ ਆਪਣੇ ਆਪ ਦੀ ਸੁਧਾਈ ਕਰਦੇ ਹਾਰ ਗਏ, ਵੱਡੇ ਦੈਂਤ ਆਪਣੇ ਵੈਰੀਆਂ ਦਾ ਵਿਰੋਧ ਕਰਦੇ ਹੀ ਹਾਰ ਗਏ । ਬੁੱਧੀਮਾਨ ਲੋਕ ਗਿਆਨ ਪ੍ਰਾਪਤ ਕਰਦੇ ਹੋਏ ਹਾਰ ਗਏ ਅਤੇ ਗਿਣਤੀ ਮਿਣਤੀ ਵਿਚ ਪੱਕੇ ਜਪ ਕਰਨ ਵਾਲੇ ਉਪਦੇਸ਼ ਦਿੰਦੇ ਹਾਰ ਗਏ । ਚੰਦਨ ਨੂੰ ਰਗੜ ਰਗੜ ਕੇ ਅਤੇ ਉਤਮ ਸੁਗੰਧਿਤ ਤੇਲ ਆਪਣੇ ਸਰੀਰ ਤੇ ਲਗਾਕੇ ਆਪਣੀ ਸੁੰਦਰਤਾ ਵਧਾਉਂਦੇ ਚੜ੍ਹਾਉਂਦੇ ਹਾਰ ਗਏ । ਪੱਥਰਾਂ ਦੇ ਪੂਜਕ ਪੂਜਾ ਕਰਦੇ ਥੱਕ ਗਏ ਅਤੇ ਇਨ੍ਹਾਂ ਅੱਗੇ ਪ੍ਰਸਾਦ ਚੜ੍ਹਾਉਂਦੇ ਚੜ੍ਹਾਉਂਦੇ ਹੰਭ ਗਏ । ਕਬਰਾਂ ਦੇ ਪੁਜਾਰੀ ਕਬਰਾਂ ਤੇ ਹੱਜ ਕਰਦੇ ਹਾਰ ਗਏ ਅਤੇ ਮੜ੍ਹੀ-ਮਸਾਣਾਂ ਤੇ ਸਮਾਧਾਂ ਨੂੰ ਪੂਜਣ ਵਾਲੇ ਵੀ ਉਕਤਾ ਗਏ । ਕੰਧਾਂ ਤੇ ਲੇਪਨ ਕਰਨ ਵਾਲੇ ਅਤੇ ਦੇਵੀ ਦੇਵਤਿਆਂ ਦੀ ਮੂਰਤੀ ਛਪਾਉਣ ਵਾਲੇ ਵੀ ਹਾਰ ਗਏ । ਇੰਦਰ ਦੇ ਗਵਈਏ ਗਾ ਗਾ ਕੇ ਅਤੇ ਵਾਜੰਤਰੀ ਸਾਜ ਵਜਾ ਵਜਾਕੇ ਥੱਕ ਗਏ । ਪੰਡਤ ਜਾਂ ਵਿਦਵਾਨ ਲੋਕ ਵਿਦਵਤਾ ਘੋਟਦੇ ਘੋਟਦੇ ਅਤੇ ਤਪੱਸਵੀ ਤਪ ਕਰਦੇ ਕਰਦੇ ਹਾਰ ਗਏ ।



**ਤ੍ਵਪ੍ਰਸਾਦਿ ।। ਪ੍ਰਯਾਤ ਛੰਦ ।।**

**ਨ ਰਾਗੰ ਨ ਰੰਗੰ, ਨ ਰੂਪੰ ਨ ਰੇਖੰ । ਨ ਮੋਹੰ ਨ ਕ੍ਰੋਹੰ, ਨ ਦ੍ਰੋਹੰ ਨ ਦ੍ਵੈਖੰ ।**
**ਨ ਕਰਮੰ ਨ ਭਰਮੰ ਨ ਜਨਮੰ ਨ ਜਾਤੰ ।ਨ ਮਿੱਤ੍ਰੰ ਨ ਸੱਤ੍ਰੰ ਨ ਪਿੱਤ੍ਰੰ ਨ ਮਾਤੰ ।।੯੧।।**

**ਪਦ ਅਰਥ :-** ਰਾਗ - ਸੰਗੀਤ, ਰੰਗੰ- ਤਮਾਸ਼ਾ, ਖੇਲ, ਰੂਪੰ - ਸ਼ਕਲ, ਰੇਖੰ-ਚਿਤਰ, ਕ੍ਰੋਹੰ-ਕ੍ਰੋਧ, ਦ੍ਰੋਹੰ-ਧੋਖਾ, ਦ੍ਵੈਖੰ-ਦਵੈਤ; ਸੱਤ੍ਰੰ-ਦੁਸ਼ਮਨ, ਪਿੱਤ੍ਰੰ-ਪਿਤਾ, ਮਾਤੰ-ਮਾਤਾ।

**ਅਰਥ :-** ਅਕਾਲ ਪੁਰਖ ਨਾ ਕਿਸੇ ਸੰਗੀਤ ਦੇ ਬੰਧਨ ਵਿਚ ਹੈ ਤੇ ਨਾ ਖੇਲ ਤਮਾਸ਼ਿਆਂ ਵਿਚ ਹੈ । ਉਸਦੀ ਕੋਈ ਸ਼ਕਲ ਨਹੀਂ ਤੇ ਨਾ ਹੀ ਕੋਈ ਚਿਤਰ ਹੈ। ਉਹ ਮੋਹ ਤੋਂ ਉਪਰ ਹੈ ਅਤੇ ਕ੍ਰੋਧ ਵਿਚ ਨਹੀਂ ਆਉਂਦਾ । ਉਹ ਕਿਸੇ ਨਾਲ ਧੋਖਾ ਨਹੀਂ ਕਰਦਾ ਤੇ ਨਾ ਹੀ ਉਹ ਕਿਸੇ ਨਾਲ ਦਵੈਤ ਰੱਖਦਾ ਹੈ । ਉਹ ਕਰਮਾਂ ਦੇ ਬੰਧਨ ਤੋਂ ਪਰੇ ਹੈ ਤੇ ਭਰਮਾਂ ਵਿਚ ਨਹੀਂ ਆਉਂਦਾ । ਉਸਦਾ ਕੋਈ ਜਨਮ ਤੇ ਜਾਤ ਨਹੀਂ ਹੈ । ਨਾ ਕੋਈ ਉਸਦਾ ਮਿੱਤਰ ਹੈ ਤੇ ਨਾ ਕੋਈ ਦੁਸ਼ਮਨ । ਉਸਦੇ ਮਾਤਾ ਪਿਤਾ ਵੀ ਨਹੀਂ ਹਨ ।

**ਨ ਨੇਹੰ ਨ ਗੇਹੰ ਨਾ ਕਾਮੰ ਨ ਧਾਮੰ । ਨ ਪੁੱਤ੍ਰੰ ਨ ਮਿੱਤ੍ਰੰ ਨ ਸੱਤ੍ਰੰ ਨ ਭਾਮੰ ।**
**ਅਲੇਖੰ ਅਭੇਖੰ ਅਜੋਨੀ ਸਰੂਪੰ। ਸਦਾ ਸਿੱਧਿ ਦਾ ਬੁੱਧਿ ਦਾ ਬ੍ਰਿਧਿ ਰੂਪੰ ।।੯੨।।**

**ਪਦ ਅਰਥ :-** ਨੇਹੰ - ਪਿਆਰ, ਗੇਹੰ - ਪਕੜ ਜਾਂ ਲਗਾਉ, ਕਾਮੰ - ਵਿਸ਼ੇ-ਵਾਸ਼ਨਾ, ਤ੍ਰਿਸ਼ਨਾ, ਧਾਮੰ-ਘਰ ਜਾਂ ਟਿਕਾਣਾ, ਭਾਮੰ- ਇਸਤ੍ਰੀ । ਅਲੇਖੰ - ਲੇਖੇ ਤੋਂ ਉਪਰ । ਅਭੇਖੰ - ਭੇਖ ਤੋਂ ਪਰੇ, ਅਜੋਨੀ - ਜੂਨੀਆਂ ਵਿਚ ਨਾ ਆਉਣ ਵਾਲਾ, ਸਿੱਧੀ ਦਾ-ਸਿੱਧੀ ਦਾਤਾ, ਬੁੱਧਿ ਦਾ - ਗਿਆਨ ਦਾਤਾ, ਬ੍ਰਿਧਿ ਰੂਪੰ - ਮਹਾਨ ਰੂਪ ਵਾਲਾ ।

**ਅਰਥ :-** ਨਾ ਉਸਨੂੰ (ਕਿਸੇ ਇਕ ਨਾਲ) ਪ੍ਰੇਮ ਹੈ, ਨਾ ਲਗਾਉ ਹੈ । ਉਹ ਤ੍ਰਿਸ਼ਨਾਵਾਂ ਤੋਂ ਰਹਿਤ ਹੈ ਤੇ ਉਸਦਾ ਕੋਈ (ਵਿਸ਼ੇਸ਼) ਟਿਕਾਣਾ ਨਹੀਂ । ਉਸਦਾ ਕੋਈ ਪੁੱਤਰ ਨਹੀਂ, ਕੋਈ ਮਿੱਤਰ ਨਹੀਂ, ਕੋਈ ਦੁਸ਼ਮਣ ਨਹੀਂ ਤੇ ਨਾ ਹੀ ਇਸਤ੍ਰੀ ਹੈ। ਉਹ ਲੇਖੇ ਤੋਂ ਉੱਪਰ ਹੈ, ਭੇਖ ਤੋਂ ਰਹਿਤ ਹੈ, ਉਹ ਜੂਨਾਂ ਤੋਂ ਰਹਿਤ ਹੈ ਤੇ ਨਾ ਉਸਦਾ ਆਪਣਾ ਰੂਪ ਹੈ । ਸਦਾ ਸਿੱਧੀ ਦਾਤਾ ਤੇ ਗਿਆਨਦਾਤਾ ਹੈ ਅਤੇ ਮਹਾਨ ਰੂਪ ਵਾਲਾ ਹੈ ।

**ਨਹੀਂ ਜਾਨ ਜਾਈ ਕਛੂ ਰੂਪ ਰੇਖੰ । ਕਹਾਂ ਬਾਸ [illegible] ਫਿਰੈ ਕਉਨ ਭੇਖੰ ।**
**ਕਹਾ ਨਾਮ ਤਾਕੋ ਕਹਾ ਕੈ ਕਹਾਵੈ। ਕਹਾ ਕੈ ਬਖਾਨੋ ਕਹੈ ਮੋ ਨ ਆਵੈ ।।੯੩।।**

**ਪਦ ਅਰਥ :-** ਨਹੀਂ ਜਾਨ ਜਾਈ - ਜਾਣਿਆ ਨਹੀਂ ਜਾਂਦਾ, ਰੇਖੰ - ਚਿਤਰ, ਬਾਸ - ਵਾਸਾ, ਕਹਾ-ਕਿਆ, ਮੋ - ਵਿਚ ।

**ਅਰਥ :-** ਉਸਦਾ ਕੋਈ ਰੂਪ ਰੇਖ ਨਹੀਂ ਜਾਣਿਆ ਜਾ ਸਕਦਾ । ਉਸਦਾ ਟਿਕਾਣਾ ਕਿਥੇ ਹੈ ਅਤੇ ਕਿਹੜੇ ਭੇਖ ਵਿਚ ਫਿਰਦਾ ਹੈ ? ਉਸਦਾ ਨਾਮ ਕੀ ਹੈ ਤੇ ਆਪਣੇ ਆਪ ਨੂੰ ਕੀ ਕਹਿ ਕੇ ਕਹਾਉਂਦਾ ਹੈ । ਉਸਦਾ ਵਰਨਣ ਕੀ ਕਰੀਏ, ਉਹ



www.sridasamgranth.com

ਕਥਨੀ ਵਿਚ ਨਹੀਂ ਆਉਂਦਾ ।

**ਨ ਰੋਗੰ ਨ ਸੋਗੰ, ਨ ਮੋਹੰ ਨ ਮਾਤੰ ।। ਨ ਕਰਮੰ ਨ ਭਰਮੰ, ਨ ਜਨਮੰ ਨ ਜਾਤੰ ।।**
**ਅਦ੍ਵੈਖੰ ਅਭੇਖੰ ਅਜੋਨੀ ਸਰੂਪੇ ।। ਨਮੋ ਏਕ ਰੂਪੇ, ਨਮੋ ਏਕ ਰੂਪੇ ।।੯੪।।**

**ਪਦ ਅਰਥ** :- ਰੋਗੰ - ਬੀਮਾਰੀ, ਸੋਗੰ - ਚਿੰਤਾ ਜਾਂ ਦੁੱਖ, ਮਾਤੰ - ਮਮਤਾ ਕਰਨ ਵਾਲੀ ਮਾਤਾ, ਅਦ੍ਵੈਖੰ - ਦਵੈਤ ਰਹਿਤ, ਅਭੇਖੰ - ਭੇਖ ਰਹਿਤ, ਅਜੋਨੀ - ਜੂਨਾਂ ਵਿਚ ਨਾ ਆਉਣ ਵਾਲਾ, ਸਰੂਪੇ - ਹਸਤੀ ।

**ਅਰਥ** :- ਅਕਾਲ ਪੁਰਖ ਨੂੰ ਕੋਈ ਰੋਗ ਨਹੀਂ ਲਗਦਾ ਤੇ ਨਾ ਹੀ ਉਸਨੂੰ ਕਿਸੇ ਪ੍ਰਕਾਰ ਦੀ ਚਿੰਤਾ, ਫਿਕਰ ਜਾਂ ਦੁੱਖ ਆਦਿ ਲਗਦਾ ਹੈ । ਉਹ ਮੋਹ ਦੇ ਬੰਧਨ ਵਿਚ ਨਹੀਂ ਜਕੜਿਆ ਹੋਇਆ ਤੇ ਨਾ ਹੀ ਉਸਦੀ ਕੋਈ ਮਮਤਾ ਕਰਨ ਵਾਲੀ ਮਾਤਾ ਹੈ। ਉਹ ਦਵੈਤ ਰਹਿਤ, ਭੇਖ ਰਹਿਤ ਤੇ ਜੂਨਾਂ ਵਿਚ ਨਾ ਆਉਣ ਵਾਲੀ ਹਸਤੀ ਹੈ । ਉਸ ਇਕ ਰੂਪ ਵਾਲੇ ਨੂੰ ਮੇਰੀ ਨਮਸ਼ਕਾਰ ਹੈ, ਇਕ ਰੂਪ ਵਾਲੇ ਨੂੰ ਮੇਰੀ ਨਮਸ਼ਕਾਰ ਹੈ।

**ਪਰੇਅੰ ਪਰਾ ਪਰਮ ਪ੍ਰਗਿਆ ਪ੍ਰਕਾਸੀ ।। ਅਛੇਦੰ ਅਛੈ ਆਦਿ ਅਦ੍ਵੈ ਅਬਿਨਾਸੀ।**
**ਨ ਜਾਤੰ ਨ ਪਾਤੰ ਨ ਰੂਪੰ ਨ ਰੰਗੇ ।।ਨਮੋ ਆਦਿ ਅਭੰਗੇ, ਨਮੋ ਆਦਿ ਅਭੰਗੇ ।।੯੫।।**

**ਪਦ ਅਰਥ** :- ਪਰੇਅੰ ਪਰਾ - ਪਰੇ ਤੋਂ ਪਰੇ, ਪਰਮ - ਵੱਡਾ, ਪ੍ਰਗਿਆ ਪ੍ਰਕਾਸੀ - ਬੁੱਧੀ ਨੂੰ ਪ੍ਰਕਾਸ਼ ਕਰਨ ਵਾਲਾ, ਅਛੇਦੰ - ਛੇਦਿਆ ਨਾ ਜਾ ਸਕਣ ਵਾਲਾ, ਅਛੈ - ਨਾਸ ਨਾ ਹੋਣ ਵਾਲਾ, ਅਦ੍ਵੈ - ਦਵੈਤ ਰਹਿਤ, ਅਬਿਨਾਸੀ - ਨਾਸ ਨ ਹੋ ਸਕਣ ਵਾਲਾ , ਜਾਤੰ - ਪਾਤੰ - ਜਾਤ- ਪਾਤ, ਅਭੰਗ - ਭੰਗ ਨ ਹੋਣ ਵਾਲਾ ।

**ਅਰਥ** :- ਵਾਹਿਗੁਰੂ ਜੀ ਪਰੇ ਤੋਂ ਪਰੇ ਹਨ ਭਾਵ ਉਨ੍ਹਾਂ ਦਾ ਕੋਈ ਥਾਹ ਨਹੀਂ ਪਾ ਸਕਦਾ । ਉਹ ਮਹਾਨ ਹੈ, ਉਹ ਬੁੱਧੀ ਨੂੰ ਪ੍ਰਕਾਸ਼ ਕਰਨ ਵਾਲਾ ਹੈ । ਉਹ ਛੇਦਿਆ ਨਾ ਜਾ ਸਕਣ ਵਾਲਾ, ਨਾਸ ਨਾ ਹੋਣ ਵਾਲਾ, ਆਦਿ ਪੁਰਖ ਦਵੈਤ ਰਹਿਤ ਅਤੇ ਅਬਿਨਾਸੀ ਹੈ । ਉਸਦੀ ਕੋਈ ਜਾਤ ਪਾਤ ਨਹੀਂ ਤੇ ਨਾ ਹੀ ਕੋਈ ਰੂਪ ਤੇ ਰੰਗ ਹੈ । ਉਸ ਭੰਗ ਨਾ ਹੋਣ ਵਾਲੀ ਅਟੁੱਟ ਹਸਤੀ ਨੂੰ ਮੇਰੀ ਨਮਸ਼ਕਾਰ ਹੈ । ਉਸ ਅਟੁੱਟ ਹਸਤੀ ਨੂੰ ਮੇਰੀ ਨਮਸ਼ਕਾਰ ਹੈ ।

**ਕਿਤੇ ਕ੍ਰਿਸਨ ਸੇ ਕੀਟ ਕੋਟੈ ਉਪਾਏ । ਉਸਾਰੇ ਗੜ੍ਹੇ ਫੇਰਿ ਮੇਟੇ ਬਨਾਏ**
**ਅਗਾਧੇ ਅਭੈ ਆਦਿ ਅਦ੍ਵੈ ਅਬਿਨਾਸੀ । ਪਰੇਅੰ ਪਰਾ ਪਰਮ ਪੂਰਨ ਪ੍ਰਕਾਸੀ ।।੯੬।।**

**ਪਦ ਅਰਥ** :- ਕੀਟ - ਕੀੜੇ ਜੀਵ, ਕੋਟੈ - ਕਰੋੜਾਂ ਹੀ, ਉਪਾਏ - ਪੈਦਾ ਕੀਤੇ , ਗੜ੍ਹੇ - ਘੜੇ ਹਨ, ਮੇਟੇ - ਖਤਮ ਕੀਤੇ, ਅਗਾਧੇ - ਜਿਸਦਾ ਥਾਹ ਨ ਪਾਇਆ ਜਾ ਸਕੇ, ਅਭੈ - ਭਰ ਰਹਿਤ, ਆਦਿ - ਮੁੱਢਲਾ, ਅਦ੍ਵੈ - ਦ੍ਵੈਤ ਰਹਿਤ, ਅਬਿਨਾਸੀ - ਨਾਸ ਨਾ ਹੋਣ ਵਾਲਾ, ਪਰੇਅੰ ਪਰਾ - ਪਰੇ ਤੋਂ ਪਰੇ, ਪਰਮ - ਮਹਾਨ, ਵੱਡਾ, ਪ੍ਰਕਾਸੀ - ਪ੍ਰਕਾਸ਼ਵਾਨ।

**ਅਰਥ** :- ਕਿਤਨੇ ਹੀ ਕ੍ਰਿਸ਼ਨ ਵਰਗੇ ਕਰੋੜਾਂ ਹੀ ਜੀਵ ਪੈਦਾ ਕੀਤੇ ਹਨ, ਉਸਾਰੇ ਹਨ, ਘੜੇ ਹਨ ਤੇ ਫਿਰ ਨਾਸ਼ ਕਰਕੇ ਹੋਰ ਬਨਾਏ ਹਨ । ਅਕਾਲ ਪੁਰਖ ਦਾ



ਥਾਹ ਨਹੀਂ ਪਾਇਆ ਜਾ ਸਕਦਾ, ਉਹ ਭੈ ਰਹਿਤ, ਸਭ ਦਾ ਮੁੱਢ, ਦ੍ਵੈਤ ਰਹਿਤ ਤੇ ਨਾਸ ਨਾ ਹੋਣ ਵਾਲਾ ਹੈ । ਉਹ ਪਰੇ ਤੋਂ ਪਰੇ ਹੈ, ਵੱਡਾ, ਪੂਰਨ ਤੇ ਪ੍ਰਕਾਸ਼ਵਾਨ ਹੈ ।

**ਨ ਆਧੰ ਨ ਬਿਆਧੰ ਅਗਾਧੰ ਸਰੂਪੇ। ਅਖੰਡਿਤ ਪ੍ਰਤਾਪ ਆਦਿ ਅਛੈ ਬਿਭੂਤੇ**
**ਨ ਜਨਮੰ ਨ ਮਰਨੰ ਨ ਬਰਨੰ ਨ ਬਿਆਧੇ। ਅਖੰਡੇ ਪ੍ਰਚੰਡੇ ਅਦੰਡੇ ਅਸਾਧੇ ।।੯੭।।**

**ਪਦ ਅਰਥ** :- ਆਧੰ - ਮਾਨਸਿਕ ਰੋਗ, ਬਿਆਧੰ - ਸਰੀਰਕ ਰੋਗ, ਅਖੰਡਿਤ - ਨਾ ਟੁੱਟਣ ਵਾਲਾ, ਅਛੈ - ਨਾਸ ਰਹਿਤ, ਬਰਨੰ - ਵਰਣ-ਜਾਤ, ਪ੍ਰਚੰਡੇ - ਵੱਡੇ ਤੇਜ ਵਾਲਾ, ਅਦੰਡੇ -ਦੰਡ ਰਹਿਤ, ਅਸਾਧੇ -ਜਿਸਨੂੰ ਕੋਈ ਕਾਬੂ ਨਾ ਕਰ ਸਕੇ।

**ਅਰਥ** :- ਉਸਦੇ ਸਰੂਪ ਦਾ ਥਾਹ ਨਹੀਂ ਪਾਇਆ ਜਾ ਸਕਦਾ ਤੇ ਉਸ ਨੂੰ ਕੋਈ ਸਰੀਰਕ ਅਤੇ ਮਾਨਸਿਕ ਰੋਗ ਨਹੀਂ ਪੋਂਹਦੇ । ਉਸਦਾ ਪ੍ਰਤਾਪ ਜਾਂ ਵਡਿਆਈ ਅਟੁੱਟ ਹੈ, ਮੁੱਢ ਤੋਂ ਹੀ ਨਾਸ ਨਾ ਹੋਣ ਵਾਲੀ ਸੰਪਤੀ ਦਾ ਮਾਲਕ ਹੈ । ਉਹ ਜਨਮ, ਮਰਨ ਵਿਚ ਨਹੀਂ ਆਉਂਦਾ । ਉਸਦਾ ਕੋਈ ਵਰਣ ਨਹੀਂ ਤੇ ਨਾ ਹੀ ਉਸਨੂੰ ਕੋਈ ਸੰਤਾਪ ਲਗਦਾ ਹੈ । ਉਹ ਖੰਡਿਤ ਨਾ ਹੋਣ ਵਾਲਾ ਤੇ ਵੱਡੇ ਤੇਜ ਵਾਲਾ ਹੈ । ਉਸ ਨੂੰ ਕੋਈ ਦੰਡ ਜਾਂ ਸਜਾ ਨਹੀਂ ਦੇ ਸਕਦਾ ਅਤੇ ਨਾ ਹੀ ਉਹ ਕਿਸੇ ਦੇ ਕਾਬੂ ਵਿਚ ਆਉਣ ਵਾਲਾ ਹੈ ।

**ਨ ਨੇਹੰ ਨ ਗੇਹੰ ਸਨੇਹੰ ਸਨਾਥੇ । ਉਦੰਡੇ ਅਮੰਡੇ ਪ੍ਰਚੰਡੇ ਪ੍ਰਮਾਥੇ ।**
**ਨ ਜਾਤੇ ਨ ਪਾਤੇ ਨ ਸੱਤ੍ਰੇ ਨ ਮਿੱਤ੍ਰੇ । ਸੁ ਭੂਤੇ ਭਵਿੱਖੇ ਭਵਾਨੇ ਅਚਿੱਤ੍ਰੇ ।।੯੮।।**

**ਪਦ ਅਰਥ** : ਨੇਹੰ - ਮੋਹ ਪਿਆਰ, ਗੇਹੰ - ਪਕੜ ਜਾਂ ਲਗਾਉ, ਸਨੇਹੰ - ਪਿਆਰ, ਸਨਾਥੇ - ਸਭਦਾ ਮਾਲਕ, ਉਦੰਡੇ - ਦੰਡ ਰਹਿਤ, ਅਮੰਡੇ-ਅਟੁੱਟ, ਅਚਿੱਤ੍ਰੇ - ਨਾ ਚਿਤਰਿਆ ਜਾ ਸਕਣ ਵਾਲਾ , ਪ੍ਰਚੰਡੇ - ਤੇਜ ਪ੍ਰਤਾਪ ਵਾਲਾ, ਪ੍ਰਮਾਥੇ - ਪਵਿਤਰ ਸਿਧਾਂਤ ਵਾਲਾ ।

**ਅਰਥ** :- ਉਹ ਮੋਹ ਪਿਆਰ ਤੋਂ ਬਿਨਾਂ, ਪਕੜ ਜਾਂ ਲਗਾਉ ਰਹਿਤ ਹੈ । ਉਹ ਸਭਦਾ ਮਾਲਕ ਹੈ ਤੇ ਸਭਨੂੰ ਪਿਆਰ ਕਰਦਾ ਹੈ । ਉਸ ਨੂੰ ਕੋਈ ਦੰਡ ਨਹੀਂ ਦੇ ਸਕਦਾ, ਉਹ ਅਟੁੱਟ, ਤੇਜ ਪ੍ਰਤਾਪ ਵਾਲਾ ਤੇ ਪਵਿਤਰ ਸਿਧਾਂਤ ਵਾਲਾ ਹੈ । ਉਸਦੀ ਕੋਈ ਜਾਤ, ਪਾਤ ਨਹੀਂ । ਉਸਦਾ ਕੋਈ ਮਿਤਰ ਤੇ ਦੁਸ਼ਮਨ ਵੀ ਨਹੀਂ ਹੈ। ਉਹ ਤਿੰਨਾਂ ਕਾਲਾਂ ਭੂਤ, ਭਵਿਖਤ ਤੇ ਵਰਤਮਾਨ ਵਿਚ ਵਿਦਮਾਨ ਹੈ ਅਤੇ ਉਸ ਨੂੰ ਚਿਤਰਿਆ ਨਹੀਂ ਜਾ ਸਕਦਾ ।

**ਨ ਰਾਯੰ ਨ ਰੰਕੰ ਨ ਰੂਪੰ ਨ ਰੇਖੰ । ਨ ਲੋਭੰ ਨ ਅਛੋਭੰ ਅਭੂਤੰ ਅਭੇਖੰ ।**
**ਨ ਸਤ੍ਰੰ ਨ ਮਿਤ੍ਰੰ ਨ ਨੇਹੰ ਨ ਗੇਹੰ। ਸਦੈਵੰ ਸਦਾ ਸਰਬ ਸਰਬੱਤ ਸਨੇਹੰ ।।੯੯।।**

**ਪਦ ਅਰਥ** : ਰਾਯੰ - ਰਾਜਾ, ਰੰਕੰ - ਗਰੀਬ, ਅਛੋਭੰ - ਦੁੱਖ, ਚੋਭ, ਅਭੂਤੰ - ਦੇਹ ਰਹਿਤ, ਅਭੇਖੰ - ਭੇਖ ਰਹਿਤ ।

**ਅਰਥ** :- ਨਾ ਉਹ ਰਾਜਾ ਹੈ ਨਾ ਰੰਕ ਹੈ । ਉਸਦੀ ਕੋਈ ਸ਼ਕਲ ਨਹੀਂ ਤੇ



www.sridasamgranth.com

ਨਾ ਹੀ ਕੋਈ ਚਿਹਨ ਚੱਕਰ ਹਨ । ਉਹ ਲਾਲਚ ਰਹਿਤ, ਈਰਖਾ ਰਹਿਤ, ਦੇਹ ਰਹਿਤ ਅਤੇ ਭੇਖ ਰਹਿਤ ਹੈ । ਉਸਦਾ ਕੋਈ ਮਿੱਤਰ ਤੇ ਦੁਸ਼ਮਣ ਨਹੀਂ । ਨਾ ਉਸਨੂੰ ਪਿਆਰ ਹੈ ਨਾ ਲਗਾਉ ਹੈ । ਉਹ ਸਦਾ ਸਾਰਿਆਂ ਨਾਲ ਪਿਆਰ ਰੱਖਣ ਵਾਲਾ ਹੈ।

**ਨ ਕਾਮੰ ਨ ਕ੍ਰੋਧ ਨ ਲੋਭੰ ਨ ਮੋਹੰ । ਅਜੋਨੀ ਅਛੈ ਆਦਿ ਅਦ੍ਵੈ ਅਜੋਹੰ ।**
**ਨ ਜਨਮੰ ਨ ਮਰਨੰ ਨ ਬਰਨੰ ਨ ਬਿਆਧੰ । ਨ ਰੋਗੰ ਨ ਸੋਗੰ ਅਭੈ ਨਿਰਬਿਖਾਧੰ ।੧੦੦॥**

**ਪਦ ਅਰਥ :-** ਕਾਮੰ - ਵਾਸ਼ਨਾ, ਕ੍ਰੋਧ - ਗੁੱਸਾ, ਲੋਭੰ - ਲਾਲਚ, ਅਜੋਨੀ - ਜੂਨਾਂ ਵਿਚ ਨਾ ਆਉਣ ਵਾਲਾ, ਅਜੋਹੰ - ਜੋ ਦਿਸਦਾ ਨਹੀਂ । ਨਿਰਬਿਖਾਧੰ - ਲੜਾਈ ਝਗੜੇ ਤੋਂ ਉਚੇਰਾ ।

**ਅਰਥ :-** ਉਸਨੂੰ ਵਾਸ਼ਨਾ ਪੋਂਹਦੀ ਨਹੀਂ । ਉਹ ਗੁੱਸੇ, ਲਾਲਚ ਅਤੇ ਮੋਹ ਵਿਚ ਨਹੀਂ ਆਉਂਦਾ । ਉਹ ਜੂਨਾਂ ਰਹਿਤ, ਨਾਸ਼ ਨਾ ਹੋਣ ਵਾਲਾ, ਮੁੱਢ ਸਰੂਪ, ਦਵੈਤ ਰਹਿਤ ਅਤੇ ਅਦ੍ਰਿਸ਼ਟ ਹੈ । ਉਹ ਜਨਮ ਤੇ ਮਰਨ ਵਿਚ ਨਹੀਂ ਆਉਂਦਾ । ਉਸਦਾ ਕੋਈ ਵਰਣ ਨਹੀਂ ਤੇ ਨਾ ਹੀ ਉਸਨੂੰ ਕੋਈ ਸਰੀਰਕ ਰੋਗ ਲਗਦਾ ਹੈ । ਉਹ ਰੋਗਾਂ ਤੇ ਸ਼ੋਕ ਤੋਂ ਰਹਿਤ ਹੈ । ਉਹ ਡਰ ਰਹਿਤ ਤੇ ਲੜਾਈ ਝਗੜੇ ਤੋਂ ਉਚੇਰਾ ਹੈ ।

**ਅਛੇਦੰ ਅਭੇਦੰ ਅਕਰਮੰ ਅਕਾਲੰ । ਅਖੰਡੰ ਅਭੰਡੰ ਪ੍ਰਚੰਡੰ ਅਪਾਲੰ ।**
**ਨ ਤਾਤੰ ਨ ਮਾਤੰ ਨ ਜਾਤੰ ਨ ਕਾਯੰ। ਨ ਨੇਹੰ ਨ ਗੇਹੰ ਨ ਭਰਮੰ ਨ ਭਾਯੰ ।੧੦੧॥**

**ਪਦ ਅਰਥ :-** ਅਛੇਦੰ - ਜੋ ਛੇਦਿਆ ਨ ਜਾ ਸਕੇ । ਅਭੇਦੰ - ਜਿਸਦਾ ਭੇਦ ਨ ਪਾਇਆ ਜਾ ਸਕੇ, ਅਭੰਡੰ - ਨਿੰਦਾ ਜਾਂ ਬਦਨਾਮੀ ਤੋਂ ਰਹਿਤ, ਅਪਾਲੰ - ਹੱਦ ਬੰਦੀ ਤੋਂ ਰਹਿਤ, ਕਾਯੰ - ਸਰੀਰ , ਭਾਯੰ - ਭੈ ਜਾਂ ਡਰ ।

**ਅਰਥ :-** ਉਸਨੂੰ ਛੇਦਿਆ ਨਹੀਂ ਜਾ ਸਕਦਾ ਤੇ ਨਾ ਹੀ ਉਸਦਾ ਭੇਦ ਪਾਇਆ ਜਾ ਸਕਦਾ ਹੈ । ਉਹ ਕਰਮਾਂ ਦੇ ਬੰਧਨਾਂ ਤੋਂ ਰਹਿਤ ਹੈ ਅਤੇ ਕਾਲ ਰਹਿਤ ਹੈ ਭਾਵ ਉਸਨੂੰ ਕਾਲ ਪੋਹ ਨਹੀਂ ਸਕਦਾ । ਉਹ ਅਤੁੱਟ, ਨਿੰਦਾ ਜਾਂ ਬਦਨਾਮੀ ਰਹਿਤ, ਤੇਜ ਪ੍ਰਤਾਪ ਵਾਲਾ ਹੈ ਅਤੇ ਹੱਦ-ਬੰਦੀ ਤੋਂ ਰਹਿਤ ਹੈ । ਉਸਦੇ ਕੋਈ ਮਾਤਾ ਪਿਤਾ ਨਹੀਂ ਹਨ । ਉਸਦੀ ਕੋਈ ਜਾਤ ਨਹੀਂ ਤੇ ਨਾ ਹੀ ਉਸਦਾ ਕੋਈ ਸਰੀਰ ਹੈ । ਉਹ ਪਿਆਰ ਤੇ ਪਕੜ ਵਿਚ ਨਹੀਂ ਆਉਂਦਾ। ਉਹ ਭਰਮ ਰਹਿਤ ਅਤੇ ਡਰ ਰਹਿਤ ਹੈ।

**ਨ ਰੂਪੰ ਨ ਭੂਪੰ ਨ ਕਾਯੰ ਨ ਕਰਮੰ । ਨ ਤ੍ਰਾਸੰ ਨ ਪ੍ਰਾਸੰ ਨ ਭੇਦੰ ਨ ਭਰਮੰ ।**
**ਸਦੈਵੰ ਸਦਾ ਸਿੱਧਿ ਬ੍ਰਿੱਧੰ ਸਰੂਪੇ । ਨਮੋ ਏਕ ਰੂਪੇ ਨਮੋ ਏਕ ਰੂਪੇ ।੧੦੨॥**

**ਪਦ ਅਰਥ :-** ਤ੍ਰਾਸੰ - ਡਰ, ਪ੍ਰਾਸੰ - ਵਾਦ-ਵਿਵਾਦ, ਸਿੱਧਿ-ਸਿਧੀਆਂ ਦਾ ਮਾਲਕ, ਬ੍ਰਿੱਧੰ ਸਰੂਪੇ - ਮਹਾਨ ਸਰੂਪ ਵਾਲਾ ।

**ਅਰਥ :-** ਉਸਦੀ ਕੋਈ ਸ਼ਕਲ ਨਹੀਂ (ਦੁਨਿਆਂਵੀ ਰਾਜਿਆਂ ਵਾਂਗ)



ਉਸਦਾ ਕੋਈ ਰਾਜ ਨਹੀਂ । ਉਸਦੀ ਕੋਈ ਦੇਹ ਨਹੀਂ ਤੇ ਨਾ ਹੀ ਕਰਮਾਂ ਦੇ ਬੰਧਨਾ ਵਿਚ ਹੈ। ਉਸਨੂੰ ਕਿਸੇ ਦਾ ਡਰ ਨਹੀ, ਉਹ ਵਾਦ-ਵਿਵਾਦ ਤੋਂ ਪਰੇ ਹੈ । ਉਸਦਾ ਕੋਈ ਭੇਦ (ਥਹੁ) ਨਹੀਂ ਤੇ ਨਾਹੀ ਉਹ ਭਰਮ ਵਿਚ ਆਉਂਦਾ ਹੈ । ਉਹ ਸਦਾ ਹੀ ਸਥਿਰ ਹੈ ਤੇ ਸਿਧੀਆਂ ਦਾ ਮਾਲਕ ਅਤੇ ਮਹਾਨ ਸਰੂਪ ਵਾਲਾ ਹੈ । ਉਸ ਇਕ ਰੂਪ ਵਾਲੇ ਨੂੰ ਨਮਸਕਾਰ ਹੈ । ਉਸ ਇਕ ਰੂਪ ਵਾਲੇ ਨੂੰ ਨਮਸਕਾਰ ਹੈ ।

**ਨ੍ਰਿਉਕਤੰ ਪ੍ਰਭਾ ਆਦਿ ਅਨੁਕਤੰ ਪ੍ਰਤਾਪੇ । ਅਜੁਗਤੰ ਅਛੈ ਆਦਿ ਅਵਿਕਤੰ ਅਥਾਪੇ॥**
**ਬਿਭੁਗਤੰ ਅਛੈ ਆਦਿ ਅਛੈ ਸਰੂਪੇ । ਨਮੋ ਏਕ ਰੂਪੇ ਨਮੋ ਏਕ ਰੂਪੇ ॥103॥**

**ਪਦ ਅਰਥ :-** ਨ੍ਰਿਉਕਤੰ ਪ੍ਰਭਾ - ਨਾ ਕਹੀ ਜਾਣ ਵਾਲੀ, ਸੋਭਾ-ਸੁੰਦਰਤਾ, ਅਨੁਕਤੰ ਪ੍ਰਤਾਪੇ - ਵਰਨਣ ਨਾ ਕੀਤੇ ਜਾਣ ਵਾਲੇ ਪ੍ਰਤਾਪ । ਅਜੁਗਤੰ - ਜੋ ਕਿਸੇ ਹੋਰ ਦੇ ਧਿਆਨ ਵਿਚ ਨਹੀਂ ਜੁੜਿਆ ਹੋਇਆ । ਅਵਿਕਤੰ - ਸਦਾ ਆਪ ਵੀ ਅਸਲ ਹਾਲਤ ਵਿਚ ਰਹਿਣ ਵਾਲਾ । ਅਥਾਪੇ - ਥਾਪਿਆ ਨਾ ਜਾ ਸਕਣ ਵਾਲਾ, ਬਿਭੁਗਤੰ - ਨ ਭੋਗੇ ਜਾ ਸਕਣ ਵਾਲਾ ।

**ਅਰਥ :-** ਉਸਦੀ ਸੋਭਾ - ਸੁੰਦਰਤਾ ਕਹੀ ਨਾ ਜਾਣ ਵਾਲੀ ਹੈ । ਉਸ ਆਦਿ ਸਰੂਪ ਦਾ ਪ੍ਰਤਾਪ ਵਰਨਣ ਨਹੀਂ ਕੀਤਾ ਜਾ ਸਕਦਾ । ਉਹ ਕਿਸੇ ਹੋਰ ਦੇ ਧਿਆਨ ਵਿਚ ਨਹੀਂ ਜੁੜਿਆ ਹੋਇਆ, ਨਾਸ ਰਹਿਤ ਹੈ । ਉਹ ਮੁੱਢ ਤੋਂ ਹੀ ਆਪਣੀ ਅਸਲ ਹਾਲਤ ਵਿਚ ਟਿਕਿਆ ਰਹਿਣ ਵਾਲਾ ਹੈ ਅਤੇ ਥਾਪਿਆ ਨਹੀਂ ਜਾ ਸਕਦਾ । ਉਹ ਨ ਭੋਗਿਆ ਜਾਣ ਵਾਲਾ ਨਾਸ ਰਹਿਤ ਹੈ ਅਤੇ ਮੁੱਢ ਤੋਂ ਹੀ ਨਾਸ ਰਹਿਤ ਸਰੂਪ ਹੈ । ਉਸ ਇਕ ਰੂਪ ਵਾਲੇ ਨੂੰ ਨਮਸਕਾਰ ਹੈ । ਉਸ ਇਕ ਰੂਪ ਵਾਲੇ ਨੂੰ ਨਮਸਕਾਰ ਹੈ।

**ਨ ਨੇਹੰ ਨ ਗੇਹੰ ਨ ਸੋਕੰ ਨ ਸਾਕੰ । ਪਰੇਅੰ ਪਵਿਤ੍ਰੰ ਪੁਨੀਤੰ ਅਤਾਕੰ ।**
**ਨ ਜਾਤੰ ਨ ਪਾਤੰ ਨ ਮਿਤ੍ਰੰ ਨ ਮੰਤ੍ਰੇ । ਨਮੋ ਏਕ ਤੰਤ੍ਰੇ ਨਮੋ ਏਕ ਤੰਤ੍ਰੇ ।੧੦੪॥**

**ਪਦ ਅਰਥ :-** ਅਤਾਕੰ - ਬੰਧਨ ਰਹਿਤ, ਮੰਤ੍ਰੇ - ਸਲਾਹਕਾਰ, ਏਕ ਤੰਤ੍ਰੇ -ਇਕਲੌਤੇ ਪ੍ਰਬੰਧ ਵਾਲੇ ਨੂੰ । ਨਮੋ - ਨਮਸਕਾਰ ।

**ਅਰਥ :-** ਨਾ ਉਸਨੂੰ ਪਿਆਰ ਹੈ ਨਾ ਪਕੜ ਹੈ । ਨਾ ਉਸਨੂੰ ਕੋਈ ਦੁੱਖ ਹੈ ਤੇ ਨਾ ਹੀ ਕੋਈ ਉਸਦਾ ਸਬੰਧੀ ਹੈ । ਉਹ ਪਰੇ ਤੋਂ ਪਰੇ ਹੈ । ਪਵਿਤਰ ਤੇ ਪੁਨੀਤ ਹੈ ਅਤੇ ਬੰਧਨ ਰਹਿਤ ਹੈ । ਉਸਦੀ ਕੋਈ ਜਾਤ ਪਾਤ ਨਹੀਂ । ਨਾ ਕੋਈ ਮਿੱਤਰ ਹੈ ਤੇ ਨਾ ਹੀ ਕੋਈ ਸਲਾਹਕਾਰ ਹੈ । ਉਸ ਇਕਲੌਤੇ ਪ੍ਰਬੰਧ ਵਾਲੇ ਨੂੰ ਨਮਸਕਾਰ ਹੈ । ਉਸ ਇਕਲੌਤੇ ਪ੍ਰਬੰਧ ਵਾਲੇ ਨੂੰ ਨਮਸਕਾਰ ਹੈ ।

**ਨ ਧਰਮੰ ਨ ਭਰਮੰ ਨ ਸਰਮੰ ਨ ਸਾਖ਼ੇ। ਨ ਬਰਮੰ ਨ ਚਰਮੰ ਨ ਕਰਮੰ ਨ ਬਾਕੇ ।**
**ਨ ਸਤ੍ਰੰ ਨ ਮਿਤ੍ਰੰ ਨ ਪੁਤ੍ਰੰ ਸਰੂਪੇ । ਨਮੋ ਆਦਿ ਰੂਪੇ ਨਮੋ ਆਦਿ ਰੂਪੇ ।੧੦੫॥**

**ਪਦ ਅਰਥ :-** ਨ ਸਰਮੰ - ਮਿਹਨਤ (ਮੁਸ਼ਕਤ) ਵਿਚ ਨਹੀਂ । ਸਾਖ਼ੇ - ਰਿਸ਼ਤੇਦਾਰ, ਬਰਮੰ - ਸੰਜੋਅ, ਚਰਮੰ - ਢਾਲ, ਬਾਕੇ -ਬਾਣੀ ।

**ਅਰਥ :-** ਉਸਦਾ ਕੋਈ ਧਰਮ ਨਹੀਂ, ਉਸਨੂੰ ਕੋਈ ਭਰਮ ਨਹੀਂ । ਉਹ



www.sridasamgranth.com

ਮਿਹਨਤ ਮੁਸ਼ਕਤ ਵਿਚ ਨਹੀਂ ਹੈ ਤੇ ਨਾ ਹੀ ਉਸਦਾ ਕੋਈ ਸਬੰਧੀ ਹੈ । ਉਸਨੂੰ ਨਾ ਸੰਜੋਅ ਦੀ ਲੋੜ ਹੈ ਤੇ ਨਾ ਹੀ ਢਾਲ ਦੀ । ਉਹ ਕਰਮਾਂ ਦੀ ਪਕੜ ਵਿਚ ਨਹੀਂ ਹੈ ਤੇ ਨਾ ਹੀ ਉਸਦੀ ਕੋਈ ਬਾਣੀ (ਬੋਲੀ) ਹੈ । ਉਸਦਾ ਕੋਈ ਦੁਸ਼ਮਨ ਤੇ ਮਿਤਰ ਨਹੀਂ ਤੇ ਨਾ ਹੀ ਉਸ ਸਰੂਪ ਦਾ ਕੋਈ ਪੁੱਤਰ ਹੈ । ਉਸ ਮੁੱਢਲੇ ਰੂਪ ਨੂੰ ਨਮਸਕਾਰ ਹੈ । ਉਸ ਮੁੱਢਲੇ ਰੂਪ ਨੂੰ ਨਮਸਕਾਰ ਹੈ ।

**ਕਹੂੰ ਕੰਜ ਕੇ ਮੰਜ ਕੇ ਭਰਮਿ ਭੂਲੇ । ਕਹੂੰ ਰੰਕ ਕੇ ਰਾਜ ਕੇ ਧਰਮ ਅਲੂਲੇ ।**
**ਕਹੂੰ ਦੇਸ ਕੇ ਭੇਸ ਕੇ ਧਰਮ ਧਾਮੇ । ਕਹੂੰ ਰਾਜ ਕੇ ਸਾਜ ਕੇ ਬਾਜ ਤਾਮੇ ।।੧੦੬।।**

**ਪਦ ਅਰਥ :-** ਕੰਜ - ਕਮਾਲ ਦੀ, ਮੰਜ - ਸੁਗੰਧੀ, ਅਲੂਲੇ - ਚੰਚਲਤਾਈ ਬਿਨਾਂ, ਧਰਮ ਧਾਮੇ - ਧਰਮ ਦੇ ਘਰ, ਬਾਜ਼ ਤਾਮੇ - ਕਿਤੇ ਸ਼ਿਕਾਰੀ ਪੰਛੀ (ਬਾਜ਼) ਨੂੰ ਦੇਣ ਲਈ ਮਾਸ ਦੀ ਬੋਟੀ ਹੋ ।

**ਅਰਥ :-** ਕਿਤੇ ਆਪ ਕਮਲ ਫੁੱਲ ਵਿਚ ਸੁਗੰਧੀ ਕਰਕੇ ਭਰਮ ਵਿਚ ਭੁੱਲੇ ਫਿਰਦੇਹੋ । ਕਿਤੇ ਆਪ ਕੰਗਾਲ ਵਿਚ ਤੇ ਕਿਤੇ ਰਾਜ ਦੇ ਧਰਮ ਵਿਚ ਟਿੱਕੇ ਹੋਏ ਹੋ। ਕਿਤੇ ਆਪ ਕਿਸੇ ਦੇਸ ਦੇ ਭੇਸ ਦੇ ਧਰਮ ਨੂੰ ਨਿਭਾ ਰਹੇ ਹੋ । ਕਿਤੇ ਰਾਜ ਦੇ ਸਾਜ ਸ਼ਿੰਗਾਰ ਹੋ ਅਤੇ ਕਿਤੇ ਸ਼ਿਕਾਰੀ ਪੰਛੀ (ਬਾਜ) ਨੂੰ ਦੇਣ ਲਈ ਮਾਸ ਦੀ ਬੋਟੀ ਹੋ ।

**ਕਹੂੰ ਅਛ੍ਰਕੇ ਪਛ੍ਰਕੇ ਸਿੱਧ ਸਾਧੇ । ਕਹੂੰ ਸਿੱਧ ਕੇ ਬੁੱਧਿ ਕੇ ਬ੍ਰਿਧ ਲਾਧੇ ।**
**ਕਹੂੰ ਅੰਗ ਕੇ ਰੰਗ ਕੇ ਸੰਗਿ ਦੇਖੇ । ਕਹੂੰ ਜੰਗ ਕੇ ਰੰਗ ਕੇ ਰੰਗ ਪੇਖੇ ।।੧੦੭।।**

**ਪਦ ਅਰਥ :-** ਅਛ੍ਰਕੇ - ਅੱਖਰਾਂ ਦੇ, ਪਛ੍ਰਕੇ - ਪਦਾਂ ਕਰਕੇ, ਅੰਗ - ਇਸਤ੍ਰੀ, ਰੰਗ - ਪਿਆਰ (ਇਸ਼ਕ), ਜੰਗ - ਯੁੱਧ,

**ਅਰਥ :-** ਕਿਤੇ ਆਪ ਅੱਖਰਾਂ ਦੇ, ਪਦਾਂ ਕਰਕੇ ਸਾਧੇ ਹੋਏ ਵਿਦਵਾਨ ਹੋ । ਕਿਤੇ ਆਪ ਸਿੱਧੀ ਪ੍ਰਾਪਤ ਕੀਤੇ ਅਤੇ ਕਿਤੇ ਆਪ ਮਹਾਨ ਬੁੱਧੀਵਾਨ ਜਾਪਦੇ ਹੋ। ਕਿਤੇ ਆਪ ਇਸਤ੍ਰੀ ਦੇ - ਪਿਆਰ (ਇਸ਼ਕ), ਵਿਚ ਰੰਗੇ ਦੇਖੇ ਜਾਂਦੇ ਹੋ । ਕਿਤੇ ਯੁੱਧ ਦੇ ਰੰਗ ਵਿਚ ਰੰਗੇ ਹੋਏ ਨਜ਼ਰ ਆਉਂਦੇ ਹੋ ।

**ਕਹੂੰ ਧਰਮ ਕੇ ਕਰਮ ਕੇ ਹਰਮ ਜਾਨੇ । ਕਹੂੰ ਧਰਮ ਕੇ ਕਰਮ ਕੇ ਭਰਮ ਮਾਨੇ ।**
**ਕਹੂੰ ਚਾਰੁ ਚੇਸ਼ਟਾ ਕਹੂੰ ਚਿਤ੍ਰ ਰੂਪੰ। ਕਹੂੰ ਪਰਮ ਪ੍ਰੱਗਯਾ ਕਹੂੰ ਸਰਬ ਭੂਪੰ।।੧੦੮।।**

**ਅਰਥ :-** ਕਿਤੇ ਧਰਮ ਦੇ ਕਰਮ ਦੇ ਮੰਦਰ ਕਰਕੇ ਜਾਣੇ ਜਾਂਦੇ ਹੋ । ਕਿਤੇ ਧਰਮ ਦੇ ਕਰਮ ਦੇ ਭਰਮ ਕਰਕੇ ਜਾਣੇ ਜਾਂਦੇ ਹੋ । ਕਿਤੇ ਆਪ ਸੁੰਦਰਤਾ ਦੀ ਚੇਸ਼ਟਾ ਰੱਖਦੇ ਹੋ ਅਤੇ ਆਪ ਚਿਤਰ ਰੂਪ ਹੋ । ਕਿਤੇ ਆਪ ਮਹਾਨ ਬੁੱਧੀ ਵਾਲੇ ਹੋ ਅਤੇ ਕਿਤੇ ਸਾਰਿਆਂ ਦੇ ਰਾਜੇ ਹੋ ।

**ਕਹੂੰ ਨੇਹ ਗੇਹੰ ਕਹੂੰ ਦੇਹ ਦੋਖੰ ॥ ਕਹੂੰ ਅਉਖਦੀ ਰੋਗ ਕੇ ਸੋਕ ਸੋਖੰ ॥**
**ਕਹੂੰ ਦੇਵ ਬਿੱਦਯਾ ਕਹੂੰ ਦੈਂਤ ਬਾਨੀ ॥ ਕਹੂੰ ਜੱਛ ਗੰਧ੍ਰਬ ਕਿੰਨਰ ਕਹਾਨੀ॥੧੦੯॥**

**ਪਦ ਅਰਥ :** ਗੇਹੰ - ਗ੍ਰਹਣ ਕਰਨ ਵਾਲਾ, ਅਉਖਦੀ - ਦਵਾਈ, ਸੋਖੰ - ਸੁਕਾਉਣਾ, ਦੇਵ ਬਿਦਿਯਾ - ਦੇਵਤਿਆਂ ਦੀ ਵਿਦਿਆ, ਦੈਂਤ ਬਾਨੀ - ਦੈਂਤਾਂ ਦੀ ਬੋਲੀ, ਜੱਛ - ਵਾਜੰਤ੍ਰੀ, ਗੰਧ੍ਰਬ - ਗਵਈਏ, ਕਿੰਨਰ - ਕੋਝੀ ਸ਼ਕਲ ਵਾਲਾ ਜਿਸ ਦਾ ਧੜ ਮਨੁੱਖ ਦਾ ਅਤੇ ਮੂੰਹ ਘੋੜੇ ਦਾ ਹੈ ਜੋ ਕਿ ਇੰਦਰ ਦੀ ਸਭਾ ਦੇ ਨਾਚੇ ਹਨ ।



**ਅਰਥ :** ਕਿਤੇ ਪਿਆਰ ਨੂੰ ਗ੍ਰਹਣ ਕਰਨ ਵਾਲਾ ਪ੍ਰੇਮ ਰੂਪ ਹੈ ਅਤੇ ਕਿਤੇ ਦੇਹ ਦਾ ਦੁੱਖ ਮੰਨਣ ਵਾਲੇ ਹੋ । ਕਿਤੇ ਦਵਾਈ ਰੂਪ ਹੋਕੇ ਰੋਗ ਤੇ ਚਿੰਤਾਵਾਂ ਨੂੰ ਸੁਕਾਉਣ ਜਾਂ ਖਤਮ ਕਰਨ ਵਾਲੇ ਹੋ । ਕਿਤੇ ਦੇਵਤਿਆਂ ਦੀ ਵਿਦਿਆ ਵਾਲੇ ਹੋ ਅਤੇ ਕਿਤੇ ਦੈਂਤਾਂ ਦੀ ਬੋਲੀ ਵਾਲੇ ਹੋ। ਕਿਤੇ ਵਾਜੰਤ੍ਰੀ, ਗਵਈਏ ਅਤੇ ਨਾਚਿਆਂ ਦੀ ਵਾਰਤਾ ਬਣੇ ਹੋਏ ਹੋ ।

**ਕਹੂੰ ਰਾਜਸੀ ਸਾਤਕੀ ਤਾਮਸੀ ਹੋ ॥ ਕਹੂੰ ਜੋਗ ਬਿਦਯਾ ਧਰੇ ਤਾਪਸੀ ਹੋ ॥**
**ਕਹੂੰ ਰੋਗ ਹਰਤਾ ਕਹੂੰ ਜੋਗ ਜੁਗਤੰ॥ ਕਹੂੰ ਭੂਮਿ ਕੀ ਭੁਗਤ ਮੈ ਭਰਮ ਭੁਗਤੰ ॥ (੧੧੦)**

**ਪਦ ਅਰਥ :** ਤਾਪਸੀ - ਤਪਸਵੀ , ਜੋਗ ਜੁਗਤੰ - ਜੋਗ ਦੀ ਜੁਗਤੀ , ਭੁਗਤੰ - ਭੋਗਣ ਵਾਲਾ

**ਅਰਥ :** ਕਿਤੇ ਆਪ ਤਿੰਨਾਂ ਗੁਣਾਂ ਰਜੋ , ਤਮੋ, ਸਤੋ ਵਿਚ ਵਿਚਰਦੇ ਹੋ । ਕਿਤੇ ਆਪ ਜੋਗ ਵਿਦਿਆ ਧਾਰ ਕੇ ਤਪੱਸਵੀ ਬਣੇ ਹੋਏ ਹੋ । ਕਿਤੇ ਰੋਗਾਂ ਨੂੰ ਹਰਨ ਵਾਲੇ ਹੋ। ਕਿਤੇ ਜੋਗ ਦੀ ਜੁਗਤੀ ਹੋ । ਕਿਤੇ ਧਰਤੀ ਦੇ ਪਦਾਰਥਾਂ ਨੂੰ ਭਰਮ ਵਿਚ ਪੈ ਕੇ ਭੋਗ ਰਹੇ ਹੋ।

**ਕਹੂੰ ਦੇਵ ਕੰਨਿਆ ਕਹੂੰ ਦਾਨਵੀ ਹੋ ॥ ਕਹੂੰ ਜੱਛ ਬਿਦਿਆ ਧਰੇ ਮਾਨਵੀ ਹੋ ॥**
**ਕਹੂੰ ਰਾਜਸੀ ਹੋ ਕਹੂੰ ਰਾਜ ਕੰਨਿਆ ॥ ਕਹੂੰ ਸ੍ਰਿਸਟਿ ਕੀ ਪ੍ਰਿਸਟ ਕੀ ਰਿਸਟ ਪੰਨਿਆ ॥੧੧੧॥**

**ਪਦਅਰਥ :** ਦਾਨਵੀ - ਦੈਂਤ, ਮਾਨਵੀ - ਮਨੁੱਖੀ ਰੂਪ, ਸ੍ਰਿਸਟਿ ਕੀ - ਸ੍ਰਿਸ਼ਟੀ ਦੀ, ਪ੍ਰਿਸਟ ਕੀ - ਪਤਾਲ ਦੀ , ਰਿਸ਼ਟ - ਉੱਤਮ , ਪੰਨਿਆ - ਨਾਗ ਕੰਨਿਆ

**ਅਰਥ :** ਕਿਤੇ ਆਪ ਦੇਵ ਪੁਤਰੀ ਹੋ ਤੇ ਕਿਤੇ ਦੈਂਤ ਪੁਤਰੀ ਹੋ । ਕਿਤੇ ਵਿਦਿਆ ਧਾਰੀ ਜੱਛ ਹੋ ਤੇ ਕਿਤੇ ਮਨੁੱਖੀ ਰੂਪ ਵਿਚ ਹੋ । ਕਿਤੇ ਪਟਰਾਣੀ ਹੋ ਤੇ ਕਿਤੇ ਰਾਜ ਕੁਮਾਰੀ ਹੋ। ਕਿਤੇ ਸ੍ਰਿਸ਼ਟੀ ਦੇ ਪਤਾਲ ਦੀ ਉੱਤਮ ਨਾਗ ਕੰਨਿਆ ਹੋ ।

**ਕਹੂੰ ਬੇਦ ਬਿੱਦਿਯਾ ਕਹੂੰ ਬਿਓਮਬਾਨੀ ॥ ਕਹੂੰ ਕੋਕ ਕੀ ਕਾਬਿ ਕਥੈ ਕਹਾਨੀ ॥**
**ਕਹੂੰ ਅੱਦ੍ਰ ਸਾਰੰ ਕਹੂੰ ਭੱਦ੍ਰ ਰੂਪੰ ॥ ਕਹੂੰ ਮਦ੍ਰ ਬਾਨੀ ਕਹੂੰ ਛੂਦ੍ਰ ਸਰੂਪੰ ॥੧੧੨ ॥**

**ਪਦਅਰਥ :** ਬਿਓਮਬਾਨੀ - ਦੇਵ ਲੋਕ ਦੇ ਬਾਨੀ, ਕਾਬੀ - ਕਵੀ, ਅੱਦ੍ਰ ਸਾਰੰ - ਲੋਹਾ ਰੂਪ, ਭਦ੍ਰ - ਸੋਨਾ, ਮਦ੍ਰ - ਮਿੱਟੀ, ਛੂਦ੍ਰ - ਤੁਛ

**ਅਰਥ :** ਕਿਤੇ ਵੇਦਾਂ ਦੀ ਵਿਦਿਆ ਰੂਪ ਹੋ । ਕਿਤੇ ਦੇਵ ਲੋਕ ਦੇ ਬਾਨੀ ਹੋ । ਕਿਤੇ ਕੋਕ ਸ਼ਾਸਤਰ ਦੀ ਕਵਿਤਾ ਰੂਪ ਵਿਚ ਕਹਾਣੀ ਬਿਆਨ ਕਰ ਰਹੇ ਹੋ । ਕਿਤੇ ਲੋਹ ਰੂਪ ਹੋ ਤੇ ਕਿਤੇ ਸੋਨਾ ਰੂਪ ਹੋ । ਕਿਤੇ ਮਿੱਠੀ ਬੋਲੀ ਵਾ[illegible] ਅਤੇ ਕਿਤੇ ਤੁੱਛ ਸਰੂਪ ਵਾਲੇ ਹੋ।

**ਕਹੂੰ ਬੇਦ ਬਿਦਿਯਾ ਕਹੂੰ ਕਾਬਿ ਰੂਪੰ ॥ ਕਹੂੰ ਚੇਸਟਾ ਚਾਰ ਚਿੱਤ੍ਰੰ ਸਰੂਪੰ ॥**
**ਕਹੂੰ ਪਰਮ ਪੁਰਾਨ ਕੋ ਪਾਰ ਪਾਵੈ ॥ ਕਹੂੰ ਬੈਠਿ ਕੁਰਾਨ ਕੇ ਗੀਤ ਗਾਵੈ॥੧੧੩ ॥**

**ਪਦਅਰਥ :** ਚੇਸ਼ਟਾ - ਕਾਮਨਾ, ਚਾਰ - ਸੁੰਦਰ, ਪਾਰ - ਪਰਲਾ ਕਿਨਾਰਾ,

**ਅਰਥ :** ਕਿਤੇ ਆਪ ਵੇਦਾਂ ਦੀ ਵਿਦਿਆ ਹੋ ਤੇ ਕਿਤੇ ਕਵੀ ਰੂਪ ਵਿਚ ਹੋ ਕਿਤੇ ਕਾਮਨਾ ਕਰਨ ਵਾਲੇ ਹੋ ਤੇ ਕਿਤੇ ਸੁੰਦਰ ਚਿੱਤਰ ਰੂਪ ਹੋ । ਕਿਤੇ ਪਵਿਤਰ ਪੁਰਾਨਾਂ ਦੇ ਸਿਧਾਂਤਾਂ ਨੂੰ ਲੱਭ ਰਹੇ ਹੋ ਕਿਤੇ ਬੈਠ ਕੇ ਕੁਰਾਨ ਦੀਆਂ ਸਿਫਤਾਂ ਕਰ ਰਹੇ ਹੋ ।



www.sridasamgranth.com

**ਕਹੂੰ ਸੁੱਧ ਸੇਖੰ ਕਹੂੰ ਬ੍ਰਹਮ ਧਰਮੰ ॥ ਕਹੂੰ ਬ੍ਰਿਧ ਅਵਸਥਾ, ਕਹੂੰ ਬਾਲ ਕਰਮੰ॥**
**ਕਹੂੰ ਜੁਆ ਸਰੂਪੰ ਜਰਾ ਰਹਤ ਦੇਹੰ ॥ ਕਹੂੰ ਨੇਹ ਦੇਹੰ, ਕਹੂੰ ਤਿਆਗ ਗੇਹੰ ॥**
**(੧੧੪)**

**ਪਦਅਰਥ** : ਸੁੱਧ-ਅਸ਼ਲ, ਸੇਖੰ- ਮੁਸਲਮਾਨ, ਬ੍ਰਹਮਧਰਮੰ - ਬ੍ਰਾਹਮਣ ਧਰਮ ਧਾਰਨ ਕਰਨ ਵਾਲਾ, ਬ੍ਰਿਧ - ਵੱਡੀ ਉਮਰ ਵਾਲਾ ਜੁਆ - ਜੁਆਨ, ਜਰਾ-ਬੁਢੇਪਾ

**ਅਰਥ** : ਕਿਤੇ ਆਪ ਅਸਲ (ਪੱਕੇ) ਮੁਸਲਮਾਨ ਹੋ ਕਿਤੇ ਆਪ ਬ੍ਰਾਹਮਣ ਧਰਮ ਧਾਰਨ ਕਰਨ ਵਾਲੇ ਹੋ , ਕਿਤੇ ਵੱਡੀ ਉਮਰ ਵਾਲੇ ਹੋ ਤੇ ਕਿਤੇ ਬਾਲ ਕਰਮ ਕਰਨ ਵਾਲੇ ਹੋ । ਕਿਤੇ ਜੁਆਨੀ ਸਰੂਪ ਹੋ ਤੇ ਤੁਹਾਡੀ ਦੇਹ ਜਾਂ ਸਰੀਰ ਬੁਢੇਪੇ ਤੋਂ ਰਹਿਤ ਹੈ । ਕਿਤੇ ਦੇਹ ਨਾਲ ਪਿਆਰ ਕਰਨ ਵਾਲੇ ਹੋ ਅਤੇ ਕਿਤੇ ਘਰ ਨੂੰ ਵੀ ਤਿਆਗ ਦੇਣ ਵਾਲੇ ਹੋ ।

**ਕਹੂੰ ਜੋਗ ਭੋਗੰ, ਕਹੂੰ ਰੋਗ ਰਾਗੰ ॥ ਕਹੂੰ ਰੋਗ ਹਰਤਾ, ਕਹੂੰ ਭੋਗ ਤਿਆਗੰ ॥**
**ਕਹੂੰ ਰਾਜ -ਸਾਜੰ, ਕਹੂੰ ਰਾਜ-ਰੀਤੰ ॥ ਕਹੂੰ ਪੂਰਣ ਪ੍ਰਗਿਆ ਕਹੂੰ ਪਰਮ ਪ੍ਰੀਤੰ ॥**
**(੧੧੫)**

**ਪਦਅਰਥ** : ਪ੍ਰਗਿਆ - ਬੁਧੀਮਾਨ, ਰੀਤੰ - ਮਰਿਆਦਾ

**ਅਰਥ** : ਕਿਤੇ ਆਪ ਜੋਗੀ ਬਣੇ ਹੋਏ ਹੋ, ਕਿਤੇ ਰੋਗ ਗ੍ਰਸਤ ਹੋ । ਕਿਤੇ ਰੋਗਾਂ ਨੂੰ ਨਾਸ਼ ਕਰਨ ਵਾਲੇ ਹੋ ਤੇ ਕਿਤੇ ਭੋਗਾਂ ਦਾ ਤਿਆਗ ਕਰ ਰਹੇ ਹੋ । ਕਿਤੇ ਆਪ ਰਾਜ ਸਾਜ ਵਾਲੇ ਹੋ ਤੇ ਕਿਤੇ ਰਾਜ ਦੀ ਮਰਿਆਦਾ ਨੂੰ ਪਾਲ ਰਹੇ ਹੋ । ਕਿਤੇ ਪੂਰਨ ਬੁੱਧੀਮਾਨ ਹੋ ਕਿਤੇ ਮਹਾਨ ਪ੍ਰੀਤ ਵਾਨ ਹੋ ।

**ਕਹੂੰ ਆਰਬੀ, ਤੋਰਕੀ,ਪ਼ਾਰਸੀ ਹੋ ॥ ਕਹੂੰ ਪਹਲਵੀ,ਪਸ਼ਤਵੀ,ਸੰਸਕ੍ਰਿਤੀ ਹੋ ॥**
**ਕਹੂੰ ਦੇਸ ਭਾਖਿਆ ਕਹੂੰ ਦੇਬ ਬਾਨੀ ॥ ਕਹੂੰ ਰਾਜ ਬਿਦਿਆ ਕਹੂੰ ਰਾਜਧਾਨੀ ॥**
**(੧੧੬)**

**ਪਦਅਰਥ** : ਆਰਬੀ - ਅਰਬੀ , ਤੋਰਕੀ - ਤੁਰਕੀ , ਪਾਰਸੀ - ਫਾਰਸੀ , ਪਹਲਵੀ - ਈਰਾਨਵੀ, ਪਸ਼ਤਵੀ - ਪਸ਼ਤੋ, ਦੇਬਬਾਨੀ- ਸੰਸਕ੍ਰਿਤ

**ਅਰਥ** : ਕਿਤੇ ਆਪ ਅਰਬੀ ਭਾਸ਼ਾ ਬੋਲਣ ਵਾਲੇ ਹੋ , ਕਿਤੇ ਤੁਰਕੀ ਤੇ ਕਿਤੇ ਫ਼ਾਰਸੀ ਭਾਸ਼ਾ ਬੋਲਣ ਵਾਲੇ ਹੋ । ਕਿਤੇ ਈਰਾਨੀ ਭਾਸ਼ਾ ਬੋਲਣ ਵਾਲੇ ਹੋ ਕਿਤੇ ਪਸ਼ਤੋ ਤੇ ਕਿਤੇ ਸੰਸਕ੍ਰਿਤ ਭਾਸ਼ਾ ਬੋਲਣ ਵਾਲੇ ਹੋ । ਕਿਤੇ ਆਮ ਬੋਲ ਚਾਲ ਦੀ ਬੋਲੀ ਤੇ ਕਿਤੇ ਸੰਸਕ੍ਰਿਤ ਭਾਸ਼ਾ ਦੇ ਬੋਲਣ ਵਾਲੇ ਹੋ । ਕਿਤੇ ਰਾਜ ਵਿਦਿਆ ਹੋ ਤੇ ਕਿਤੇ ਰਾਜ ਕਰਨ ਦਾ ਸਥਾਨ ਹੋ।

**ਕਹੂੰ ਮੰਤ੍ਰ ਬਿਦਿਆ ਕਹੂੰ ਤੰਤ੍ਰ ਸਾਰੰ ॥ ਕਹੂੰ ਜੰਤ੍ਰ ਰੀਤੰ, ਕਹੂੰ ਸਸਤ੍ਰ ਧਾਰੰ ॥**
**ਕਹੂੰ ਹੋਮ ਪੂਜਾ, ਕਹੂੰ ਦੇਵ ਅਰਚਾ ॥ ਕਹੂੰ ਪਿੰਗੁਲਾ ਚਾਰਣੀ ਗੀਤ ਚਰਚਾ॥੧੧੭॥**

**ਪਦਅਰਥ** : ਤੰਤ੍ਰ - ਤਾਂਤ੍ਰਿਕ ਲੋਕਾਂ ਦਾ ਧਰਮ ਗ੍ਰੰਥ, ਸਸਤ੍ਰ ਧਾਰੇ - ਹਥਿਆਰ ਬੰਦ ਯੋਧਾ, ਅਰਚਾ - ਪੂਜਾ, ਪਿੰਗੁਲਾ - ਛੰਦਾ ਬੰਦੀ ਵਿਦਿਆ ਦੱਸਣ ਵਾਲੀ ਵਿਦਿਆ, ਚਾਰਣੀ - ਭੱਟ ਵਿਦਿਆ ।

**ਅਰਥ** : ਕਿਤੇ ਆਪ ਮੰਤਰ ਵਿਦਿਆ ਹੋ, ਕਿਤੇ ਤਾਂਤ੍ਰਿਕ ਲੋਕਾਂ ਦਾ ਧਰਮ ਗ੍ਰੰਥ ਹੋ । ਕਿਤੇ ਆਪ ਜੰਤ੍ਰਾਂ ਦੀ ਰੀਤੀ ਹੋ ਤੇ ਕਿਤੇ ਹਥਿਆਰ ਬੰਦ ਯੋਧਾ ਹੋ । ਕਿਤੇ ਆਪ



ਹਵਨ ਪੂਜਾ ਕਰਨ ਵਾਲੇ ਹੋ ਤੇ ਕਿਤੇ ਦੇਵ ਪੂਜਾ ਹੋ । ਕਿਤੇ ਛੰਦਾ ਬੰਦੀ ਦੱਸਣ ਵਾਲੀ ਵਿਦਿਆ ਹੋ , ਕਿਤੇ ਭੱਟ ਵਿਦਿਆ ਹੋ ਤੇ ਕਿਤੇ ਗਾਉਣ ਤੇ ਰਚਣ ਦਾ ਢੰਗ ਹੋ ।

**ਕਹੂੰ ਬੀਨ ਬਿਦਿਆ ਕਹੂੰ ਗਾਨ ਗੀਤੰ॥ ਕਹੂੰ ਮਲੇਛ ਭਾਖਿਆ, ਕਹੂੰ ਬੇਦ ਰੀਤੰ ॥**
**ਕਹੂੰ ਨ੍ਰਿਤ ਬਿਦਿਆ, ਕਹੂੰ ਨਾਗ ਬਾਨੀ ॥ ਕਹੂੰ ਗਾਰੜੂ ਗੂੜ੍ਹ ਕੱਥੇ ਕਹਾਨੀ॥੧੧੮॥**

**ਪਦਅਰਥ** : ਬੀਨ - ਵੀਣਾ, ਮਲੇਛ ਭਾਖਿਆ - ਅਰਬੀ ਫਾਰਸੀ ਆਦਿ ਬੋਲੀਆਂ, ਨਾਗ ਬਾਨੀ - ਨਾਗ ਬੋਲੀ, ਗਾਰੜੂ - ਸੱਪਾਂ ਦਾ ਜਹਿਰ ਉਤਾਰਨ ਵਾਲੀ ਵਿਦਿਆ, ਗੂੜ੍ਹ ਕਥੇ ਕਹਾਨੀ - ਗੁੱਝੀ ਕਥਾ ਸੁਣਾਉਂਦੇ ਹੋ ।

**ਅਰਥ** : ਕਿਤੇ ਆਪ ਵੀਣਾ ਦੀ ਵਿਦਿਆ ਹੋ ਤੇ ਕਿਤੇ ਆਪ ਗੀਤਾਂ ਦੇ ਗਾਉਣ ਵਾਲੇ ਹੋ। ਕਿਤੇ ਮਲੀਨਤਾ ਵਾਲੀ ਬੋਲੀ ਵਾਲੇ ਹੋ ਤੇ ਕਿਤੇ ਵੇਦਾਂ ਦੀ ਰੀਤੀ ਹੋ । ਕਿਤੇ ਨਾਚ ਵਿਦਿਆ ਹੋ ਤੇ ਕਿਤੇ ਨਾਗ ਬੋਲੀ ਹੋ । ਕਿਤੇ ਸੱਪਾਂ ਦਾ ਜਹਿਰ ਉਤਾਰਨ ਵਾਲੀ ਵਿਦਿਆ ਹੋ ਤੇ ਕਿਤੇ ਗੁੱਝੀ ਕਥਾ ਸੁਣਾਉਦੇ ਹੋ ।

**ਕਹੂੰ ਅੱਛਰਾ ਪੱਛਰਾ ਮੱਛਰਾ ਹੋ ॥ ਕਹੂੰ ਬੀਰ ਬਿਦਿਆ ਅਭੂਤੰ ਪ੍ਰਭਾ ਹੋ ॥**
**ਕਹੂੰ ਛੈਲ ਛਾਲਾ ਧਰੇ ਛੱਤ੍ਰਧਾਰੀ ॥ ਕਹੂੰ ਰਾਜ ਸਾਜੰ ਧਿਰਾਜਾਧਿਕਾਰੀ ॥ ੧੧੯ ॥**

**ਪਦਅਰਥ** : ਅੱਛਰਾ - ਮਾਤ ਲੋਕ ਦੀ ਸੁੰਦਰ ਨਾਰੀ, ਪੱਛਰਾ - ਸੁਰਗ ਲੋਕ ਦੀ ਸੁੰਦਰ ਨਾਰੀ, ਮੱਛਰਾ - ਪਾਤਾਲ ਲੋਕ ਦੀ ਸੁੰਦਰ ਨਾਰੀ, ਅਭੂਤੰ - ਤੱਤਾਂ ਤੋ ਬਿਨਾ, ਪ੍ਰਭਾ - ਤੇਜ -ਸੁੰਦਰਤਾ, ਛੈਲ ਛਾਲਾ - ਜੁਆਨ-ਸੁੰਦਰ ਗੱਭਰੂ, ਛੱਤ੍ਰਧਾਰੀ - ਜਿਸ ਦੇ ਸਿਰ ਤੇ ਛਤ੍ਰ ਝੂਲੇ, ਰਾਜਾਧਿਕਾਰੀ - ਰਾਜ ਦੇ ਅਧਿਕਾਰੀ ।

**ਅਰਥ** : ਕਿਤੇ ਆਪ ਮਾਤ ਲੋਕ ਦੀ ਸੁੰਦਰ ਨਾਰੀ ਹੋ ਕਿਤੇ ਆਪ ਸੁਰਗ ਲੋਕ ਦੀ ਅਤੇ ਕਿਤੇ ਪਾਤਾਲ ਲੋਕ ਦੀ ਸੁੰਦਰ ਨਾਰੀ ਹੋ । ਕਿਤੇ ਯੁੱਧ ਵਿਦਿਆ ਵਿਚ ਨਿਪੁੰਨ ਹੋ ਤੇ ਕਿਤੇ ਦੇਹ ਰਹਿਤ ਤੇਜ ਵਾਲੇ ਹੋ। ਕਿਤੇ ਸੁੰਦਰ ਗੱਭਰੂ ਹੋ ਤੇ ਕਿਤੇ ਤੁਹਾਡੇ ਸਿਰ ਤੇ ਛਤਰ ਝੂਲ ਰਿਹਾ ਹੈ । ਕਿਤੇ ਰਾਜ ਦਾ ਸਾਜ ਹੋ ਤੇ ਕਿਤੇ ਰਾਜ ਦੇ ਅਧਿਕਾਰੀ ਬਣੇ ਬੈਠੇ ਹੋ।

**ਨਮੋ ਨਾਥ ਪੂਰੇ ਸਦਾ ਸਿੱਧ ਦਾਤਾ ॥ ਅਛੇਦੀ ਅਛੈ ਆਦਿ ਅਦ੍ਵੈ ਬਿਧਾਤਾ ॥**
**ਨ ਤ੍ਰਸਤੰ ਨ ਗ੍ਰਸਤੰ ਸਮਸਤੰ ਸਰੂਪੇ ਨਮਸਤੰ ਨਮਸਤੰ ਤੁਅਸਤੰ ਅਭੂਤੇ॥੧੨੦॥**

**ਪਦਅਰਥ** : ਨ ਤ੍ਰਸਤੰ - ਤੈਨੂੰ ਡਰ ਨਹੀਂ, ਨ ਗ੍ਰਸਤੰ - ਪਕੜ ਨਹੀ, ਤੁ ਅਸਤੰ - ਤੂੰ ਅਦ੍ਰਿਸ਼ ਹੈ

**ਅਰਥ** : ਪੂਰੇ ਮਾਲਕ ਨੂੰ ਨਮਸਕਾਰ ਹੈ । ਉਹ ਖਜਾਨਿਆਂ ਦੇ ਦੇਣ ਵਾਲਾ ਹੈ। ਛੇਦਿਆ ਨਾ ਜਾ ਸਕਣ ਵਾਲਾ, ਨਾਮ ਰਹਿਤ, ਮੁੱਢ ਸਰੂਪ, ਦ[illegible] ਰਹਿਤ, ਤੇ ਕਰਣਹਾਰ ਹੈ। ਉਸ ਨੂੰ ਕੋਈ ਡਰ ਨਹੀਂ ਹੈ ਤੇ ਨਾਂ ਹੀ ਉਹ ਕਿਸੇ ਦੀ ਪ[illegible] ਵਿਚ ਹੈ। ਉਹ ਸਮੂਹ ਰੂਪ ਵਾਲਾ ਹੈ । ਨਮਸਕਾਰ ਹੈ ਉਸ ਅਦ੍ਰਿਸਟ ਅਚਰਜ ਰੂਪ ਨੂੰ ਨਮਸਕਾਰ ਹੈ ।

**ਤ੍ਵਪ੍ਰਸਾਦਿ । ਪਾਧੜੀ ਛੰਦ**

ਤੇਰੀ ਕਿਰਪਾ ਨਾਲ ਪਾਧੜੀ ਛੰਦ ਵਿਚ ਰਚਨਾ ਕੀਤੀ ਹੈ ।

**ਅਬ੍ਯਕਤ ਤੇਜ ਅਨਭਉ ਪ੍ਰਕਾਸ਼ ॥ ਅਛੈ ਸਰੂਪ ਅਦ੍ਵੈ ਅਨਾਸ ॥**
**ਅਨਤੁਟ ਤੇਜ, ਅਨਖੁਟ ਭੰਡਾਰ ॥ ਦਾਤਾ ਦੁਰੰਤ ਸਰਬੰ ਪ੍ਰਕਾਰ ॥੧੨੧॥**

**ਪਦਅਰਥ** : ਅਬ੍ਯਕਤ - ਸਾਫ ਦੇਖਿਆ ਤੇ ਕਥਿਆ ਨਾ ਜਾਨ ਵਾਲਾ, ਤੇਜ - ਪ੍ਰਕਾਸ਼, ਅਨਭਉ - ਡਰ ਰਹਿਤ, ਅਛੈ - ਨਾਸ ਨਾਂ ਹੋਣ ਵਾਲਾ, ਅਨਤੁਟ - ਜਿਸ ਵਿਚ



www.sridasamgranth.com

ਘਾਟਾ ਨਾਂ ਪਵੇ, ਦੁਰੰਤ - ਬੇਅੰਤ ।

**ਅਰਥ** : ਉਸ ਦਾ ਪ੍ਰਕਾਸ਼ ਸਾਫ਼ ਦੇਖਿਆ ਤੇ ਕਥਿਆ ਨਹੀਂ ਜਾ ਸਕਦਾ । ਉਸ ਦਾ ਪ੍ਰਕਾਸ਼ ਡਰ ਰਹਿਤ ਹੈ । ਉਸ ਦਾ ਸਰੂਪ ਨਾਸ ਨਾਂ ਹੋਣ ਵਾਲਾ, ਦ੍ਵੈਤ ਰਹਿਤ ਤੇ ਨਸ਼ਟ ਨਾਂ ਹੋਣ ਵਾਲਾ ਹੈ । ਉਸ ਦੇ ਤੇਜ ਵਿਚ ਕਦੀ ਘਾਟਾ ਨਹੀਂ ਪੈਂਦਾ, ਉਸ ਦੇ ਭੰਡਾਰੇ ਨਾਂ ਮੁਕਣ ਵਾਲੇ ਹਨ । ਉਹ ਹਰ ਤਰਾਂ ਨਾਲ ਦਾਤਾਂ ਵੰਡਣ ਵਾਲਾ ਦਾਤਾ ਹੈ ।

**ਅਨਭੂਤ ਤੇਜ ਅਨਛਿੱਜ ਗਾਤ ॥ ਕਰਤਾ ਸਦੀਵ ਹਰਤਾ ਸਨਾਤ ॥**
**ਆਸਨ ਅਡੋਲ ਅਨਭੂਤ ਕਰਮ ॥ ਦਾਤਾ ਦਇਆਲ, ਅਨਭੂਤ ਧਰਮ ॥੧੨੨॥**

**ਪਦਅਰਥ** : ਅਨਭੂਤ - ਅਸਚਰਜ, ਅਨਛਿੱਜ - ਨਾ ਛਿੱਜਣ ਵਾਲਾ, ਸਨਾਤ - ਨੀਚਾਂ- ਕੁਕਰਮਾਂ ।

**ਅਰਥ** : ਉਹ ਅਸਚਰਜ ਪ੍ਰਕਾਸ਼ ਰੂਪ ਵਾਲਾ ਤੇ ਨਾ ਛਿੱਜਣ ਵਾਲੇ ਸਰੀਰ ਵਾਲਾ ਹੈ । ਸਦਾ ਸਭ ਦਾ ਕਰਤਾ ਹੈ ਤੇ ਕੁਕਰਮਾਂ ਦਾ ਦੂਰ ਕਰਨ ਵਾਲਾ ਹੈ । ਉਸ ਦਾ ਆਸਣ ਨਾਂ ਹਿਲਣ ਵਾਲਾ ਭਾਵ ਅਡੋਲ ਹੈ । ਉਸ ਦੇ ਕੰਮ ਆਸਚਰਜ ਹਨ । ਉਹ ਦਾਤਾ ਹੈ, ਦਿਆਲੂ ਹੈ ਤੇ ਤੱਤਾਂ ਤੋਂ ਰਹਿਤ ਧਰਮ ਵਾਲਾ ਹੈ ।

**ਜਿਹ ਸੱਤ੍ਰ ਮਿੱਤ੍ਰ ਨਹੀਂ ਜਨਮ ਜਾਤਿ ॥ ਜਿਹ ਪੁੱਤ੍ਰ ਭ੍ਰਾਤ ਨਹੀਂ ਮਿੱਤ੍ਰ ਮਾਤ ॥**
**ਜਿਹ ਕਰਮ ਭਰਮ ਨਹੀਂ ਧਰਮ ਧਿਆਨ॥ ਜਿਹ ਨੇਹ ਗੇਹ ਨਹੀਂ ਬਿਓਂਤ ਬਾਨ॥**
**(੧੨੩)**

**ਪਦਅਰਥ** : ਸੱਤ੍ਰ - ਦੁਸ਼ਮਨ, ਭ੍ਰਾਤ - ਭਰਾਤਾ, ਨੇਹ - ਪਿਆਰ, ਗੇਹ - ਪਕੜ, ਬਿਓਂਤਬਾਨ - ਬਣਤਰ - ਢਾਂਚਾ

**ਅਰਥ** : ਉਸ ਦਾ ਕੋਈ ਦੁਸ਼ਮਨ, ਮਿੱਤਰ ਤੇ ਜਨਮ ਜਾਤ ਨਹੀ ਹੈ । ਉਸਦਾ ਕੋਈ ਪੁੱਤਰ, ਭਰਾ, ਮਿੱਤਰ ਤੇ ਮਾਤਾ ਨਹੀਂ ਹੈ । ਉਹ ਕਰਮਾਂ ਦੇ ਭਰਮਾਂ ਵਿਚ ਨਹੀਂ ਤੇ ਨਾਂ ਹੀ ਧਰਮਾਂ ਦੇ ਧਿਆਨ ਵਿਚ ਹੈ । ਉਸ ਨੂੰ ਪਿਆਰ ਦੀ ਪਕੜ ਨਹੀਂ ਤੇ ਕਿਸੇ ਕਿਸਮ ਦੀ ਬਣਤਰ ਦੀ ਆਦਤ ਨਹੀਂ ।

**ਜਿਹ ਜਾਤਿ ਪਾਤਿ ਨਹੀਂ ਸੱਤ੍ਰ ਮਿੱਤ੍ਰ ॥ ਜਿਹ ਨੇਹ ਗੇਹ ਨਹੀਂ ਚਿਹਨ ਚਿੱਤ੍ਰ ॥**
**ਜਿਹ ਰੰਗ ਰੂਪ ਨਹੀਂ ਰਾਗ ਰੇਖ ॥ ਜਿਹ ਜਨਮ ਜਾਤਿ,ਨਹੀ ਭਰਮ ਭੇਖ ॥੧੨੪॥**

**ਅਰਥ** : ਉਸਦੀ ਜਾਤ ਪਾਤ ਨਹੀਂ ਤੇ ਨਾਂ ਹੀ ਕੋਈ ਦੁਸ਼ਮਨ ਤੇ ਮਿੱਤਰ ਹੈ। ਉਸ ਨੂੰ ਪਿਆਰ ਦੀ ਪਕੜ ਨਹੀਂ ਤੇ ਨਾਂ ਹੀ ਉਸਦੇ ਕੋਈ ਚਿੰਨ੍ਹ ਤੇ ਮੂਰਤ ਹੈ । ਉਸਦਾ ਕੋਈ ਰੰਗ ਤੇ ਸ਼ਕਲ ਨਹੀਂ ਤੇ ਨਾਂ ਹੀ ਪਿਆਰ ਤੇ ਈਰਖਾ ਹੈ । ਉਸਦੀ ਜਨਮ ਜਾਤ ਨਹੀਂ ਤੇ ਨਾਂਹੀ ਉਹ ਕਿਸੇ ਧਾਰਮਿਕ ਲਿਬਾਸ ਦਾ ਦਿਖਾਵਾ ਕਰਦਾ ਹੈ।

**ਜਿਹ ਕਰਮ ਭਰਮ ਨਹੀ ਜਾਤਿ ਪਾਤਿ। ਨਹੀ ਨੇਹ ਗੇਹ ਨਹੀ ਪਿੱਤ੍ਰ ਮਾਤ।**
**ਜਿਹ ਨਾਮ ਥਾਮ ਨਹੀ ਬਰਗ ਬਿਆਧ । ਜਿਹ ਰੋਗ ਸੋਗ ਨਹੀ ਸੱਤ੍ਰ ਸਾਧ**
**।੧੨੫।।**

**ਪਦ ਅਰਥ** :- ਥਾਮ -ਟਿਕਾਣਾ, ਬਰਗ - ਵਰਗ, ਬਿਆਧ - ਰੋਗ,

**ਅਰਥ** :- ਉਸਦੀ ਹਸਤੀ ਕਰਮਾਂ ਤੇ ਭਰਮਾਂ ਵਿਚ ਨਹੀਂ ਤੇ ਨਾਹੀ ਉਹ ਕਿਸੇ ਜਾਤ ਪਾਤ ਵਾਲਾ ਹੈ । ਉਹ ਘਰ ਦੇ ਮੋਹ ਵਿਚ ਨਹੀਂ ਹੈ ਤੇ ਨਾ ਹੀ ਉਸਦੇ ਮਾਤਾ-ਪਿਤਾ ਹਨ । ਉਸਦਾ ਕੋਈ ਨਾਮ ਨਹੀਂ, ਕੋਈ ਟਿਕਾਣਾ ਨਹੀਂ, ਕੋਈ



ਵਰਗ ਤੇ ਬੀਮਾਰੀ ਨਹੀਂ । ਉਸਨੂੰ ਕੋਈ ਦੁੱਖ ਤੇ ਚਿੰਤਾ ਨਹੀਂ ਤੇ ਨਾਹੀ ਉਸਦਾ ਕੋਈ ਦੁਸ਼ਮਣ ਮਿੱਤਰ ਹੈ ।

**ਜਿਹ ਤ੍ਰਾਸਵਾਸ ਨਹੀਂ ਦੇਹ ਨਾਸ । ਜਿਹ ਆਦਿ ਅੰਤ ਨਹੀ ਰੂਪ ਰਾਸਿ ।**
**ਜਿਹ ਰੋਗ ਸੋਗ ਨਹੀਂ ਜੋਗ ਜੁਗਤਿ। ਜਿਹ ਤ੍ਰਾਸ ਆਸ ਨਹੀ ਭੂਮਿ ਭੁਗਤ**
**।। ੧੨੬।।**

**ਪਦ ਅਰਥ** :- ਤ੍ਰਾਸਵਾਸ-ਡਰ ਵਿਚ ਵਾਸਾ, ਰੂਪ ਰਾਸਿ - ਰੂਪ ਦੀ ਪੂੰਜੀ, ਜੁਗਤਿ-ਜੁਗਤੀ ਜਾਂ ਢੰਗ, ਭੁਗਤ - ਭੋਗਣਾ ।

**ਅਰਥ** :- ਉਸਦਾ ਡਰ ਵਿਚ ਵਾਸਾ ਨਹੀਂ ਤੇ ਨਾ ਹੀ ਉਸਦੀ ਦੇਹ ਜਾਂ ਸਰੀਰ ਦਾ ਨਾਸ ਹੁੰਦਾ ਹੈ । ਉਸਦਾ ਕੋਈ ਅਰੰਭ ਨਹੀਂ, ਅੰਤ ਨਹੀਂ ਤੇ ਉਸਦੇ ਰੂਪ ਦੀ ਪੂੰਜੀ ਬੇਅੰਤ ਹੈ । ਉਹ ਰੋਗ ਰਹਿਤ, ਚਿੰਤਾਵਾਂ ਰਹਿਤ ਤੇ ਨਾਹੀ ਜੋਗ ਦੀ ਜੁਗਤੀ ਹੈ । ਉਹ ਡਰ ਹੀਣ ਤੇ ਆਸਾ ਹੀਣ ਹੈ । ਉਸਨੂੰ ਧਰਤੀ ਦੇ ਭੋਗਾਂ ਦੀ ਕੋਈ ਖਾਹਸ਼ ਨਹੀਂ ।

**ਜਿਹ ਕਾਲ ਬਿਆਲ ਕਟਿਓ ਨ ਅੰਗ । ਅੱਛੈ ਸਰੂਪ ਅਖੈ ਅਭੰਗ ।**
**ਜਿਹ ਨੇਤਿ ਨੇਤਿ ਉਚਰੰਤ ਬੇਦ । ਜਿਹ ਅਲਖ ਰੂਪ ਕੱਥਤ ਕਤੇਬ ।੧੨੭।।**

**ਪਦ ਅਰਥ** :- ਬਿਆਲ-ਸੱਪ, ਅੱਛੈ - ਨਾਸ ਨਾ ਹੋਣ ਵਾਲਾ, ਅਖੈ - ਨਾਸ ਰਹਿਤ, ਅਭੰਗ-ਭੰਗ ਨਾ ਹੋਣ ਵਾਲਾ ।

**ਅਰਥ** :- ਉਸਦੇ ਸਰੀਰ ਨੂੰ ਕਾਲ ਰੂਪੀ ਸੱਪ ਨਹੀਂ ਕੱਟਦਾ ਭਾਵ ਮੌਤ ਉਸਦੇ ਨੇੜੇ ਨਹੀਂ ਆਉਂਦੀ । ਉਸਦਾ ਸਰੂਪ ਨਾਸ ਨਾ ਹੋਣ ਵਾਲਾ, ਖਤਮ ਨਾ ਹੋਣ ਵਾਲਾ ਤੇ ਭੰਗ ਨਾ ਹੋਣ ਵਾਲਾ ਹੈ । ਵੇਦ-ਸ਼ਾਸਤ੍ਰ ਉਸਨੂੰ ਬੇਅੰਤ ਬੇਅੰਤ ਆਖਦੇ ਹਨ । ਉਸਦੇ ਰੂਪ ਦਾ ਭੇਦ ਨਹੀਂ ਪਾਇਆ ਜਾ ਸਕਦਾ । ਧਾਰਮਿਕ ਪੁਸਤਕਾਂ ਵੀ ਇਹੀ ਕਹਿੰਦੀਆਂ ਹਨ ਕਿ ਉਸਨੂੰ ਲਖਿਆ ਨਹੀਂ ਜਾ ਸਕਦਾ ।

**ਜਿਹ ਅਲਖ ਰੂਪ ਆਸਨ ਅਡੋਲ । ਜਿਹ ਅਮਿਤ ਤੇਜ ਅੱਛੈ ਅਤੋਲ ।।**
**ਜਿਹ ਧਿਆਨ ਕਾਜ ਮੁਨਿ ਜਨ ਅਨੰਤ । ਕਈ ਕਲਪ ਜੋਗ ਸਾਧਤ ਦੁਰੰਤ ।।**
**।੧੨੮।।**

**ਪਦ ਅਰਥ** :- ਅਮਿਤ-ਨਾ ਮਿਣਿਆ ਜਾ ਸਕਣ ਵਾਲਾ । ਅਤੋਲ-ਤੋਲ ਰਹਿਤ, ਕਲਪ - ਬ੍ਰਹਮਾ ਦਾ ਇਕ ਦਿਨ (ਜਿਸਦਾ ਸਮਾਂ 4 ਅਰਬ 32 ਕਰੋੜ ਵਰ੍ਹੇ ਹੈ), ਦੁਰੰਤ-ਕਠਿਨ,

**ਅਰਥ** :- ਉਸਦਾ ਰੂਪ ਅਲੱਖ ਹੈ ਭਾਵ ਉਸਦੇ ਰੂਪ ਦਾ ਥਹੁ ਨਹੀਂ ਪਾਇਆ ਜਾ ਸਕਦਾ ਤੇ ਉਸਦਾ ਆਸਨ ਅਡੋਲ ਹੈ ਜੋ ਕਦੇ ਡੋਲਦਾ ਨਹੀਂ । ਉਸਦਾ ਤੇਜ ਪ੍ਰਕਾਸ਼ ਨਾ ਮਿਣਿਆ ਜਾ ਸਕਣ ਵਾਲਾ ਹੈ । ਉਹ ਨਾਸ ਰਹਿਤ ਅਤੇ ਅਤੋਲ ਹੈ। ਬੇਅੰਤ ਮੁਨੀਜਨ ਉਸਦੇ ਧਿਆਨ ਦੇ ਕਾਰਜ ਭਾਵ ਦਰਸ਼ਨਾਂ ਲਈ ਲੱਗੇ ਹੋਏ ਹਨ ਅਤੇ ਬਹੁਤ ਸਾਰੇ ਅਣਗਿਣਤ-ਸਮਿਆਂ ਤਕ ਕਠਿਨ ਸਾਧਨਾ ਕਰਦੇ ਹਨ ।

**ਤਨ ਸੀਤ ਘਾਮ ਬਰਖਾ ਸਹੰਤ । ਕਈ ਕਲਪ ਏਕ ਆਸਨ ਬਿਤੰਤ ।**
**ਕਈ ਜਤਨ ਜੋਗ ਬਿੱਦਿਆ ਬਿਚਾਰਿ। ਸਾਧੰਤ ਤਦਿਪਿ ਪਾਵਤ ਨਾ ਪਾਰ ।।**
**।੧੨੯।।**



www.sridasamgranth.com

**ਪਦ ਅਰਥ :**– ਪਾਲਾ-ਸਰਦੀ, ਘਾਮ – ਧੁੱਪ, ਸਹੰਤ – ਸਹਿੰਦੇ, ਤਦਿਪਿ – ਤਦ ਭੀ ਜਾਂ ਫਿਰ ਵੀ ।

**ਅਰਥ :**– ਕਈ ਆਪਣੇ ਸਰੀਰ ਤੇ ਪਾਲਾ, ਧੁੱਪ ਤੇ ਵਰਖਾ ਸਹਾਰਦੇ ਹਨ। ਅਨੇਕਾਂ ਬੇਸੁਮਾਰ ਬੇਅੰਤ ਸਮੇਂ ਤਕ ਇੱਕ ਹੀ ਆਸਨ ਤੇ ਬੈਠਕੇ ਬਿਤਾ ਦੇਂਦੇ ਹਨ। ਕਈ ਜੋਗ ਦੇ ਜਤਨ ਤੇ ਵਿਦਿਆ ਦੀ ਵੀਚਾਰ ਕਰਦੇ ਹਨ । ਕਰੜੀ ਸਾਧਨਾ ਕਰਦੇ ਹਨ ਫਿਰ ਵੀ ਉਸਦਾ ਪਾਰ ਨਹੀਂ ਪਾ ਸਕਦੇ ।

**ਕਈ ਉਰਧ ਬਾਹ ਦੇਸਨ ਭ੍ਰਮੰਤ । ਕਈ ਉਰਧ ਮਧ ਪਾਵਕ ਝੂਲੰਤ ।**
**ਕਈ ਸਿਮ੍ਰਿਤ ਸਾਸਤ੍ਰ ਉਚਰੰਤ ਬੇਦ । ਕਈ ਕੋਕ ਕਬਿ ਕੱਥਤ ਕਤੇਬ**
**॥੧੩੦॥**

**ਪਦ ਅਰਥ :**– ਉਰਧ ਬਾਹ – ਉਤਾਹ ਬਾਹਾਂ ਕਰਕੇ, ਪਾਵਕ – ਅਗਨੀ।

**ਅਰਥ :**– ਕਈ ਬਾਹਾਂ ਉਤਾਂਹ ਕਰਕੇ ਪ੍ਰਦੇਸਾਂ ਵਿਚ ਭਉਂਦੇ ਫਿਰਦੇ ਹਨ। ਕਈ ਅੱਗ ਵਿਚਕਾਰ ਮੂਧੇ ਹੋਏ ਲਟਕਦੇ ਹਨ । ਕਈ ਸਿਮ੍ਰਤੀਆਂ, ਸ਼ਾਸਤਰਾਂ ਤੇ ਵੇਦਾਂ ਦਾ ਉਚਾਰਣ ਕਰਦੇ ਹਨ ਕਈ ਕੋਕ ਸ਼ਾਸਤ੍ਰ ਦੀਆਂ ਯੁਕਤੀਆਂ ਬਿਆਨ ਕਰਦੇ ਹਨ। ਕਈ ਮੁਸਲਮਾਨੀ ਧਰਮ ਦੀਆਂ ਪੁਸਤਕਾਂ ਬਿਆਨ ਕਰਦੇ ਰਹਿੰਦੇ ਹਨ ।

**ਕਈ ਅਗਨੀ ਹੋਤ੍ਰ ਕਈ ਪਉਨ ਅਹਾਰ । ਕਈ ਕਰਤ ਕੋਟ ਮ੍ਰਿਤ ਕੋ ਅਹਾਰ।**
**ਕਈ ਕਰਤ ਸਾਕ ਪੈ ਪੱਤ੍ਰ ਭੱਛ । ਨਹੀਂ ਤਦਪਿ ਦੇਵ ਹੋਵਤ ਪ੍ਰਤੱਛ ।੧੩੧॥**

**ਪਦ ਅਰਥ :**– ਅਗਨਿ ਹੋਤ-ਅੱਗ ਦੇ ਨਾਲ ਹਵਨ ਕਰਨਾ, ਪਉਨ ਅਹਾਰ-ਹਵਾ ਖਾਣ ਵਾਲੇ, ਮ੍ਰਿਤ ਕੋ ਅਹਾਰ-ਮਿੱਟੀ ਖਾਣ ਵਾਲੇ । ਸਾਕ- ਸਾਗ, ਪੱਤ੍ਰ-ਬ੍ਰਿਛਾਂ ਦੇ ਪੱਤੇ, ਤੱਛ -ਛਕਣ ਵਾਲੇ, ਪ੍ਰਤੱਛ -ਪ੍ਰਤੱਖ । ਪੈ- ਦੁੱਧ।

**ਅਰਥ :**– ਕਈ ਅਗਨੀ ਹਵਨ ਕਰਦੇ ਹਨ । ਕਈ ਹਵਾ ਖਾਣ ਵਾਲੇ ਹਨ। ਕਈ ਕਰੋੜਾਂ ਮਿੱਟੀ ਖਾਣ ਵਾਲੇ ਹਨ । ਕਈ ਸਾਗ, ਕਈ ਦੁੱਧ ਤੇ ਕਈ ਬ੍ਰਿਛਾਂ ਦੇ ਪੱਤਿਆਂ ਨੂੰ ਅਹਾਰ ਬਨਾਉਣ ਵਾਲੇ ਹਨ । ਫਿਰ ਵੀ ਉਨਾਂ ਨੂੰ ਪਰਮਾਤਮਾ ਦੇ ਪ੍ਰਤੱਖ ਦਰਸ਼ਨ ਨਹੀਂ ਹੁੰਦੇ ।

**ਕਈ ਗੀਤ ਗਾਨ, ਗੰਧ੍ਰਬ ਰੀਤਿ । ਕਈ ਬੇਦ ਸਾਸਤ੍ਰ ਬਿਦਿਆ ਪ੍ਰਤੀਤਿ ।**
**ਕਹੂੰ ਬੇਦਰੀਤਿ ਜਗ ਆਦਿ ਕਰਮ । ਕਹੂੰ ਅਗਨ ਹੋਤ੍ਰ ਕਹੂੰ ਤੀਰਥ ਧਰਮ ॥**
**॥੧੩੨॥**

**ਅਰਥ :**– ਕਈ ਗੰਧਰਬਾਂ ਦੀ ਰੀਤੀ ਅਨੁਸਾਰ ਗੀਤਾਂ ਦਾ ਗਾਇਨ ਕਰਦੇ ਹਨ । ਕਈ ਵੇਦ ਸ਼ਾਸ਼ਤਰਾਂ ਦੀ ਵਿਦਿਆ ਤੇ ਨਿਸ਼ਚਾ ਰੱਖਦੇ ਹਨ । ਕਈ ਵੇਦਾਂ ਦੀ ਰੀਤੀ ਅਨੁਸਾਰ ਜੱਗ ਕਰਨੇ ਆਦਿ ਦੇ ਕਰਮ ਕਰਦੇ ਹਨ । ਕਈ ਅਗਨੀ ਹਵਨ ਕਰਦੇ ਹਨ ਤੇ ਕਈ ਤੀਰਥ ਯਾਤਰਾ ਕਰਨ ਨੂੰ ਹੀ ਆਪਣਾ ਧਰਮ ਮੰਨੀ ਬੈਠੇ ਹਨ ।

**ਕਈ ਦੇਸਿ ਦੇਸਿ ਭਾਖਾ ਰਟੰਤ । ਕਈ ਦੇਸਿ ਦੇਸਿ ਬਿਦਿਆ ਪੜ੍ਹੰਤ ।**
**ਕਈ ਕਰਤ ਭਾਂਤਿ ਭਾਂਤਨ ਬਿਚਾਰ। ਨਹੀਂ ਨੈਕੁ ਤਾਸੁ, ਪਾਯੰਤ ਨ ਪਾਰ ॥**
**॥੧੩੩॥**



**ਪਦ ਅਰਥ :**–ਭਾਂਤਨ – ਕਿਸਮ ਕਿਸਮ, ਨੈਕੁ – ਥੋੜਾ, ਤਾਸੁ – ਉਸਦਾ।

**ਅਰਥ :**– ਕਈ ਦੇਸ ਦੇਸ਼ਾਂ ਦੀਆਂ ਭਾਸ਼ਾਵਾਂ ਦਾ ਉਚਾਰਨ ਕਰਦੇ ਹਨ । ਕਈ ਵੱਖ-2, ਦੇਸ਼ਾਂ ਦੀ ਵਿਦਿਆ ਨੂੰ ਪੜ੍ਹਦੇ ਹਨ । ਕਈ ਭਿੰਨ-2 ਕਿਸਮਾਂ ਦੀਆਂ ਵਿਚਾਰਾਂ ਕਰਦੇ ਹਨ । ਫਿਰ ਵੀ ਉਸਦਾ ਥੋੜਾ ਜਿਹਾ ਵੀ ਪਾਰ (ਅੰਤ) ਨਹੀਂ ਪਾ ਸਕਦੇ ।

**ਕਈ ਤੀਰਥ ਤੀਰਥ ਭਰਮਤ ਸੁਭਰਮ। ਕਈ ਅਗਨਿ ਹੋਤ੍ਰ ਕਈ ਦੇਵ ਕਰਮ।**
**ਕਈ ਕਰਤ ਬੀਰ-ਬਿਦਿਆ ਵਿਚਾਰ। ਨਹੀ ਤਦਿਪਿ ਤਾਸੁ ਪਾਇ ਤਨਿ ਪਾਰ**
**॥੧੩੪॥**

**ਪਦ ਅਰਥ :**– ਤਾਸੁ – ਉਸਦਾ, ਤਨਿ – ਛਨਿਕ ਜਾਂ ਰਤਾ ਕੁ ਭੀ ।

**ਅਰਥ :**– ਕਈ ਭਰਮਾਂ ਵਿਚ ਪਏ ਹੋਏ ਤੀਰਥਾਂ ਉਤੇ ਹੀ ਭਉਂਦੇ ਫਿਰਦੇ ਰਹਿੰਦੇ ਹਨ । ਕਈ ਅਗਨੀ ਦਾ ਹਵਨ ਕਰਦੇ ਹਨ । ਕਈ ਦੇਵਤਿਆਂ ਵਾਲੇ ਕਰਮ ਕਰਦੇ ਹਨ । ਕਈ ਯੁੱਧ-ਵਿਦਿਆ ਉਤੇ ਵਿਚਾਰ ਕਰਦੇ ਹਨ । ਫਿਰ ਭੀ ਉਹ ਰਤਾ ਕੁ ਭੀ ਅੰਤ ਨਹੀਂ ਪਾ ਸਕਦੇ ।

**ਕਹੂੰ ਰਾਜ ਰੀਤਿ ਕਹੂੰ ਜੋਗ ਧਰਮ । ਕਈ ਸਿੰਮ੍ਰਿਤ ਸਾਸਤ੍ਰ ਉਚਰਤ ਸੁਕਰਮ ।**
**ਨਿਉਲੀ ਆਦਿ ਕਰਮ ਕਹੂੰ ਹਸਤਿ ਦਾਨ । ਕਹੂੰ ਅਸੁਮੇਧ ਮਖ ਕੋ ਬਖਾਨ ॥**
**॥੧੩੫॥**

**ਪਦ ਅਰਥ :**– ਰਾਜਰੀਤਿ – ਰਾਜ ਦੀ ਮਰਿਆਦਾ, ਹਸਤਿ – ਹਾਥੀ ।

**ਅਰਥ :**– ਕਿਤੇ ਰਾਜ ਦੀ ਮਰਿਆਦਾ ਹੈ, ਕਿਤੇ ਜੋਗ ਦਾ ਧਰਮ ਹੈ । ਕਈ ਸਿਮਰਤੀਆਂ ਤੇ ਸ਼ਾਸਤਰਾਂ ਦੇ ਉਚਾਰਨ ਕੀਤੇ ਹੋਏ ਕਰਮ ਕਰਦੇ ਹਨ । ਕਈ ਨਿਉਲੀ ਕਰਮ ਕਰਦੇ ਹਨ । ਕਈ ਹਾਥੀ ਦਾਨ ਕਰਦੇ ਹਨ । ਕਈ ਅਸਵਮੇਧ ਜੱਗ ਹੋਮ ਦੀ ਰੀਤੀ ਦੱਸਦੇ ਹਨ ।

**ਕਹੂੰ ਕਰਤ ਬ੍ਰਹਮ ਬਿਦਿਆ ਬਿਚਾਰ। ਕਹੂੰ ਜੋਗਰੀਤਿ ਕਹੂੰ ਬਿਰਧਿ ਚਾਰਿ ॥**
**ਕਹੂੰ ਕਰਤ ਜੱਛ ਗੰਧਰਬ ਗਾਨ । ਕਹੂੰ ਧੂਪ ਦੀਪ ਕਹੂੰ ਅਰਘ ਦਾਨ॥ ੧੩੬॥**

**ਪਦ ਅਰਥ:**-ਬਿਰਧਿ-ਮਹਾਨ ਸਦਾਚਾਰਕ ਨੇਮ, ਅਰਘ-ਪੂਜਾ-ਸਾਮੱਗਰੀ।

**ਅਰਥ :**– ਕਿਤੇ ਬ੍ਰਹਮ ਵਿਦਿਆ ਦੀ ਵੀਚਾਰ ਕਰਦੇ ਹਨ । ਕਿਤੇ ਜੋਗ ਦੀ ਰੀਤੀ ਕਰਦੇ ਹਨ ਤੇ ਕਿਤੇ ਮਹਾਨ ਸਦਾਚਾਰਕ ਨੇਮ ਨਿਭਾ ਰਿਹਾ ਹੈ । ਕਿਤੇ ਗਾਉਣ ਵਾਲਾ ਤੇ ਕਿਤੇ ਵਾਜੰਤਰੀ ਹੈ । ਕਿਤੇ ਧੂਪਦੀਪ ਆਦਿ ਪੂਜਾ ਸਾਮਗਰੀ ਆਦਿ ਦਾ ਦਾਨ ਕਰਨ ਵਾਲਾ ਹੈ ।

**ਕਹੂੰ ਪਿਤ੍ਰ ਕਰਮ ਕਹੂੰ ਬੇਦ ਰੀਤਿ । ਕਹੂੰ ਨ੍ਰਿਤ- ਨਾਚ ਕਹੂੰ ਗਾਨ-ਗੀਤ ।**
**ਕਹੂੰ ਕਰਤ ਸਾਸਤ੍ਰ ਸਿੰਮ੍ਰਿਤਿ ਉਚਾਰ।ਕਈ ਭਜਤ ਏਕ ਪਗ ਨਿਰਾਧਾਰ॥ ੧੩੭॥**

**ਪਦ ਅਰਥ :**– ਪਿਤ੍ਰ ਕਰਮ – ਪਿਤਰਾਂ ਨਮਿਤ ਕੀਤੇ ਕੰਮ ਜਿਵੇਂ ਸਰਾਧ ਆਦਿ । ਪਗ – ਪੈਰ, ਨਿਰਾਧਾਰ – ਸਹਾਰੇ ਬਿਨਾਂ ।

**ਅਰਥ :**– ਕਿਤੇ ਕੋਈ ਪਿਤਰਾਂ ਨਮਿਤ ਸਰਾਧ ਆਦਿ ਕਰਨ ਦਾ ਕੰਮ ਕਰ ਰਿਹਾ ਹੈ । ਕਿਤੇ ਕੋਈ ਵੇਦਾਂ ਦੀ ਰੀਤੀ ਕਰ ਰਿਹਾ ਹੈ । ਕਿਤੇ ਕੋਈ ਨਾਚ



www.sridasamgranth.com

ਨਿਤ੍ਰ ਭਗਤੀ ਕਰ ਰਿਹਾ ਹੈ ਤੇ ਕਿਤੇ ਕੋਈ ਗੀਤਾਂ ਦਾ ਗਾਇਨ ਕਰ ਰਿਹਾ ਹੈ। ਕਿਤੇ ਕੋਈ ਸ਼ਾਸਤ੍ਰਾਂ ਤੇ ਸਿਮ੍ਰਤੀਆਂ ਦਾ ਉਚਾਰਨ ਕਰ ਰਿਹਾ ਹੈ। ਕਈ ਇਕ ਪੈਰ ਤੇ ਬਿਨਾਂ ਸਹਾਰੇ ਦੇ ਖੜ੍ਹੇ ਹੋ ਕੇ ਭਜਨ ਕਰ ਰਹੇ ਹਨ।

**ਕਈ ਨੇਹ ਦੇਹ ਕਈ ਗੇਹ ਵਾਸ। ਕਈ ਭ੍ਰਮਤ ਦੇਸ ਦੇਸਨ ਉਦਾਸਿ।**
**ਕਈ ਜਲ ਨਿਵਾਸ ਕਈ ਅਗਨਿ ਤਾਪ। ਕਈ ਜਪਤ ਉਰਧ ਲਟਕੰਤ ਜਾਪ ॥੧੩੮॥**

**ਪਦ ਅਰਥ :-** ਨੇਹ - ਪਿਆਰ, ਦੇਹ - ਸਰੀਰ, ਗੇਹ - ਘਰ, ਉਰਧ - ਉਲਟੇ, ਲਟਕੰਤ - ਲਟਕ ਕੇ।

**ਅਰਥ :-** ਕਈ ਆਪਣੀ ਦੇਹ ਜਾਂ ਸਰੀਰ ਨਾਲ ਪਿਆਰ ਕਰਦੇ ਹਨ ਤੇ ਕਈ ਘਰ ਵਿਚ ਜਾਂ ਗ੍ਰਹਿਸਤ ਵਿਚ ਵਾਸ ਕਰਦੇ ਹਨ। ਕਈ ਉਦਾਸ ਹੋ ਕੇ ਦੇਸ਼ ਦੇਸ਼ਾਂਤਰਾਂ ਵਿਚ ਭਰਮਦੇ ਪਏ ਹਨ। ਕਈਆਂ ਨੇ ਜਲ ਵਿਚ ਨਿਵਾਸ ਕੀਤਾ ਹੈ ਤੇ ਕਈ ਅਗਨੀ ਤਾਪ ਕਰਦੇ ਹਨ। ਕਈ ਪੁੱਠੇ ਲਟਕ ਕੇ ਜਾਪ ਜਪਦੇ ਹਨ।

**ਕਈ ਜਪਤ ਜੋਗ ਕਲਪੰ ਪ੍ਰਜੰਤ। ਨਹੀ ਤਦਿਪਿ ਤਾਸ ਪਾਯਤ ਨ ਅੰਤ।**
**ਕਈ ਕਰਤ ਕੋਟਿ ਬਿੱਦਿਆ ਬਿਚਾਰ। ਨਹੀ ਤਦਿਪਿ ਦਿਸਟਿ ਦੇਖੇ ਮੁਰਾਰਿ ॥੧੩੯॥**

**ਪਦ ਅਰਥ :-** ਕਲਪੰ - ਸਮੇਂ ਦਾ ਇਕ ਮਾਪ ਅਰਥਾਤ ਪੁਰਾਣਾ ਅਨੁਸਾਰ ਬ੍ਰਹਮਾ ਦਾ ਇਕ ਦਿਨ ਜੋ 4 ਅਰਬ ੩੨ ਕਰੋੜ ਵਰ੍ਹੇ ਦਾ ਹੁੰਦਾ ਹੈ। ਤਾਸ-ਉਸ ਦਾ। ਮੁਰਾਰਿ - ਵਾਹਿਗੁਰੂ।

**ਅਰਥ :-** ਕਈ ਅਣਗਿਣਤ ਸਮੇਂ ਤਕ ਜੋਗ ਧਾਰਕੇ ਤਪ ਕਰਦੇ ਹਨ ਫਿਰ ਵੀ ਉਹ ਉਸਦਾ ਅੰਤ ਨਹੀਂ ਪਾ ਸਕਦੇ। ਕਈ ਕਰੋੜਾਂ ਵਿਦਿਆ ਦਾ ਵਿਚਾਰ ਕਰਦੇ ਹਨ ਫਿਰ ਵੀ ਉਸ ਵਾਹਿਗੁਰੂ ਨੂੰ ਅੱਖਾਂ ਨਾਲ ਨਹੀਂ ਦੇਖ ਸਕਦੇ ਭਾਵ ਉਸਦਾ ਦਰਸ਼ਨ ਨਹੀਂ ਕਰ ਸਕਦੇ।

**ਬਿਨੁ ਭਗਤਿ-ਸਕਤਿ ਨਹੀ ਪਰਤ ਪਾਨਿ। ਬਹੁ ਕਰਤ ਹੋਮ ਅਰੁ ਜੱਗ ਦਾਨ।**
**ਬਿਨੁ ਏਕ ਨਾਮੁ ਇਕ ਚਿੱਤ ਲੀਨ। ਫੋਕਟੋ ਸਰਬ ਧਰਮਾ ਬਿਹੀਨ ॥੧੪੦॥**

**ਪਦ ਅਰਥ :-** ਪਾਨਿ - ਵੱਸ ਵਿਚ ਨਹੀਂ ਆਉਂਦਾ।

**ਅਰਥ :-** ਭਗਤੀ ਦੀ ਸ਼ਕਤੀ ਤੋਂ ਬਿਨਾਂ ਉਹ ਵੱਸ ਵਿਚ ਨਹੀਂ ਆਉਂਦਾ ਭਾਵੇ ਬਹੁਤ ਸਾਰੇ ਹੋਮ ਤੇ ਜੱਗ ਕੀਤੇ ਜਾਣ ਅਤੇ ਦਾਨ ਭੀ ਦਿਤੇ ਜਾਣ। ਇਕ ਨਾਮ ਵਿਚ ਇਕ ਚਿਤ ਲੀਨ ਹੋਏ ਬਿਨਾ ਸਾਰੇ (ਬਿਹੀਨ) ਨਿਕੰਮੇ ਧਰਮ ਫੋਕਟ ਹਨ।

## ਤ੍ਵਪ੍ਰਸਾਦਿ। ਤੋਟਕ ਛੰਦ

**ਜੈ ਜੰਪਹਿ ਜੁੱਗਣ ਜੂਹ ਜੁਅੰ। ਭੈ ਕੰਪਹਿ ਮੇਰੁ ਪਯਾਲ ਭੁਅੰ।**
**ਤਪ ਤਾਪਸ ਸਰਬ ਜਲੇਰੁ ਥਲੰ। ਧੰਨਿ ! ਉਚਰਤ ਇੰਦ੍ਰ ਕੁਮੇਰ ਬਲੰ ॥੧੪੧॥**

**ਪਦ ਅਰਥ :** ਜੰਪਹਿ=ਜਪਦੇ ਹਨ। ਜੁੱਗਣ=ਜੋੜੀ। ਜੂਹ=ਸਮੂਹ। ਜੁਅੰ=ਜੁੜਕੇ, ਇਕੱਠੇ ਹੋ ਕੇ। ਮੇਰੁ=ਪਰਬਤ। ਪਯਾਲ=ਪਾਤਾਲ। ਭੁਅੰ=ਧਰਤੀ। ਜਲੇਰੁ=ਜਲਤੇ



ਥਲ ਵਿਚ। ਕੁਮੇਰ=ਕੁਬੇਰ। ਬਲੰ=ਪਤਾਲ ਦਾ ਰਾਜਾ।

**ਅਰਥ :** ਸਾਰੇ ਸਮੂੰਹ ਰੂਪ ਵਿਚ ਜੁੜ ਕੇ (ਸਤਿਸੰਗ ਵਿਚ) ਜਿਸ ਨੂੰ ਜਪਦੇ ਹਨ। ਉਸਦੇ ਡਰ ਨਾਲ ਪਰਬਤ, ਪਾਤਾਲ ਤੇ ਧਰਤੀ ਕੰਬਦੇ ਹਨ। ਜਲ ਵਿਚ ਰਹਿਣ ਵਾਲੇ ਤੇ ਥਲ ਉਤੇ ਰਹਿਣ ਵਾਲੇ ਸਾਰੇ ਜੀਵ ਉਸਦਾ ਤਪ ਕਰਦੇ ਹਨ। ਇੰਦ੍ਰ ਦੇਵਤਾ, ਕੁਬੇਰ ਤੇ ਪਾਤਾਲ ਦਾ ਰਾਜਾ ਬਲ ਸਾਰੇ ਉਸ ਨੂੰ ਧੰਨ ਧੰਨ ਆਖ ਰਹੇ ਹਨ।

**ਅਨਖੇਦ ਸਰੂਪ ਅਭੇਦ ਅਭਿਅੰ। ਅਨਖੰਡ ਅਭੂਤ ਅਛੇਦ ਅਛਿਅੰ।**
**ਅਨਕਾਲ ਅਪਾਲ ਦਿਆਲ ਅਸੁਅੰ। ਜਿਹ ਠਟੀਅੰ ਮੇਰ ਅਕਾਸ ਭੁਅੰ ॥੧੪੨॥**

**ਪਦ ਅਰਥ :** ਅਨਖੇਦ=ਸ਼ੋਕ ਰਹਿਤ, ਅਭਿਅੰ= ਨਿਡਰ। ਅਛਿਅੰ=ਨਾਸ ਨਾ ਹੋਣ ਵਾਲਾ। ਅਸੁਅੰ=ਹਉਂ ਰਹਿਤ। ਠਟੀਅੰ=ਬਣਾਏ ਹਨ।

**ਅਰਥ :** ਉਸਦਾ ਸਰੂਪ ਸ਼ੋਕ ਰਹਿਤ, ਭੇਦ ਰਹਿਤ ਅਤੇ ਨਿਡਰ ਹੈ। ਉਹ ਖੰਡਿਤ ਨਹੀਂ ਹੋ ਸਕਦਾ, ਤੱਤਾਂ ਤੋਂ ਰਹਿਤ, ਛੇਦਿਆ ਨਾ ਜਾ ਸਕਣ ਵਾਲਾ ਅਤੇ ਨਾਸ ਨਾ ਹੋਣ ਵਾਲਾ ਹੈ। ਉਹ ਕਾਲ ਦੇ ਪ੍ਰਭਾਵ ਤੋਂ ਉਤੇ, ਪਾਲਣ ਰਹਿਤ, ਦਿਆਲ ਅਤੇ ਹਉਂ ਰਹਿਤ ਹੈ। ਜਿਸਨੇ ਪਰਬਤ, ਅਕਾਸ਼ ਤੇ ਧਰਤੀ ਬਣਾਏ ਹਨ।

**ਅਨਖੰਡ ਅਮੰਡ ਪ੍ਰਚੰਡ ਨਰੰ। ਜਿਹ ਰਚੀਅੰ ਦੇਵ ਅਦੇਵ ਬਰੰ।**
**ਸਭ ਕੀਨੇ ਦੀਨ ਜਮੀਨੁ ਜਮਾਂ। ਜਿਹ ਰਚੀਅੰ ਸਰਬ ਮਕੀਨੁ ਮਕਾਂ ॥੧੪੩॥**

**ਪਦ ਅਰਥ :** ਅਮੰਡ=ਅਤਿ ਸ਼ੋਭਾ ਵਾਲਾ। ਪ੍ਰਚੰਡ=ਤੇਜ। ਨਰੰ=ਪੁਰਖ। ਬਰੰ= ਬਲ ਵਾਲੇ (ਦੇਵਤੇ ਤੇ ਦੈਂਤ)। ਦੀਨ=ਅਧੀਨ। ਜਮੀਨ=ਧਰਤੀ ਦੇ ਲੋਕ। ਜਮਾਂ=ਪਰਲੋਕ। ਮਕੀਨ=ਮਕਾਨ। ਮਕਾਂ=ਮਕਾਨਾਂ ਵਿਚ ਰਹਿਣ ਵਾਲੇ ਲੋਕ।

**ਅਰਥ :** ਉਹ ਖੰਡਿਤ ਨਾ ਹੋਣ ਵਾਲਾ, ਅਤਿ ਸ਼ੋਭਾ ਵਲਾ, ਤੇਜ ਵਾਲਾ ਪੁਰਖ ਹੈ ਜਿਸਨੇ ਵੱਡੇ ਬਲ ਵਾਲੇ ਦੇਵਤੇ ਤੇ ਦੈਂਤ ਰਚੇ ਹਨ। ਸਾਰੇ ਧਰਤੀ ਦੇ ਲੋਕ ਤੇ ਪਰਲੋਕ ਦੇ ਜੀਵ ਆਪਣੇ ਅਧੀਨ ਕੀਤੇ ਹਨ। ਜਿਸ ਨੇ ਸਾਰੇ ਮਕਾਨ ਤੇ ਮਕਾਨਾਂ ਵਿਚ ਰਹਿਣ ਵਾਲੇ ਲੋਕ ਰਚੇ ਹਨ।

**ਜਿਹ ਰਾਗ ਨ ਰੂਪ ਨ ਰੇਖ ਰੁਖੰ। ਜਿਹ ਤਾਪ ਨ ਸਾਪ ਨ ਸੋਕ ਸੁਖੰ।**
**ਨ ਰੋਗ ਨ ਸੋਗ ਨ ਭੋਗ ਭੁਜੰਗ। ਜਿਹ ਖੇਦ ਨ ਭੇਦ ਨ ਛੇਦ ਛਯੰ ॥੧੪੪॥**

**ਪਦ ਅਰਥ :** ਰੁਖੰ=ਮੁੱਖੜਾ ਜਾਂ ਚਿਹਰਾ ਮੋਹਰਾ। ਸਾਪ=ਸਰਾਪ ਜਾਂ ਦੁਰ ਅਸੀਸ। ਭੁਜੰਗ= ਲੇਸ ਨਹੀਂ। ਛਯੰ= ਛਾਇਆ ਜਾਂ ਪ੍ਰਭਾਵ।

**ਅਰਥ :** ਉਸ ਦਾ ਕੋਈ ਰਾਗ, ਰੂਪ, ਰੇਖ ਤੇ ਚਿਹਰਾ ਮੋਹਰਾ ਨਹੀਂ। ਉਸ ਨੂੰ ਕੋਈ ਦੁੱਖ-ਸੁੱਖ, ਸਰਾਪ ਤੇ ਸ਼ੋਕ (ਚਿੰਤਾ) ਆਦਿ ਨਹੀਂ। ਉਸ ਨੂੰ ਇਸ ਦੁਨੀਆਂ ਦੇ ਰੋਗ, ਸੋਗ ਤੇ ਭੋਗ ਦਾ ਲੇਸ ਨਹੀਂ। ਉਸ ਨੂੰ ਕੋਈ ਖੇਦ ਨਹੀਂ, ਉਸ ਦਾ ਕੋਈ ਭੇਦ ਨਹੀਂ ਤੇ ਨਾ ਹੀ ਉਸ ਤੇ ਛੇਦ ਦਾ ਪ੍ਰਭਾਵ ਹੈ।

**ਜਿਹ ਜਾਤਿ ਨ ਪਾਤਿ ਨ ਮਾਤ ਪਿਤੰ। ਜਿਹ ਰਚੀਅੰ ਛੱਤ੍ਰੀ ਛਤ੍ਰ ਛਿਤੰ।**
**ਜਿਹ ਰਾਗ ਨ ਰੇਖ ਨ ਰੋਗ ਭਣੰ। ਜਿਹ ਦ੍ਵੈਖ ਨ ਦਾਗ ਨ ਦੋਖ ਗਣੰ ॥੧੪੫॥**

**ਪਦ ਅਰਥ :** ਮਾਤ ਪਿਤੰ=ਮਾਤ-ਪਿਤਾ। ਛਿਤੰ=ਛੱਤਰਧਾਰੀ। ਭਣੰ=ਬਿਆਨ ਕਰਦੇ। ਗਣੰ=ਗਿਣਦੇ।

**ਅਰਥ :** ਜਿਸ ਦੀ ਕੋਈ ਜਾਤ ਤੇ ਪਾਤ ਨਹੀਂ ਤੇ ਜਿਸ ਦੇ ਕੋਈ ਮਾਤਾ ਪਿਤਾ ਨਹੀਂ



www.sridasamgranth.com

ਹਨ। ਜਿਸ ਨੇ ਧਰਤੀ ਦੇ ਛੱਤਰਧਾਰੀ ਛੱਤ੍ਰੀ ਪੈਦਾ ਕੀਤੇ ਹਨ। ਉਸ ਨੂੰ ਪ੍ਰੇਮ ਤੇ ਈਰਖਾ ਰਹਿਤ, ਰੇਖ ਰਹਿਤ ਤੇ ਰੋਗ ਰਹਿਤ ਕਿਹਾ ਜਾਂਦਾ ਹੈ। ਉਸ ਨੂੰ ਈਰਖਾ ਦੇ ਦਾਗ ਤੋਂ ਰਹਿਤ ਤੇ ਦੋਖ ਰਹਿਤ ਗਿਣਿਆ ਜਾਂਦਾ ਹੈ।

**ਜਿਹ ਅੰਡਹ ਤੇ ਬ੍ਰਹਮੰਡ ਰਚਿਓ । ਦਸ ਚਾਰ ਕਰੀ ਨਵ ਖੰਡ ਸਚਿਓ ।**
**ਰਜ ਤਾਮਸ ਤੇਜ ਅਤੇਜ ਕੀਓ । ਅਨਭਉ ਪਦ ਆਪ ਪ੍ਰਚੰਡ ਲੀਓ ॥੧੪੬॥**

**ਪਦ ਅਰਥ :** ਅੰਡਹ=ਅੰਡੇ, ਦਸ ਚਾਰ=ਚੌਦਾਂ ਪੁਰੀਆਂ। ਨਵ ਖੰਡ=ਨੌ ਭਾਗ ਧਰਤੀ। ਸਚਿਓ=ਸਾਜੇ ਹਨ। ਤੇਜ = ਅਗਨੀ। ਅਤੇਜ=ਪਾਣੀ। ਪ੍ਰਚੰਡ=ਤੇਜ।

**ਅਰਥ :** ਜਿਸ ਨੇ ਇਕ ਅੰਡੇ ਤੋਂ ਬ੍ਰਹਿਮੰਡ ਦੀ ਰਚਨਾ ਕੀਤੀ ਹੈ। ਚੌਦਾਂ ਪੁਰੀਆਂ ਤੇ ਨੌਂ ਖੰਡਾਂ ਦੀ ਸਾਜਨਾ ਕੀਤੀ ਹੈ। ਰਜੋ ਗੁਣ ਤੇ ਤਮੋ ਗੁਣ, ਅਗਨੀ ਤੇ ਪਾਣੀ ਕੀਤੇ ਹਨ। ਉਸਨੇ ਆਪਣਾ ਤੇਜ ਪ੍ਰਤਾਪ ਵਾਲਾ ਪ੍ਰਕਾਸ਼ ਰੂਪ ਬਣਾਇਆ ਹੈ।

**ਸ੍ਰਿਅੰ ਸਿੰਧੁਰ ਬਿੰਧ ਨਗਿੰਦ ਨਗੀ । ਸ੍ਰਿਅ ਜੱਛ ਗੰਧ੍ਰਬ ਫਨਿੰਦ ਭੁਜੰ ।**
**ਰਚਿ ਦੇਵ ਅਦੇਵ ਅਭੇਵ ਨਗੰ । ਨਰਪਾਲ ਨ੍ਰਿਪਾਲ ਕਰਾਲ ਤ੍ਰਿਗੰ ॥੧੪੭॥**

**ਪਦ ਅਰਥ :** ਸ੍ਰਿਅੰ=ਸਿਰਜੇ। ਸਿੰਧੁਰ=ਸਮੁੰਦਰ। ਬਿੰਧ=ਪਹਾੜ। ਨਗਿੰਦ=ਪਰਬਤਾਂ ਦਾ ਰਾਜਾ। ਨਗੀ=ਸਾਜਿਆ ਹੈ। ਫਨਿੰਦ=ਸ਼ੇਸ਼ਨਾਗ। ਨਗੰ=ਐਰਾਵਤ ਹਾਥੀ। ਨਰਪਾਲ=ਰਾਜੇ। ਨ੍ਰਿਪਾਲ=ਮਹਾਰਾਜਾ ਅਧੀਰਾਜ। ਕਰਾਲ ਤ੍ਰਿਗੰ=ਦੁਖਦਾਈ ਜੀਵ। ਅਭੇਵ=ਬ੍ਰਹਮਾ-ਵਿਸ਼ਨੂੰ ਆਦਿ।

**ਅਰਥ :** ਉਸ ਨੇ ਸਮੁੰਦਰ, ਪਰਬਤ ਤੇ ਵੱਡੇ ਹਿਮਾਲੀਆ ਵਰਗੇ ਪਰਬਤਾਂ ਨੂੰ ਸਾਜਿਆ ਹੈ। ਉਸ ਨੇ ਜੱਛ, ਗੰਦਰਭ ਤੇ ਸ਼ੇਸ਼ਨਾਗ ਵਰਗੇ ਸਿਰਜੇ ਹਨ। ਉਸ ਨੇ ਦੇਵਤੇ, ਦੈਂਤ ਅਤੇ ਬ੍ਰਹਮਾ-ਵਿਸ਼ਨੂੰ ਆਦਿ ਦੀ ਰਚਨਾ ਕੀਤੀ ਹੈ। ਧਰਤੀ ਦੇ ਰਾਜੇ, ਉਨ੍ਹਾਂ ਰਾਜਿਆਂ ਦੇ ਵੀ ਮਹਾਰਾਜਾ ਅਧੀਰਾਜ ਅਤੇ ਹੋਰ ਦੁੱਖ ਦੇਣ ਵਾਲੇ ਜੀਵ ਵੀ ਰਚੇ ਹਨ।

**ਕਈ ਕੀਟ ਪਤੰਗ ਭੁਜੰਗ ਨਰੰ । ਰਚਿ ਅੰਡਜ ਸੇਤਜ ਉੱਤਭੁਜੰ ।**
**ਕੀਏ ਦੇਵ ਅਦੇਵ ਸਰਾਧ ਪਿਤੰ । ਅਨਖੰਡ ਪ੍ਰਤਾਪ ਪ੍ਰਚੰਡ ਗਤੰ ॥੧੪੮॥**

**ਪਦ ਅਰਥ :** ਕੀਟ=ਕੀੜੇ। ਪਤੰਗ=ਪਤੰਗੇ। ਭੁਜੰਗ=ਸੱਪ। ਨਰੰ=ਪੁਰਸ਼। ਸਰਾਧ ਪਿਤੰ= ਪਿੱਤਰਾਂ ਨਮਿਤ ਕੀਤੇ ਜਾਂਦੇ ਸਰਾਧ।

**ਅਰਥ :** ਕਈ ਕੀੜੇ, ਪਤੰਗੇ, ਸੱਪ, ਮਨੁੱਖ ਅਤੇ ਚਾਰੇ ਖਾਣੀਆਂ ਅੰਡਜ, ਜੇਰਜ, ਸੇਤਜ ਤੇ ਉਤਭੁਜ ਆਦਿ ਰਚੀਆਂ ਹਨ। ਕਿਤਨੇ ਹੀ ਦੇਵਤੇ, ਦੈਂਤ ਤੇ ਪਿੱਤਰ ਅਤੇ ਉਨ੍ਹਾਂ ਨਮਿਤ ਸਰਾਧ ਹਨ। ਉਸਦਾ ਪ੍ਰਤਾਪ ਅਖੰਡਿਤ ਹੈ ਅਤੇ ਉਹ ਤੇਜ ਗਤੀ ਵਾਲਾ ਹੈ।

**ਪ੍ਰਭ ਜਾਤਿ ਨ ਪਾਤਿ ਨ ਜੋਤਿ ਜੁਤੰ । ਜਿਹ ਤਾਤ ਨ ਮਾਤ ਨ ਭ੍ਰਾਤ ਸੁਤੰ ।**
**ਜਿਹ ਰੋਗ ਨ ਸੋਗ ਨ ਭੋਗ ਭੁਅੰ । ਜਿਹ ਜੰਪਹਿ ਕਿੰਨਰ ਜੱਛ ਜੁਅੰ ॥੧੪੯॥**

**ਪਦ ਅਰਥ :** ਜੋਤਿ ਜੁਤੰ=ਬੰਧਨਾਂ ਵਿਚ ਬੰਧਿਆ। ਸੁਤੰ=ਪੁੱਤਰ। ਭ੍ਰਾਤ=ਭਰਾ। ਭੁਅੰ=ਧਰਤੀ। ਜੁਅੰ=ਜੁੜਕੇ।

**ਅਰਥ :** ਪ੍ਰਭੂ ਦੀ ਕੋਈ ਜਾਤ-ਪਾਤ ਨਹੀਂ ਤੇ ਨਾ ਹੀ ਉਹ ਜਾਤ-ਪਾਤ ਦੇ ਬੰਧਨਾਂ ਵਿਚ ਬੰਨ੍ਹਿਆ ਹੋਇਆ ਹੈ। ਜਿਸਦੇ ਨਾ ਮਾਤਾ ਹੈ ਨਾ ਪਿਤਾ ਹੈ, ਨਾ ਭਰਾ ਹੈ ਨਾ ਪੁੱਤਰ ਹੈ। ਜਿਸ ਨੂੰ ਨਾ ਰੋਗ ਹੈ ਨਾ ਸੋਗ ਹੈ ਨਾ ਉਹ ਧਰਤੀ ਦੇ ਭੋਗਾਂ ਵਿਚ ਹੈ। ਜਿਸ ਨੂੰ ਜੱਛ, ਕਿੰਨਰ ਆਦਿ ਜੁੜ ਕੇ ਜਪਦੇ ਹਨ।



**ਨਰ ਨਾਰਿ ਨਪੁੰਸਕ ਜਾਹਿ ਕੀਏ । ਗਣ ਕਿੰਨਰ ਜੱਛ ਭੁਜੰਗ ਦੀਏ ।**
**ਗਜ ਬਾਜ ਰਥਾਦਿਕ ਪਾਤਿ ਗਨੰ । ਭਵਿ ਭੂਤ ਭਵਿੱਖ ਭਵਾਨ ਤੁਅੰ ॥੧੫੦॥**

**ਪਦ ਅਰਥ :** ਨਪੁੰਸਕ=ਹੀਜੜੇ। ਗਣ=ਦੇਵਤਿਆਂ ਦੇ ਸੇਵਕ। ਕਿੰਨਰ=ਦੇਵਤਿਆਂ ਦੀ ਸਭਾ ਦੇ ਨਾਚੇ। ਜੱਛ=ਵਾਜੰਤ੍ਰੀ। ਗਜ=ਹਾਥੀ। ਪਾਤਿ=ਪੰਗਤੀਆਂ।ਤੁਅੰ=ਤੂੰ ਹੀ।

**ਅਰਥ :** ਜਿਸ ਨੇ ਸਾਰੇ ਨਰ, ਨਾਰੀ, ਹੀਜੜੇ ਪੈਦਾ ਕੀਤੇ। ਦੇਵਤਿਆਂ ਦੇ ਸੇਵਕ, ਉਨ੍ਹਾਂ ਦੀ ਸਭਾ ਦੇ ਨਾਚੇ, ਵਾਜੰਤ੍ਰੀ ਤੇ ਸੱਪ ਆਦਿ ਬਣਾਏ। ਹਾਥੀ, ਬਾਜ, ਰੱਥਾਂ ਆਦਿ ਦੀਆਂ ਪੰਕਤੀਆਂ ਗਿਣੀਆਂ ਹੀ ਨਹੀਂ ਜਾਂਦੀਆਂ। ਤਿੰਨਾਂ ਕਾਲਾਂ ਭੂਤ, ਭਵਿਖਤ ਤੇ ਵਰਤਮਾਨ ਵਿਚ ਤੂੰ ਹੀ ਹੈਂ।

**ਜਿਹ ਅੰਡਜ ਸੇਤਜ ਜੇਰ ਰਜੰ । ਰਚਿ ਭੂਮਿ ਅਕਾਸ ਪਤਾਲ ਜਲੰ ।**
**ਰਚਿ ਪਾਵਕ ਪਉਨ ਪ੍ਰਚੰਡ ਬਲੀ । ਬਨਿ ਜਾਸੁ ਕੀਓ ਫਲ ਫੂਲ ਕਲੀ ॥੧੫੧॥**

**ਪਦ ਅਰਥ :** ਜਲੰ=ਜਲ ਜਾਂ ਪਾਣੀ। ਪਾਵਕ=ਅਗਨੀ। ਪ੍ਰਚੰਡ=ਤੇਜ।

**ਅਰਥ :** ਜਿਸ ਨੇ ਅੰਡਜ, ਸੇਤਜ, ਜੇਰਜ ਆਦਿ ਖਾਣੀਆਂ ਦੇ ਜੀਵ ਪੈਦਾ ਕੀਤੇ ਹਨ। ਪ੍ਰਿਥਵੀ, ਅਕਾਸ਼, ਪਤਾਲ ਤੇ ਜਲ ਦੀ ਰਚਨਾ ਕੀਤੀ ਹੈ। ਅਗਨੀ, ਹਵਾ ਤੇ ਤੇਜ ਬਲ ਵਾਲੇ ਪੈਦਾ ਕੀਤੇ ਹਨ। ਬਨਾਸਪਤੀ, ਫਲ, ਫੁੱਲ ਆਦਿ ਬਣਾਏ ਹਨ।

**ਭੂਅ ਮੇਰੁ ਅਕਾਸ ਨਿਵਾਸ ਛਿਤੰ । ਰਚਿ ਰੋਜ ਇਕਾਦਸ ਚੰਦ੍ਰ ਬ੍ਰਿਤੰ ।**
**ਦੁਤਿ ਚੰਦ ਦਿਨੀਸਰ ਦੀਪ ਦਈ । ਜਿਹ ਪਾਵਕ ਪਉਨ ਪ੍ਰਚੰਡ ਮਈ ॥੧੫੨॥**

**ਪਦ ਅਰਥ :** ਭੂਅ=ਭੂਮੀ। ਮੇਰੁ=ਪਰਬਤ। ਦਿਨੀਸਰ=ਸੂਰਜ। ਦੀਪ=ਰੋਸ਼ਨੀ। ਮਈ=ਰਚੀ।

**ਅਰਥ :** ਜਿਸ ਅਕਾਲ ਪੁਰਖ ਨੇ ਧਰਤੀ, ਸੁਮੇਰ ਪਰਬਤ ਤੇ ਅਕਾਸ਼ ਬਣਾਏ ਅਤੇ ਧਰਤੀ ਨੂੰ ਨਿਵਾਸ ਦੀ ਥਾਂ ਬਣਾਇਆ ਹੈ। ਉਸ ਨੇ ਦਿਨ ਇਕਾਦਸੀ ਆਦਿ ਚੰਦ੍ਰਮਾ ਦੀਆਂ ਤਿੱਥਾਂ ਅਤੇ ਚੰਦ੍ਰਮਾ ਖਾਸ ਨੀਯਮ ਵਿਚ ਰਚੇ ਹਨ । ਚੰਦਰਮਾ ਨੂੰ ਪ੍ਰਕਾਸ਼ ਤੇ ਸੂਰਜ ਨੂੰ ਰੋਸ਼ਨੀ ਦਿਤੀ ਹੈ। ਜਿਸ ਨੇ ਵੱਡੇ ਤੇਜ ਵਾਲੀ ਅਗਨੀ ਤੇ ਪਉਣ ਆਦਿ ਰਚੇ ਹਨ।

**ਜਿਹ ਖੰਡ ਅਖੰਡ ਪ੍ਰਚੰਡ ਕੀਏ । ਜਿਹ ਛਤ੍ਰਿ ਉਪਾਇ ਛਿਪਾਇ ਦੀਏ ।**
**ਜਿਹ ਲੋਕ ਚਤੁਰਦਸ ਚਾਰੁ ਰਚੇ । ਨਰ ਗੰਧ੍ਰਬ ਦੇਵ ਅਦੇਵ ਸਚੇ ॥੧੫੩॥**

**ਪਦ ਅਰਥ :** ਪ੍ਰਚੰਡ=ਤੇਜ, ਪ੍ਰਕਾਸ਼ਮਾਨ । ਛਤ੍ਰਿ=ਨਛੱਤਰ, ਤਾਰੇ । ਚਾਰੁ=ਸੁੰਦਰ। ਅਦੇਵ= ਦੈਂਤ। ਸਚੇ=ਸਾਜੇ ।

**ਅਰਥ:** ਜਿਸ ਨੇ ਸਾਰੇ ਖੰਡਾਂ ਵਿਚ ਅਖੰਡ ਚੰਨ ਸੂਰਜ ਆਦਿ ਪ੍ਰਕਾਸ਼ਮਾਨ ਕੀਤੇ ਹਨ। ਜਿਸ ਨੇ ਕਈ ਨਛੱਤਰ (ਤਾਰੇ) ਪੈਦਾ ਕਰਕੇ ਸੂਰਜ ਦੇ ਤੇਜ ਪ੍ਰਤਾਪ ਵਿਚ ਛੁਪਾ ਦਿਤੇ ਹਨ। ਜਿਸ ਨੇ ਸੁੰਦਰ ਚੌਦਾਂ ਲੋਕਾਂ ਦੀ ਰਚਨਾ ਕੀਤੀ ਹੈ ਅਤੇ ਮਨੁੱਖ, ਗੰਧ੍ਰਬ, ਦੇਵਤੇ ਤੇ ਦੈਂਤ ਸਾਜੇ ਹਨ।

**ਅਨਧੂਤ ਅਭੂਤ ਅਛੂਤ ਮਤੰ । ਅਨਗਾਧਿ ਅਬਯਾਧਿ ਅਨਾਦਿ ਗਤੰ ।**
**ਅਨਖੇਦ ਅਭੇਦ ਅਛੇਦ ਨਰੰ । ਜਿਹ ਚਾਰੁ ਚਤੁਰਦਿਸ ਚਕ੍ਰ ਫਿਰੰ ।੧੫੪॥**

**ਪਦ ਅਰਥ :** ਅਨਧੂਤ=ਪਵਿਤ੍ਰ, ਸ਼ੁੱਧ। ਅਭੂਤ=ਤੱਤਾਂ ਤੋਂ ਰਹਿਤ। ਅਛੂਤ=ਛੂਹ ਤੋਂ ਰਹਿਤ। ਮਤੰ=ਮਤ ਵਾਲਾ। ਅਨਗਾਧਿ=ਬਹੁਤ ਡੂੰਘਾ। ਅਬਯਾਧਿ=ਦੁਖਾਂ ਤੋਂ ਰਹਿਤ। ਅਨਾਦਿ=ਜਿਸਦਾ ਕੋਈ ਆਦਿ ਨਾ ਹੋਵੇ। ਗਤੰ=ਗਤੀ ਕਰਨ ਵਾਲਾ॥ ਫਿਰੰ=ਫਿਰਦਾ।



www.sridasamgranth.com

ਅਰਥ : ਉਹ ਪਵਿਤ੍ਰ ਹੈ, ਤੱਤਾਂ ਤੋਂ ਰਹਿਤ ਹੈ, ਛੂਤ ਤੋਂ ਰਹਿਤ ਤੇ ਮਤ ਵਾਲਾ ਹੈ। ਉਹ ਬਹੁਤ ਡੂੰਘਾ, ਦੁੱਖਾਂ ਤੋਂ ਰਹਿਤ ਹੈ, ਉਸਦਾ ਕੋਈ ਮੁੱਢ ਨਹੀਂ ਤੇ ਸਦਾ ਗਤੀ ਵਿਚ ਰਹਿਣ ਵਾਲਾ ਹੈ। ਉਹ ਖੇਦ ਤੋਂ ਰਹਿਤ ਹੈ, ਉਸ ਦਾ ਭੇਦ ਨਹੀਂ ਪਾਇਆ ਜਾ ਸਕਦਾ, ਉਸ ਨੂੰ ਛੇਦਿਆ ਨਹੀਂ ਜਾ ਸਕਦਾ ਤੇ ਨਰ ਰੂਪ ਹੈ। ਚੌਦਾਂ ਲੋਕਾਂ ਵਿਚ ਉਸਦਾ ਸੁੰਦਰ ਚੱਕ੍ਰ ਫਿਰ ਰਿਹਾ ਹੈ ਭਾਵ ਉਸਦਾ ਹੁਕਮ ਚੌਦਹ ਲੋਕਾਂ ਵਿਚ ਚਲਦਾ ਹੈ।

**ਜਿਹ ਰਾਗ ਨ ਰੰਗ ਨ ਰੇਖ ਰੁਗੰ । ਜਿਹ ਸੋਗ ਨ ਭੋਗ ਨ ਜੋਗ ਜੁਗੰ ।**
**ਭੂਅ ਭੰਜਨ ਗੰਜਨ ਆਦਿ ਸਿਰੰ । ਜਿਹ ਬੰਦਤ ਦੇਵ ਅਦੇਵ ਨਰੰ ॥੧੫੫॥**

ਪਦ ਅਰਥ : ਰੁਗੰ=ਰੋਗ। ਜੁਗੰ=ਜੁੜਿਆ ਹੋਇਆ। ਭੂਅ=ਧਰਤੀ। ਭੰਜਨ=ਭੰਨਣ। ਗੰਜਨ=ਨਾਸ ਕਰਨ ਵਾਲਾ। ਸਿਰੰ=ਸਿਰਜਦਾ। ਬੰਦਤ=ਬੰਦਨਾ।

ਅਰਥ : ਜਿਸ ਦਾ ਕੋਈ ਰਾਗ ਨਹੀਂ, ਕੋਈ ਰੰਗ ਨਹੀਂ, ਕੋਈ ਰੇਖ ਨਹੀਂ ਤੇ ਰੋਗ ਰਹਿਤ ਹੈ। ਜਿਸ ਨੂੰ ਕੋਈ ਸੋਗ ਜਾਂ ਚਿੰਤਾ ਨਹੀਂ, ਭੋਗ ਨਹੀਂ ਤੇ ਨਾ ਹੀ ਜੋਗ ਨਾਲ ਜੁੜਿਆ ਹੋਇਆ ਹੈ। ਧਰਤੀ ਨੂੰ ਭੰਨਣ ਵਾਲਾ, ਨਾਸ ਕਰਨ ਵਾਲਾ ਤੇ ਸ੍ਰਿਸ਼ਟੀ ਦਾ ਸਿਰਜਣਹਾਰਾ ਹੈ। ਜਿਸ ਨੂੰ ਦੇਵਤੇ, ਦੈਂਤ ਤੇ ਨਰ ਬੰਦਨਾ ਕਰਦੇ ਹਨ।

**ਗਣ ਕਿੰਨਰ ਜੱਛ ਭੁਜੰਗ ਰਚੇ । ਮਣਿ ਮਾਣਿਕ ਮੋਤੀ ਲਾਲ ਸੁਚੇ ।**
**ਅਨਭੰਜ ਪ੍ਰਭਾ ਅਨਗੰਜ ਬ੍ਰਿਤੰ । ਜਿਹ ਪਾਰ ਨ ਪਾਵਤ ਪੂਰ ਮਤੰ ॥੧੫੬॥**

ਅਰਥ : ਉਸਨੇ ਦੇਵਤਿਆਂ ਦੇ ਸੇਵਕ, ਉਨ੍ਹਾਂ ਦੀ ਸਭਾ ਦੇ ਨਾਚੇ, ਵਾਜੰਤ੍ਰੀ ਤੇ ਸੱਪ ਪੈਦਾ ਕੀਤੇ। ਉਸ ਨੇ ਮਣੀਆਂ, ਕੀਮਤੀ ਪੱਥਰ, ਸੁੱਚੇ ਮੋਤੀ ਤੇ ਲਾਲ ਬਣਾਏ ਹਨ। ਉਹ ਅਤੁੱਟ ਪ੍ਰਭਾ ਜਾਂ ਜੱਸ ਵਾਲਾ ਹੈ ਅਤੇ ਅਖੰਡ ਬਿਰਤੀ ਵਾਲਾ ਹੈ। ਜਿਸ ਦਾ ਪੂਰਨ ਮਤਾਂ ਵਾਲੇ ਦਾਨੇ ਵੀ ਪਾਰ ਨਹੀਂ ਪਾ ਸਕਦੇ।

**ਅਨਖੰਡ ਸਰੂਪ ਅਡੰਡ ਪ੍ਰਭਾ । ਜੈ ਜੰਪਤ ਬੇਦ ਪੁਰਾਨ ਸਭਾ ।**
**ਜਿਹ ਬੇਦ ਕਤੇਬ ਅਨੰਤ ਕਹੈਂ । ਜਿਹ ਭੂਤ ਅਭੂਤ ਨ ਭੇਦ ਲਹੈਂ ॥੧੫੭॥**

ਪਦ ਅਰਥ : ਅਨਖੰਡ=ਖੰਡਨ ਰਹਿਤ। ਅਡੰਡ= ਦੰਡ ਨ ਦਿਤੇ ਜਾਣ ਵਾਲਾ। ਜੰਪਤ=ਜਪਦੇ ਹਨ। ਅਨੰਤ=ਅੰਤ ਰਹਿਤ ਜਾਂ ਬੇਅੰਤ। ਭੂਤ=ਤੱਤਾਂ ਤੋਂ ਬਣੀ ਸ੍ਰਿਸ਼ਟੀ ਜਾਂ ਦੁਨੀਆਂ ਦੇ ਜੀਵ। ਅਭੂਤ=ਬਿਨਾਂ ਤੱਤਾਂ ਤੋਂ ਉਪਜੇ ਪ੍ਰਾਣੀ, ਨੂਰੀ ਖਲਕਤ ਜਾਂ ਦੇਵਤੇ, ਫਰਿਸ਼ਤੇ ਆਦਿ।

ਅਰਥ : ਉਸਦਾ ਸਰੂਪ ਖੰਡਨ ਤੋਂ ਰਹਿਤ ਹੈ। ਉਸ ਦੀ ਪ੍ਰਭੁਤਾ ਦੰਡ ਨ ਦਿਤੇ ਜਾ ਸਕਣ ਵਾਲੀ ਹੈ। ਸਾਰੇ ਵੇਦ ਤੇ ਪੁਰਾਨ ਉਸ ਦੀ ਜੈ ਜੈ ਜਪਦੇ ਹਨ। ਵੇਦਾਂ ਤੇ ਕਤੇਬਾਂ ਦੇ ਮੰਨਣ ਵਾਲੇ ਲੋਕ ਕਹਿੰਦੇ ਹਨ ਕਿ ਉਹ ਬੇਅੰਤ ਹੈ। ਦੁਨੀਆਂ ਦੇ ਤੱਤਾਂ ਤੋਂ ਬਣੇ ਹੋਏ ਜੀਵ ਅਤੇ ਬਿਨਾਂ ਤੱਤਾਂ ਤੋਂ ਉਪਜੇ ਫਰਿਸ਼ਤੇ ਵੀ ਉਸ ਦਾ ਭੇਦ ਨਹੀਂ ਜਾਣ ਸਕਦੇ।

**ਜਿਹ ਬੇਦ ਪੁਰਾਨ ਕਤੇਬ ਜਪੈਂ । ਸੁਤ ਸਿੰਧੁ ਅਧੋਮੁਖ ਤਾਪ ਤਪੈਂ ।**
**ਕਈ ਕਲਪਨ ਲੌ ਤਪ ਤਾਪ ਕਰੈਂ । ਨਹੀ ਨੈਕੁ ਕ੍ਰਿਪਾ ਨਿਧਿ ਪਾਨਿ ਪਰੈਂ ॥੧੫੮॥**

ਪਦ ਅਰਥ : ਸੁਤ ਸਿੰਧੁ=ਸਮੁੰਦਰ ਦਾ ਜਾਇਆ, ਚੰਦ੍ਰਮਾ। ਅਧੋਮੁਖ=ਮੂਧੇ ਮੂੰਹ। ਪਾਨਿ=ਹੱਥ ਨਹੀਂ ਲਗਦੇ ਲੱਭਦੇ ਨਹੀਂ।

ਅਰਥ : ਜਿਸ ਨੂੰ ਵੇਦ, ਪੁਰਾਨ ਤੇ ਇਸਲਾਮਿਕ ਧਾਰਮਿਕ ਪੁਸਤਕਾਂ ਵੀ ਜਪ ਰਹੀਆਂ ਹਨ। ਚੰਦਰਮਾ ਉਸ ਨੂੰ ਪਾਣ ਲਈ ਮੂਧੇ ਮੂੰਹ ਲਟਕਿਆ ਤਪਸਿਆ ਕਰਦਾ



ਹੈ ਅਤੇ ਕਈ ਯੁਗਾਂ ਤੋਂ ਹੁਣ ਤਕ ਇਹ ਤਪ ਸਾਧਨਾ ਕਰ ਰਿਹਾ ਹੈ। ਫਿਰ ਵੀ ਉਹ ਥੋੜਾ ਜਿੰਨਾ ਵੀ ਉਸ ਕ੍ਰਿਪਾਨਿਧ ਵਾਹਿਗੁਰੂ ਜੀ ਦਾ ਦਰਸ਼ਨ ਨਹੀਂ ਪਾ ਰਿਹਾ।

**ਜਿਹ ਫੋਕਟ ਧਰਮ ਸਬੈ ਤਜ ਹੈਂ । ਇਕ ਚਿੱਤ ਕ੍ਰਿਪਾਨਿਧਿ ਕੋ ਭਜ ਹੈਂ ।**
**ਤੇਊ ਯ ਭਵ ਸਾਗਰ ਕੋ ਤਰ ਹੈਂ। ਭਵਿ ਭੂਲ ਨ ਦੇਹ ਪੁਨਰ ਧਰ ਹੈਂ॥੧੫੯॥**

ਪਦ ਅਰਥ :- ਫੋਕਟ=ਵਿਅਰਥ ਜਾਂ ਫਜ਼ੂਲ । ਭਵ-ਸਾਗਰ=ਸੰਸਾਰ ਸਮੁੰਦਰ। ਭਵਿ= ਦੁਨੀਆਂ ਵਿਚ । ਪੁਨਰ = ਮੁੜਕੇ ਦੂਜੀ ਵਾਰ ।

ਅਰਥ :- ਜੋ ਪੁਰਸ਼ ਕਰਮਕਾਂਡੀ ਨਿਕੰਮੇ ਧਰਮਾਂ ਨੂੰ ਛੱਡ ਦਿੰਦੇ ਹਨ ਤੇ ਇਕ ਚਿੱਤ ਹੋ ਕੇ ਕ੍ਰਿਪਾ ਨਿਧ ਵਾਹਿਗੁਰੂ ਜੀ ਦਾ ਸਿਮਰਣ ਕਰਦੇ ਹਨ, ਉਹ ਸੰਸਾਰ ਸਮੁੰਦਰ ਨੂੰ ਤਰ ਜਾਂਦੇ ਹਨ ਭਾਵ ਪਾਰ ਹੋ ਜਾਂਦੇ ਹਨ । ਉਹ ਦੂਜੀ ਵਾਰ ਮੁੜਕੇ ਇਸ ਦੇਹ ਵਿਚ ਜਨਮ ਨਹੀਂ ਧਾਰਦੇ।

**ਇਕ ਨਾਮ ਬਿਨਾਂ ਨਹੀਂ ਕੋਟਿ ਬ੍ਰਿਤੀ । ਇਮ ਬੇਦ ਉਚਾਰਤ ਸਾਰਸੁਤੀ ।**
**ਜੋਊ ਵਾ ਰਸ ਕੇ ਚਸ ਕੇ ਰਸ ਹੈ । ਤੇਊ ਭੂਲਿ ਨ ਕਾਲ ਫੰਧਾ ਫਸ ਹੈ ॥੧੬੦॥**

ਪਦ ਅਰਥ : ਕੋਟਿ=ਕਰੋੜਾਂ। ਬ੍ਰਿਤੀ=ਵਰਤ। ਇਮ ਬੇਦ=ਬ੍ਰਹਮਾ ਦੇ ਰਚੇ ਵੇਦ। ਸਾਰਸੁਤੀ=ਸੁਰਤੀਆਂ। ਚਸ ਕੇ=ਉਸ ਪਰਮੇਸ਼ਰ ਦੇ ਪ੍ਰੇਮ ਦੇ। ਰਸ=ਸੁਆਦ। ਤੇਊ=ਉਹ ਰਸੀਏ। ਫੰਧਾ=ਕਾਲ ਦੀ ਫਾਹੀ।

ਅਰਥ : ਇਕ ਨਾਮ ਤੋਂ ਬਿਨਾਂ ਕਰੋੜਾਂ ਵਰਤਾਂ ਰਾਹੀਂ ਵੀ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਇਉਂ ਹੀ ਬ੍ਰਹਮਾ ਦੇ ਰਚੇ ਹੋਏ ਵੇਦ ਅਤੇ ਸੁਰਤੀਆਂ ਉਚਾਰਨ ਕਰਦੀਆਂ ਹਨ। ਜੋ ਮਨੁੱਖ ਉਸ ਪਰਮੇਸ਼ਰ ਦੇ ਪ੍ਰੇਮ ਦੇ ਰਸ ਦਾ ਸੁਆਦ ਚੱਖ ਲੈਂਦੇ ਹਨ, ਉਹ ਰਸੀਏ ਭੁੱਲ ਕੇ ਵੀ ਕਾਲ ਦੀ ਫਾਹੀ ਵਿਚ ਨਹੀਂ ਫਸਦੇ।

### ਤ੍ਵਪ੍ਰਸਾਦਿ । ਨਰਾਜ ਛੰਦ

**ਅਗੰਜ ਆਦਿ ਦੇਵ ਹੈ, ਅਭੰਜ ਭੰਜ ਜਾਨੀਐ ।**
**ਅਭੂਤ ਭੂਤ ਹੈ ਸਦਾ, ਅਗੰਜ ਗੰਜ ਮਾਨੀਐ ।**
**ਅਦੇਵ ਦੇਵ ਹੈ ਸਦਾ, ਅਭੇਵ ਭੇਵ ਨਾਥ ਹੈ ।**
**ਸਮੱਸਤ ਸਿੱਧਿ ਬ੍ਰਿਧਿ ਦਾ,ਸਦੀਵ ਸਰਬ ਸਾਥ ਹੈ ॥੧੬੧॥**

ਪਦਅਰਥ :-ਅਗੰਜ-ਨਾ ਟੁੱਟਣ ਵਾਲਾ । ਅਭੰਜ-ਨਾ ਭੱਜਣ ਵਾਲੇ । ਅਭੂਤ-ਤੱਤਾਂ ਤੋਂ ਰਹਿਤ । ਭੂਤ-ਸਥੂਲ ਰੂਪ । ਅਦੇਵ-ਦੈਂਤ, ਦਾਨਵ । ਦੇਵ-ਦੇਵਤੇ । ਅਭੇਵ-ਗੁਪਤ । ਭੇਵ-ਪ੍ਰਤੱਖ ਜਾਂ ਪ੍ਰਗਟ । ਸਮੱਸਤ-ਸਾਰੀਆਂ । ਸਿੱਧਿ-ਸਿਧੀਆਂ । ਬ੍ਰਿਧਿ-ਨਿਧੀਆਂ ਦਾ ਦਾਤਾ ।

ਅਰਥ :-ਉਹ ਮੁੱਢ ਤੋਂ ਹੀ ਨਾ ਟੁੱਟਣ ਵਾਲਾ ਸੁਤੇ ਪ੍ਰਕਾਸ਼ ਹੈ । ਇਹ ਗੱਲ ਸਮਝ ਲਵੋ ਕਿ ਉਹ ਨਾ ਭੱਜਣ-ਟੁਟਣ ਵਾਲੇ ਭਾਵ ਅਮਰ ਪ੍ਰਾਣੀਆਂ ਨੂੰ ਵੀ ਮਾਰ ਦੇਂਦਾ ਹੈ । ਉਹ ਸਦਾ ਤੱਤਾਂ ਤੋਂ ਰਹਿਤ ਅਤੇ ਸਥੂਲ ਰੂਪ ਵੀ ਹੈ । ਨਾ ਭੰਜਣ ਵਾਲਿਆਂ ਨੂੰ ਭੰਨਣ ਵਾਲਾ ਮੰਨਿਆਂ ਜਾਂਦਾ ਹੈ । ਉਹ ਸਦਾ ਦੈਂਤ ਅਤੇ ਦੇਵਤਾ ਰੂਪ ਹੈ । ਗੁਪਤ ਅਤੇ ਪ੍ਰਗਟ ਦਾ ਮਾਲਕ ਵੀ ਉਹ ਆਪ ਹੈ । ਸਾਰੀਆਂ ਸਿੱਧੀਆਂ ਅਤੇ ਨਿੱਧੀਆਂ ਦਾ ਦਾਤਾ ਹੈ । ਸਦਾ ਹੀ ਸਾਰਿਆਂ ਦੇ ਨਾਲ ਹੈ ।

**ਅਨਾਥ ਨਾਥ ਨਾਥ ਹੈ, ਅਭੰਜ ਭੰਜ ਹੈ ਸਦਾ ।**



www.sridasamgranth.com

ਅਗੰਜ ਗੰਜ ਗੰਜ ਹੈ, ਸਦੀਵ ਸਿੱਧ ਬ੍ਰਿਧਿ ਦਾ ।
ਅਨੂਪ ਰੂਪ ਸਰੂਪ ਹੈ, ਅਛਿੱਜ ਤੇਜ ਮਾਨੀਐ ।
ਸਦੀਵ ਸਿਧਿ ਸੁਧਿ ਦਾ, ਪ੍ਰਤਾਪ-ਪੱਤ੍ਰ ਜਾਨੀਐ ॥੧੯੨॥

ਪਦਅਰਥ :-ਅਨਾਥ-ਨਿਆਸਰੇ । ਨਾਥ-ਮਾਲਕ, ਅਭੰਜ-ਨਾ ਟੁੱਟਣ, ਭੰਜਣ ਵਾਲੇ । ਅਗੰਜ-ਖਜਾਨਿਆਂ ਤੋਂ ਹੀਣ । ਅਛਿੱਜ-ਨਾ ਛਿਜਣ ਵਾਲਾ । ਪ੍ਰਤਾਪ-ਪੱਤ੍ਰ-ਇਕਬਾਲ ਦਾ ਪਰਵਾਨਾ ।

ਅਰਥ :-ਉਹ ਅਨਾਥਾਂ ਜਾਂ ਨਿਆਸਰਿਆਂ ਦੇ ਆਸਰਾ ਹੈ ਅਤੇ ਨਾਥਾਂ ਦਾ ਸੁਆਮੀ ਹੈ । ਨਾ ਭੰਜਣ ਵਾਲਿਆਂ ਨੂੰ ਸਦਾ ਭੰਨਣ ਵਾਲਾ ਹੈ । ਖਜਾਨਿਆਂ ਤੋਂ ਹੀਣਿਆਂ ਲਈ ਦਾਤਾ ਹੈ । ਉਸਦਾ ਰੂਪ ਅਸਚਰਜ ਸਰੂਪ ਹੈ । ਉਸਦਾ ਪ੍ਰਤਾਪ ਨਾ ਛਿੱਜਣ ਵਾਲਾ ਮੰਨਣਾ ਚਾਹੀਦਾ ਹੈ । ਉਹ ਸਦਾ ਹੀ ਸਿਧੀ ਤੇ ਬੁੱਧੀ ਦੇਂਦਾ ਹੈ । ਉਸ ਨੂੰ ਪ੍ਰਸਿੱਧੀ ਦਾ ਪਰਮਾਣ ਪੱਤਰ (ਸਰਟੀਫਿਕੇਟ)ਜਾਨਣਾ ਚਾਹੀਦਾ ਹੈ ।

ਨ ਰਾਗ ਰੰਗ ਰੂਪ ਹੈ । ਨ ਰੋਗ ਰਾਗ ਰੇਖ ਹੈ ।
ਅਦੋਖ ਅਦਾਗ ਅਦੇਗ ਹੈ, ਅਭੂਤ ਅਭ੍ਰਮ ਅਭੇਖ ਹੈ ।
ਨ ਤਾਤ ਮਾਤ ਜਾਤਿ ਹੈ, ਨ ਪਾਤਿ ਚਿਹਨ ਬਰਨ ਹੈ ।
ਅਦੇਖ ਅਸੇਖ ਅਭੇਖ ਹੈ, ਸਦੀਵ ਬਿਸੁਭਰਨ ਹੈ ॥੧੯੩॥

ਪਦਅਰਥ :-ਅਦੋਖ-ਦੋਖ ਰਹਿਤ । ਅਦਾਗ-ਦਾਗ ਰਹਿਤ । ਅਦੱਗ-ਸੜਨ ਵਾਲਾ ਨਹੀਂ । ਅਭੂਤ-ਅਸਚਰਜ । ਅਭ੍ਰਮ-ਭਰਮਾਂ ਤੋਂ ਰਹਿਤ । ਅਭੇਖ-ਭੇਖਾਂ ਤੋਂ ਰਹਿਤ ।

ਅਰਥ :-ਉਸਦਾ ਕੋਈ ਰਾਗ, ਰੰਗ ਤੇ ਰੂਪ ਨਹੀਂ । ਉਸ ਤੇ ਰੋਗ ਅਤੇ ਮੋਹ ਮਮਤਾ ਦੀ ਰੇਖਾ ਤਕ ਨਹੀਂ । ਉਹ ਦੋਖ ਰਹਿਤ, ਦਾਗ ਰਹਿਤ ਤੇ ਨਾ ਸੜਨ ਵਾਲਾ ਹੈ। ਉਹ ਅਸਚਰਜ ਰੂਪ, ਭਰਮਾਂ ਤੋਂ ਰਹਿਤ ਤੇ ਭੇਖਾਂ ਤੋਂ ਰਹਿਤ ਹੈ । ਉਸਦੇ ਪਿਤਾ ਮਾਤਾ ਨਹੀਂ ਹਨ ਤੇ ਨਾ ਹੀ ਕੋਈ ਜਾਤ ਹੈ । ਉਸ ਦਾ ਕੋਈ ਗੋਤ, ਚਿਹਨ ਤੇ ਵਰਣ ਵੀ ਨਹੀਂ ਹੈ । ਉਹ ਅਦ੍ਰਿਸ਼ਟ, ਅਨੰਤ ਤੇ ਭੇਖਾਂ ਤੋਂ ਰਹਿਤ ਹੈ । ਉਹ ਸਦਾ ਦੁਨੀਆਂ ਦੇ ਭੰਡਾਰ ਭਰਨਹਾਰਾ ਹੈ ।

ਬਿਸ੍ਵੰਭਰ ਬਿੱਸੁ ਨਾਥ ਹੈ, ਬਿਸੇਖ ਬਿਸ੍ਵ ਭਰਨ ਹੈ ।
ਜਿਮੀ ਜ਼ਮਾਨ ਕੇ ਬਿਖੈ, ਸਦੀਵ ਕਰਮ ਭਰਮ ਹੈ ।
ਅਦ੍ਵੈਖ ਹੈ ਅਭੇਖ ਹੈ, ਅਲੇਖ ਨਾਥ ਜਾਨੀਐ ।
ਸਦੀਵ ਸਰਬ ਠਉਰ ਮੇ, ਬਿਸੇਖ ਆਨ ਮਾਨੀਐ ॥੧੯੪॥

ਪਦਅਰਥ :-ਬਿਸ੍ਵੰਭਰ-ਸਾਰਾ ਸੰਸਾਰ ਦਾ ਪਾਲਕ । ਬਿੱਸੁਨਾਥ-ਸ੍ਰਿਸ਼ਟੀ ਦਾ ਮਾਲਕ। ਬਿਸੇਖ-ਵਿਸ਼ੇਸ਼, ਖਾਸ। ਬਿਸ੍ਵਭਰਨ-ਸੰਸਾਰ ਦਾ ਪਾਲਣ ਪੋਸਣ ਕਰਨ ਵਾਲਾ। ਜ਼ਿਮੀ-ਧਰਤੀ। ਜ਼ਮਾਨ-ਅਕਾਸ਼। ਅਦ੍ਵੈਵ-ਦ੍ਵੈਖ ਰਹਿਤ । ਅਭੇਖ -ਭੇਖ ਰਹਿਤ ।

ਅਰਥ :-ਉਹ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ । ਵਿਸ਼ੇਸ਼ ਕਰਕੇ ਸੰਸਾਰ ਦਾ ਪਾਲਨ ਪੋਸ਼ਣ ਕਰਨ ਵਾਲਾ ਹੈ । ਧਰਤੀ ਤੇ ਅਕਾਸ ਦੇ ਵਿਚ ਉਹ ਸਦਾ ਹੀ ਕਰਮਾਂ ਨੂੰ ਭਰਨ ਵਾਲਾ ਹੈ ਭਾਵ ਫਲ ਦੇਣ ਵਾਲਾ ਹੈ । ਉਹ ਦ੍ਵੈਖ ਤੋਂ ਰਹਿਤ, ਭੇਖ ਤੋਂ ਰਹਿਤ ਅਤੇ ਲੇਖੇ ਵਿਚ ਨਾ ਆਉਣ ਵਾਲਾ ਮਾਲਕ ਸਮਝੀਏ । ਸਦਾ ਸਾਰੀਆਂ ਥਾਵਾਂ ਤੇ



ਉਸਦਾ ਵਿਸ਼ੇਸ਼ ਤੌਰ ਤੇ ਅਦਬ ਮੰਨੀਦਾ ਹੈ ।

ਨ ਜੰਤ੍ਰ ਮੈ, ਨ ਤੰਤ੍ਰ ਮੈ, ਨ ਮੰਤ੍ਰ ਬਸਿ ਆਵਈ ।
ਪੁਰਾਨ ਔ ਕੁਰਾਨ, ਨੇਤਿ ਨੇਤਿ ਕੈ ਬਤਾਵਈ ।
ਨ ਕਰਮ ਮੈ ਨ ਧਰਮ ਮੈ, ਨ ਭਰਮ ਮੈ ਬਤਾਈਐ ॥
ਅਗੰਜ ਆਦਿ ਦੇਵ ਹੈ, ਕਹੋ ਸੁ ਕੈਸਿ ਪਾਈਐ ॥੧੯੫॥

ਪਦਅਰਥ :-ਨੇਤਿ ਨੇਤਿ-ਬੇਅੰਤ, ਅਗੰਜ-ਨਾ ਟੁੱਟਣ ਵਾਲਾ ਜਾਂ ਨਾਸ਼ ਰਹਿਤ।

ਅਰਥ :-ਉਹ ਅਕਾਲ ਪੁਰਖ ਜੰਤਰਾਂ, ਤੰਤਰਾਂ ਤੇ ਮੰਤਰਾਂ ਨਾਲ ਵੱਸ ਵਿਚ ਆਉਣ ਵਾਲਾ ਨਹੀਂ । ਪੁਰਾਣ ਅਤੇ ਕੁਰਾਨ ਵਰਗੀਆਂ ਧਾਰਮਿਕ ਪੁਸਤਕਾਂ ਵੀ ਕਹਿੰਦੀਆਂ ਹਨ ਕਿ ਉਹ ਬੇਅੰਤ ਬੇਅੰਤ ਹੈ । ਉਹ ਕਰਮਾਂ, ਧਰਮਾਂ ਤੇ ਭਰਮਾਂ ਵਿਚ ਨਹੀਂ ਉਹ ਨਾਸ਼ ਰਹਿਤ, ਮੁੱਢਲਾ ਸਰੂਪ ਹੈ । ਦੱਸੋ, ਉਸਨੂੰ ਕਿਵੇਂ ਪਾ ਸਕੀਦਾ ਹੈ ?

ਜਿਮੀ ਜ਼ਮਾਨ ਕੇ ਬਿਖੈ, ਸਮਸਤ ਏਕ ਜੋਤਿ ਹੈ ।
ਨ ਘਾਟ ਹੈ ਨ ਬਾਢ ਹੈ, ਨਾ ਘਾਟ ਬਾਢ ਹੋਤ ਹੈ ।
ਨ ਹਾਨ ਹੈ ਨ ਬਾਨ ਹੈ, ਸਮਾਨ ਰੂਪ ਜਾਨੀਐ ।
ਮਕੀਨ ਅਉ ਮਕਾਨਿ, ਅਪ੍ਰਮਾਨ ਤੇਜ ਮਾਨੀਐ ॥੧੯੬॥

ਪਦਅਰਥ :-ਜਿੰਮੀ-ਧਰਤੀ, ਜਮਾਨ-ਅਕਾਸ਼ । ਸਮਸਤ-ਸਮੁੱਚਾ । ਹਾਨ ਹਾਨੀ । ਬਾਨ-ਘਾਟੇ ਵਾਲਾ ਕੰਮ । ਮਕੀਨ-ਮਕਾਨ ਵਿਚ ਰਹਿਣ ਵਾਲਾ । ਮਕਾਨਿ-ਮਕਾਨ ਵਿਚ । ਅਪ੍ਰਮਾਨ-ਬੇਅੰਦਾਜ਼ਾ, ਅਤੋਲਵਾਂ ।

ਅਰਥ :-ਧਰਤੀ ਤੇ ਅਕਾਸ਼ ਵਿਚ ਸਮੂਚੀ ਇਕ ਜੋਤਿ ਹੈ । ਉਹ ਜੋਤ ਨਾ ਘਟਦੀ ਹੈ, ਨਾ ਵਧਦੀ ਅਤੇ ਨਾ ਉਸ ਵਿਚ ਵਾਧਾ ਘਾਟਾ ਹੁੰਦਾ ਹੈ । ਉਸ ਵਿਚ ਨਾ ਹਾਨੀ ਹੈ, ਨਾ ਉਹ ਘਾਟੇ ਵਾਲਾ ਕੰਮ ਹੈ ਸਗੋਂ ਇਕ ਸਮਾਨ ਰੂਪ ਜਾਣਿਆ ਜਾਂਦਾ ਹੈ। ਮਕਾਨਾਂ ਵਿਚ ਅਤੇ ਮਕਾਨਾਂ ਦੇ ਵਾਸੀਆਂ ਵਿਚ ਉਹ ਬੇਮਿਸਾਲ ਤੇਜ਼ ਵਾਲਾ ਹੈ ।

ਨ ਦੇਹੁ ਹੈ ਨ ਗੇਹ ਹੈ, ਨ ਜਾਤਿ ਹੈ ਨ ਪਾਤਿ ਹੈ ।
ਨ ਮੰਤ੍ਰਿ ਹੈ ਨਾ ਮਿਤ੍ਰ ਹੈ, ਨਾ ਤਾਤ ਹੈ ਨਾ ਮਾਤ ਹੈ ।
ਨ ਅੰਗ ਹੈ ਨਾ ਰੰਗ ਹੈ, ਨ ਸੰਗ ਹੈ ਨ ਸਾਥ ਹੈ ।
ਨ ਦੋਖ ਹੈ ਨ ਦਾਗ ਹੈ, ਨ ਦ੍ਵੈਖ ਹੈ ਨ ਦੇਹੁ ਹੈ ॥੧੯੭॥

ਪਦਅਰਥ :-ਦੇਹੁ-ਸਰੀਰ । ਗੇਹ-ਘਰ । ਮੰਤ੍ਰਿ-ਸਲਾਹਕਾਰ, ਵਜੀਰ । ਤਾਤ-ਪਿਤਾ । ਮਾਤ-ਮਾਤਾ । ਦੋਖ-ਦੋਸ । ਦਾਗ ਕਲੰਕ ।

ਅਰਥ :-ਅਕਾਲ ਪੁਰਖ ਦੀ ਕੋਈ ਦੇਹ ਜਾਂ ਸਰੀਰ ਨਹੀਂ ਤੇ ਨਾ ਹੀ ਉਸਦਾ ਕੋਈ ਘਰ ਹੈ । ਉਸਦੀ ਨਾ ਕੋਈ ਜਾਤ ਹੈ ਤੇ ਨਾ ਪਾਤ ਜਾਂ ਗੋਤ ਹੈ । ਉਸਦਾ ਕੋਈ ਸਲਾਹਕਾਰ ਨਹੀਂ ਤੇ ਨਾ ਹੀ ਕੋਈ ਮਿੱਤਰ ਹੈ । ਉਸਦੇ ਮਾਤਾ-ਪਿਤਾ ਵੀ ਨਹੀਂ ਹਨ। ਉਸਦੇ ਕੋਈ ਅੰਗ-ਸਾਕ ਨਹੀਂ ਹਨ ਤੇ ਨਾ ਹੀ ਉਸਨੂੰ ਕਿਸੇ ਨਾਲ ਪਿਆਰ ਹੈ। ਉਸਦਾ ਕੋਈ ਸੰਗ ਤੇ ਸਾਥ ਵੀ ਨਹੀਂ । ਉਹ ਦੋਸ਼ ਰਹਿਤ ਤੇ ਬਿਨਾਂ ਕਲੰਕ ਦੇ ਹੈ। ਉਸਨੂੰ ਕਿਸੇ ਨਾਲ ਦ੍ਵੈਸ਼ ਜਾਂ ਈਰਖਾ ਨਹੀਂ ਅਤੇ ਨਾ ਹੀ ਉਸਦਾ ਸਰੀਰ ਹੈ ।

ਨ ਸਿੰਘ ਹੈ ਨਾ ਸਯਾਰ ਹੈ, ਨਾ ਰਾਉ ਹੈ ਨਾ ਰੰਕ ਹੈ ।
ਨ ਮਾਨ ਹੈ ਨਾ ਮੌਤ ਹੈ, ਨ ਸਾਕ ਹੈ ਨ ਸੰਕ ਹੈ ।



www.sridasamgranth.com

**ਨ ਜੱਛ ਹੈ ਨ ਗੰਧ੍ਰਬ ਹੈ, ਨ ਨਰੁ ਹੈ ਨਾ ਨਾਰਿ ਹੈ ।**
**ਨ ਚੋਰ ਹੈ ਨ ਸ਼ਾਹ ਹੈ, ਨ ਸ਼ਾਹ ਕੋ ਕੁਮਾਰ ਹੈ ॥੧੬੮॥**

**ਪਦਅਰਥ**:-ਸਿੰਘ-ਸ਼ੇਰ, ਸਯਾਰ-ਗਿੱਦੜ । ਰਾਉ-ਰਾਜਾ । ਰੰਕ-ਕੰਗਾਲ । ਮਾਨ-ਹੰਕਾਰ। ਸਾਕ-ਸੰਬੰਧੀ । ਸੰਕ-ਸੰਗ, ਸ਼ਾਹ ਕੋ ਕੁਮਾਰ-ਸ਼ਾਹੂਕਾਰ ਦਾ ਪੁੱਤਰ।

**ਅਰਥ** :-ਅਕਾਲ ਪੁਰਖ ਨਾ ਸ਼ੇਰ ਹੈ ਤੇ ਨਾ ਗਿੱਦੜ ਹੈ । ਉਹ ਨਾ ਰਾਜਾ ਹੈ ਤੇ ਨਾ ਕੰਗਾਲ । ਉਸਨੂੰ ਕੋਈ ਹੰਕਾਰ ਨਹੀਂ ਤੇ ਨਾ ਹੀ ਉਸਨੂੰ ਮੌਤ ਆਉਂਦੀ ਹੈ ਉਸਦੇ ਕੋਈ ਸੰਬੰਧੀ ਨਹੀਂ ਹਨ ਤੇ ਨਾ ਹੀ ਉਸ ਦਾ ਕੋਈ ਸੰਗੀ ਹੈ । ਉਹ ਨਾ ਜੱਛ ਹੈ ਤੇ ਨਾ ਹੀ ਗੰਦਰਭ ਹੈ । ਉਹ ਨਾ ਪੁਰਸ਼ ਹੈ ਤੇ ਨਾ ਹੀ ਨਾਰੀ । ਨਾ ਤਾਂ ਉਹ ਚੋਰ ਹੈ ਤੇ ਨਾ ਸ਼ਾਹੂਕਾਰ ਹੈ । ਉਹ ਸ਼ਾਹੂਕਾਰ ਦਾ ਪੁੱਤਰ ਵੀ ਨਹੀਂ ਹੈ ।

**ਨ ਨੇਹ ਹੈ ਨ ਗੇਹ ਹੈ , ਨ ਦੇਹ ਕੋ ਬਨਾਉ ਹੈ ।**
**ਨ ਛਲ ਹੈ ਨ ਛਿਦ੍ਰ ਹੈ, ਨ ਛਲ ਕੋ ਮਿਲਾਉ ਹੈ ।**
**ਨ ਜੰਤ੍ਰ ਹੈ ਨ ਮੰਤ੍ਰ ਹੈ, ਨ ਜੰਤ੍ਰ ਕੋ ਸਰੂਪ ਹੈ ।**
**ਨ ਰਾਗ ਹੈ ਨ ਰੰਗ ਹੈ, ਨ ਰੇਖ ਹੈ ਨ ਰੂਪ ਹੈ ॥੧੬੯॥**

**ਪਦਅਰਥ** :-ਨੇਹ-ਪਿਆਰ । ਗੇਹ-ਪਕੜ । ਦੇਹ-ਸਰੀਰ । ਛਲ-ਧੋਖਾ ਜਾਂ ਫਰੇਬ । ਛਿਦ੍ਰ-ਐਬ ਜਾਂ ਨੁਕਸ ।

**ਅਰਥ** :-ਉਸਨੂੰ ਪਿਆਰ ਨਹੀਂ ਤੇ ਨਾ ਹੀ ਪਕੜ ਹੈ ਤੇ ਨਾ ਹੀ ਉਸਦੇ ਸਰੀਰ ਦੀ ਕੋਈ ਬਨਾਵਟ ਹੈ । ਉਹ ਧੋਖੇ ਜਾਂ ਫਰੇਬ ਰਹਿਤ ਅਤੇ ਐਬ ਰਹਿਤ ਹੈ । ਨਾ ਹੀ ਉਹ ਕਿਸੇ ਨਾਲ ਧੋਖਾ ਕਰਨ ਵਾਲਾ ਹੈ । ਉਹ ਨਾ ਜੰਤਰ ਹੈ, ਨਾ ਮੰਤਰ ਅਤੇ ਨਾ ਹੀ ਜੰਤਰਾਂ ਦਾ ਸਰੂਪ ਹੈ ।

ਉਸਨੂੰ ਕਿਸੇ ਨਾਲ ਪ੍ਰੇਮ ਨਹੀਂ । ਉਸਦਾ ਕੋਈ ਰੰਗ ਨਹੀਂ । ਉਸਦਾ ਕੋਈ ਚਿਤਰ ਅਤੇ ਰੂਪ ਵੀ ਨਹੀਂ ਹੈ ।

**ਨ ਜੰਤ੍ਰ ਹੈ ਨਾ ਮੰਤ੍ਰ ਹੈ, ਨ ਤੰਤ੍ਰ ਕੋ ਬਨਾਉ ਹੈ ।**
**ਨ ਛਲ ਹੈ ਨ ਛਿਦ੍ਰ ਹੈ ਨ ਛਾਇਆ ਕੋ ਮਿਲਾਉ ਹੈ ।**
**ਨ ਰਾਗ ਹੈ ਨ ਰੰਗ ਹੈ, ਨ ਰੂਪ ਹੈ ਨ ਰੇਖ ਹੈ ।**
**ਨ ਕਰਮ ਹੈ ਨ ਧਰਮ ਹੈ, ਅਜਨਮ ਹੈ ਅਭੇਖ ਹੈ ॥੧੭੦॥**

**ਪਦਅਰਥ** :-ਛਾਇਆ-ਅਵਿਦਿਆ ਜਾਂ ਅਗਿਆਨਤਾ । ਅਭੇਖ-ਭੇਖ ਰਹਿਤ।

**ਅਰਥ** :-ਉਹ ਨਾ ਜੰਤਰਾਂ ਵਿਚ ਹੈ ਨਾ ਮੰਤਰਾਂ ਵਿਚ ਹੈ ਅਤੇ ਨਾ ਹੀ ਤੰਤਰਾ ਦੀ ਬਨਾਵਟ ਹੈ । ਉਹ ਧੋਖੇ ਅਤੇ ਐਬਾਂ ਤੋਂ ਰਹਿਤ ਹੈ ਅਤੇ ਨਾ ਹੀ ਅਗਿਆਨਤਾ ਦੀ ਮਿਲਾਵਟ ਹੈ । ਉਸਨੂੰ ਨਾ ਪ੍ਰੇਮ ਹੈ ਨਾ ਉਸਦਾ ਰੰਗ ਹੈ । ਉਸਦਾ ਕੋਈ ਚਿਤਰ ਅਤੇ ਰੂਪ ਵੀ ਕੋਈ ਨਹੀਂ ਹੈ । ਉਹ ਕਰਮਾਂ ਅਤੇ ਧਰਮਾਂ ਤੋਂ ਬਾਹਰਾ ਹੈ । ਜਨਮ ਮਰਨ ਵਿਚ ਨਹੀਂ ਆਉਂਦਾ ਤੇ ਭੇਖਾਂ ਤੋਂ ਰਹਿਤ ਹੈ ।

**ਨ ਤਾਤ ਹੈ ਨ ਮਾਤ ਹੈ, ਅਖਯਾਲ ਅਖੰਡ ਸਰੂਪ ਹੈ ॥**
**ਅਛੇਦ ਹੈ ਅਭੇਦ ਹੈ, ਨ ਰੰਕ ਹੈ ਨ ਭੂਪ ਹੈ ॥**
**ਪਰੇ ਹੈ ਪਵਿਤ੍ਰ ਹੈ, ਪੁਨੀਤ ਹੈ ਪੁਰਾਨ ਹੈ ॥**
**ਅਗੰਜ ਹੈ ਅਭੰਜ ਹੈ, ਕਰੀਮ ਹੈ ਕੁਰਾਨ ਹੈ ॥੧੭੧॥**



**ਪਦਅਰਥ** :-ਤਾਤ-ਮਾਤ-ਮਾਤਾ ਪਿਤਾ । ਅਖਯਾਲ-ਚਿਰੰਜੀਵਤਾ ਦਾ ਭੰਡਾਰ ਅਖੰਡ-ਨ ਖੰਡਿਤ ਹੋਣ ਵਾਲਾ । ਪਰੇ-ਪਿਆਰ । ਅਗੰਜ-ਅਬਿਨਾਸੀ ।

**ਅਰਥ** :-ਉਸ ਦੀ ਨਾ ਮਾਤਾ ਹੈ ਤੇ ਨਾ ਪਿਤਾ ਹੈ । ਉਹ ਚਿਰੰਜੀਵਤਾ ਦਾ ਭੰਡਾਰ, ਨਾ ਖੰਡਿਤ ਹੋਣ ਵਾਲਾ ਸਰੂਪ ਹੈ । ਉਸਦਾ ਭੇਦ ਨਹੀਂ ਪਾਇਆ ਜਾ ਸਕਦਾ, ਉਸਨੂੰ ਛੇਦਿਆ ਨਹੀਂ ਜਾ ਸਕਦਾ । ਉਹ ਨਾ ਕੰਗਾਲ ਹੈ ਤੇ ਨਾ ਹੀ ਰਾਜਾ ਹੈ । ਉਹ ਪ੍ਰੇਮ ਰੂਪ ਹੈ, ਪਵਿੱਤਰ ਹੈ, ਅਤੀ ਉੱਤਮ ਹੈ, ਪ੍ਰਾਚੀਨ ਵੀ ਉਹ ਹੀ ਹੈ । ਉਹ ਅਬਿਨਾਸ਼ੀ ਹੈ, ਅਟੁੱਟ ਹੈ, ਕਿਰਪਾਲੂ ਹੈ ਅਤੇ ਬੁਰਿਆਂ ਨੂੰ ਮਾਰਨ ਵਾਲਾ ਉਹ ਹੀ ਹੈ।

**ਅਕਾਲ ਹੈ ਅਪਾਲ ਹੈ, ਖਿਆਲ ਹੈ ਅਖੰਡ ਹੈ ॥**
**ਨ ਰੋਗ ਹੈ, ਨ ਸੋਗ ਹੈ, ਨ ਭੇਦ ਹੈ ਨ ਭੰਡ ਹੈ ॥**
**ਨ ਅੰਗ ਹੈ ਨ ਰੰਗ ਹੈ, ਨ ਸੰਗ ਹੈ ਨ ਸਾਥ ਹੈ ॥**
**ਪ੍ਰਿਯਾ ਹੈ, ਪਵਿਤ੍ਰ ਹੈ, ਪੁਨੀਤ ਹੈ, ਪ੍ਰਮਾਥ ਹੈ ॥੧੭੨॥**

**ਪਦਅਰਥ** :-ਅਕਾਲ-ਕਾਲ ਤੋਂ ਰਹਿਤ । ਅਪਾਲ-ਜਿਸਦੀ ਕੋਈ ਹੱਦ ਨ ਹੋਵੇ । ਖਿਆਲ-ਧਿਆਨ । ਅਖੰਡ-ਖੰਡਿਤ ਨ ਹੋਣ ਵਾਲਾ । ਭੰਡ-ਨਿੰਦਣ ਯੋਗ । ਪ੍ਰਿਆ-ਪਿਆਰਾ । ਪ੍ਰਮਾਥ-ਸ਼੍ਰੋਮਣੀ ।

**ਅਰਥ** :-ਉਹ ਕਾਲ ਤੋਂ ਰਹਿਤ ਹੈ, ਉਸਦੀ ਕੋਈ ਹੱਦ ਨਹੀਂ ਹੈ । ਉਹ ਧਿਆਨ ਸਰੂਪ ਹੈ ਅਤੇ ਖੰਡਿਤ ਨ ਹੋਣ ਵਾਲਾ ਹੈ । ਉਸ ਨੂੰ ਕੋਈ ਰੋਗ ਨਹੀਂ ਤੇ ਨਾ ਹੀ ਉਸਨੂੰ ਕਿਸੇ ਤਰ੍ਹਾਂ ਦਾ ਸੋਗ ਜਾਂ ਦੁੱਖ ਹੈ । ਉਸਦਾ ਭੇਦ ਨਹੀਂ ਪਾਇਆ ਜਾ ਸਕਦਾ ਅਤੇ ਉਹ ਅਨਿੰਦਣਯੋਗ ਹੈ । ਉਸਦਾ ਕੋਈ ਸਰੀਰ ਨਹੀਂ, ਉਸਦਾ ਕੋਈ ਰੰਗ ਨਹੀਂ। ਉਸਦਾ ਨਾ ਕੋਈ ਸੰਗੀ ਹੈ ਤੇ ਨਾ ਸਾਥੀ ਹੈ । ਉਹ ਪਿਆਰਾ ਹੈ, ਪਵਿੱਤਰ ਹੈ, ਪੁਨੀਤ ਹੈ ਤੇ ਸ਼੍ਰੋਮਣੀ ਹੈ ।

**ਨ ਸੀਤ ਹੈ ਨ ਸੋਕ ਹੈ, ਨ ਘ੍ਰਾਮ ਹੈ ਨ ਘਾਮ ਹੈ ॥**
**ਨ ਲੋਭ ਹੈ ਨ ਮੋਹ ਹੈ, ਨ ਕ੍ਰੋਧ ਹੈ ਨ ਕਾਮ ਹੈ ॥**
**ਨ ਦੇਵ ਹੈ ਨ ਦੈਂਤ ਹੈ, ਨ ਨਰ ਕੋ ਸਰੂਪ ਹੈ ॥**
**ਨ ਛਲ ਹੈ ਨ ਛਿਦ੍ਰ ਹੈ, ਨ ਛਿਦ੍ਰ ਕੀ ਬਿਭੂਤ ਹੈ ॥੧੭੩॥**

**ਪਦਅਰਥ** :-ਸੀਤ-ਠੰਢ, ਸਰਦੀ । ਸੋਕ-ਤਪਸ਼ । ਘ੍ਰਾਮ-ਗਰਮੀ । ਘਾਮ-ਧੁਪ । ਛੱਲ-ਧੋਖਾ । ਛਿਦ੍ਰ-ਔਗੁਣ ।

**ਅਰਥ** :-ਉਸ ਨੂੰ ਨਾ ਠੰਢਕ ਹੈ ਤੇ ਨਾ ਤਪਸ਼ ਹੈ । ਨਾ ਗਰਮੀ ਹੈ ਤੇ ਨਾ ਧੁੱਪ ਹੈ । ਉਸਨੂੰ ਕੋਈ ਲਾਲਚ ਨਹੀਂ, ਨਾ ਕਿਸੇ ਨਾਲ ਮੋਹ ਹੈ । ਉਹ ਕ੍ਰੋਧ ਰਹਿਤ ਹੈ ਅਤੇ ਕਾਮ-ਵਾਸ਼ਨਾ ਰਹਿਤ ਹੈ । ਉਹ ਨਾ ਦੇਵਤਾ ਹੈ ਨਾ ਰਾਕਸ਼ ਹੈ ਅਤੇ ਨਾ ਹੀ ਮਨੁੱਖ ਰੂਪ ਹੈ । ਉਹ ਛਲ ਰਹਿਤ ਹੈ, ਔਗੁਣ ਰਹਿਤ ਹੈ ਅਤੇ ਨਾਹੀਂ ਔਗੁਣਾਂ ਦੀ ਸਾਮੱਗਰੀ ਹੈ।

**ਨ ਕਾਮ ਹੈ, ਨ ਕ੍ਰੋਧ ਹੈ, ਨ ਲੋਭ ਹੈ, ਨ ਮੋਹ ਹੈ ॥**
**ਨ ਦ੍ਵੈਖ ਹੈ, ਨ ਭੇਖ ਹੈ, ਨ ਦੂਈ ਹੈ, ਨ ਦ੍ਰੋਹ ਹੈ ॥**
**ਨ ਕਾਲ ਹੈ ਨ ਬਾਲ ਹੈ, ਸਦੀਵ ਦਿਆਲ ਰੂਪ ਹੈ ॥**
**ਅਗੰਜ ਹੈ, ਅਭੰਜ ਹੈ, ਅਭਰਮ ਹੈ, ਅਭੂਤ ਹੈ ॥੧੭੪॥**

**ਪਦਅਰਥ** :-ਦ੍ਵੈਖ-ਈਰਖਾ । ਭੇਖ-ਪਾਖੰਡ । ਦੂਈ-ਦੂਜਾ ਪਨ।ਦ੍ਰੋਹ-ਧੋਖਾ ।



www.sridasamgranth.com

ਅਗੰਜ-ਅਵਿਨਾਸ਼ੀ । ਅਭੰਜ-ਅਟੁੱਟ । ਅਭਰਮ-ਭਰਮਾਂ ਤੋਂ ਰਹਿਤ । ਅਭੂਤ-ਤੱਤਾਂ ਤੋਂ ਰਹਿਤ ।

**ਅਰਥ** :-ਉਹ ਕਾਮ ਵਾਸ਼ਨਾ ਤੋਂ ਰਹਿਤ, ਕ੍ਰੋਧ ਵਿਚ ਨ ਆਉਣ ਵਾਲਾ, ਲਾਲਚ ਰਹਿਤ ਅਤੇ ਮੋਹ ਰਹਿਤ ਹੈ । ਉਸ ਨੂੰ ਕਿਸੇ ਨਾਲ ਈਰਖਾ ਨਹੀਂ ਤੇ ਭੇਖ ਰਹਿਤ ਹੈ । ਨ ਉਸ ਵਿਚ ਦੂਜਾਪਨ ਹੈ ਤੇ ਨਾ ਧ੍ਰੋਹ ਹੈ । ਉਸ ਨੂੰ ਕਾਲ ਪੋਹਦਾ ਨਹੀਂ, ਉਹ ਬਾਲਕ ਰੂਪ ਵੀ ਨਹੀਂ ਤੇ ਸਦਾ ਦਿਆਲਤਾ ਸਰੂਪ ਹੈ । ਉਹ ਅਵਿਨਾਸ਼ੀ ਹੈ, ਅਟੁੱਟ ਹੈ, ਭਰਮਾਂ ਤੋਂ ਰਹਿਤ ਹੈ ਤੇ ਤੱਤਾਂ ਤੋਂ ਰਹਿਤ ਹੈ ।

**ਅਛੇਦ ਛੇਦ ਹੈ ਸਦਾ, ਅਗੰਜ ਗੰਜ ਗੰਜ ਹੈ ॥**
**ਅਭੂਤ ਭੇਖ ਹੈ ਬਲੀ, ਅਰੂਪ ਰਾਗ ਰੰਗ ਹੈ ॥**
**ਨ ਦ੍ਵੈਖ ਹੈ, ਨ ਭੇਖ ਹੈ, ਨ ਕਾਮ ਕ੍ਰੋਧ ਕਰਮ ਹੈ ॥**
**ਨ ਜਾਤਿ ਹੈ, ਨ ਪਾਤਿ ਹੈ, ਨ ਚਿਤ੍ਰ ਚਿਹਨ ਬਰਨ ਹੈ ॥੧੭੫॥**

**ਪਦਅਰਥ** :-ਅਛੇਦ-ਛੇਦਿਆ ਨ ਜਾ ਸਕਣ ਵਾਲਾ । ਅਗੰਜ-ਨਾਸ਼ ਨਾ ਹੋਣ ਵਾਲਾ । ਅਭੂਤ-ਤੱਤਾਂ ਤੋਂ ਰਹਿਤ । ਅਰੂਪ-ਰੂਪ ਤੋਂ ਰਹਿਤ ।ਦ੍ਵੈਖ-ਈਰਖਾ ।

**ਅਰਥ** :-ਨਾ ਛੇਦੇ ਜਾਣ ਵਾਲਿਆਂ ਨੂੰ ਵੀ ਉਹ ਸਦਾ ਛੇਦਤ ਕਰਨ ਵਾਲਾ ਹੈ। ਨਾ ਨਾਸ਼ ਹੋਣ ਵਾਲਿਆਂ (ਆਪਣੇ ਆਪ ਨੂੰ ਅਮਰ ਸਮਝਣ ਵਾਲੇ) ਨੂੰ ਨਾਸ਼ ਕਰਨ ਵਾਲਾ ਹੈ । ਉਸਦਾ ਭੇਸ ਤੱਤਾਂ ਤੋਂ ਰਹਿਤ ਹੈ ਅਤੇ ਬਲਵਾਨ ਹੈ । ਰੂਪ ਤੋਂ ਰਹਿਤ ਉਸਦਾ ਰਾਗ ਤੇ ਰੰਗ ਹੈ । ਉਸਨੂੰ ਕਿਸੇ ਨਾਲ ਈਰਖਾ ਨਹੀਂ, ਨਾ ਉਸਦਾ ਕੋਈ ਭੇਖ ਹੈ । ਨਾ ਹੀ ਉਸਦਾ ਕਰਮ; ਕਾਮ ਤੇ ਕ੍ਰੋਧ ਵਾਲਾ ਹੈ । ਉਸਦੀ ਕੋਈ ਜਾਤ ਨਹੀਂ, ਕੋਈ ਗੋਤ ਨਹੀਂ, ਉਸਦਾ ਕੋਈ ਚਿੱਤਰ, ਚਿੰਨ੍ਹ ਤੇ ਵਰਨ ਵੀ ਨਹੀਂ ਹੈ ।

**ਬਿਅੰਤ ਹੈ ਅਨੰਤ ਹੈ, ਅਨੰਤ ਤੇਜ ਜਾਨੀਐ ॥**
**ਅਭੂਮਿ ਅਭਿੱਜ ਹੈ ਸਦਾ, ਅਛਿੱਜ ਤੇਜ ਮਾਨੀਐ ॥**
**ਨ ਆਧਿ ਹੈ ਨ ਬਿਆਧਿ ਹੈ, ਅਗਾਧ ਰੂਪ ਲੇਖੀਐ ॥**
**ਅਦੋਖ ਹੈ ਅਦਾਗ ਹੈ, ਅਛੈ ਪ੍ਰਤਾਪ ਪੇਖੀਐ ॥੧੭੬॥**

**ਪਦਅਰਥ** :-ਅਨੰਤ-ਅੰਤ ਰਹਿਤ । ਅਭੂਮਿ-ਜੋ ਪ੍ਰਿਥਵੀ ਤੋਂ ਨਹੀਂ ਬਣਿਆ। ਅਭਿਜ-ਜੋ ਭਿਜਦਾ ਨਹੀਂ । ਆਧਿ-ਮਾਨਸਿਕ ਰੋਗ । ਬਿਆਧਿ-ਸਰੀਰਕ ਰੋਗ । ਅਗਾਧ-ਅਥਾਹ । ਅਦੋਖ-ਦੋਖ ਰਹਿਤ । ਅਦਾਗ -ਦਾਗ ਰਹਿਤ । ਅਛੈ -ਨਾਸ ਨਾ ਹੋਣ ਵਾਲਾ ।

**ਅਰਥ** :-ਉਹ ਬੇਅੰਤ ਹੈ ਅਤੇ ਉਸਦਾ ਅੰਤ ਨਹੀਂ ਪਾਇਆ ਜਾ ਸਕਦਾ । ਉਸਦਾ ਪ੍ਰਤਾਪ ਵੀ ਅੰਤ ਰਹਿਤ ਕਰਕੇ ਜਾਨਿਆ ਜਾਵੇ । ਉਹ ਪ੍ਰਿਥਵੀ ਦੇ ਤੱਤ ਤੋਂ ਨਹੀਂ ਬਣਿਆ ਅਤੇ ਇਨ੍ਹਾਂ ਤੋਂ ਨਿਰਲੇਪ ਤੇ ਸਦਾ ਕਾਇਮ ਹੈ । ਉਸਦਾ ਪ੍ਰਤਾਪ ਨਾ ਛਿਜਣ ਵਾਲਾ ਕਰਕੇ ਮੰਨੀਏ । ਉਸਨੂੰ ਕੋਈ ਮਾਨਸਿਕ ਰੋਗ ਤੇ ਸਰੀਰਕ ਰੋਗ ਨਹੀਂ ਹੈ । ਉਸਨੂੰ ਅਥਾਹ ਰੂਪ ਵਾਲਾ ਕਰਕੇ ਗਿਣਿਆ ਜਾਵੇ । ਉਹ ਦੋਖ ਤੋਂ ਰਹਿਤ ਤੇ ਦਾਗ ਰਹਿਤ ਹੈ । ਉਸਦਾ ਪ੍ਰਤਾਪ ਨਾ ਨਾਸ਼ ਹੋਣ ਵਾਲਾ ਪ੍ਰਤੱਖ ਵੇਖਿਆ ਜਾਂਦਾ ਹੈ ।

**ਨ ਕਰਮ ਹੈ ਨ ਭਰਮ ਹੈ, ਨ ਧਰਮ ਕੋ ਪ੍ਰਭਾਉ ਹੈ ॥**
**ਨ ਜੰਤ੍ਰ ਹੈ ਨ ਮੰਤ੍ਰ ਹੈ ਨ ਮੰਤ੍ਰ ਕੋ ਰਲਾਉ ਹੈ ॥**



**ਨ ਛਲ ਹੈ ਨ ਛਿਦ੍ਰ ਹੈ, ਨ ਛਿਦ੍ਰ ਕੋ ਸਰੂਪ ਹੈ ॥**
**ਅਭੰਗ ਹੈ ਅਨੰਗ ਹੈ, ਅਗੰਜ ਸੀ ਬਿਭੂਤ ਹੈ ॥੧੭੭॥**

**ਪਦਅਰਥ**:-ਪ੍ਰਭਾਉ-ਪ੍ਰਭਾਵ। ਛਲ-ਧੋਖਾ। ਛਿਦ੍ਰ-ਔਗੁਣ।ਅਭੰਗ-ਨਾਸ ਰਹਿਤ। ਅਨੰਗ-ਐਬ ਤੋਂ ਬਿਨਾ। ਅਗੰਜ-ਨਾ ਮੁੱਕਣ ਵਾਲਾ ਖਜਾਨਾ। ਬਿਭੂਤ-ਸੰਪਦਾ ।

**ਅਰਥ** :-ਉਹ ਕਰਮਾਂ ਵਿਚ ਨਹੀਂ ਹੈ, ਭਰਮਾਂ ਵਿਚ ਨਹੀਂ ਹੈ ਤੇ ਨ ਹੀ ਧਰਮਾਂ ਦਾ ਉਸ ਉੱਤੇ ਕੋਈ ਪ੍ਰਭਾਵ ਹੈ । ਉਹ ਜੰਤਰਾਂ ਵਿਚ ਨਹੀਂ ਤੇ ਨਾ ਹੀ ਤੰਤ੍ਰਾਂ ਵਿਚ ਹੈ ਤੇ ਨਾ ਮੰਤ੍ਰਾਂ ਵਿੱਚ ਰਲਿਆ ਹੋਇਆ ਹੈ । ਉਸ ਵਿਚ ਕੋਈ ਛਲ ਨਹੀਂ ਤੇ ਨਾ ਹੀ ਕੋਈ ਔਗੁਣ ਹੈ ਅਤੇ ਨਾ ਹੀ ਕੋਈ ਔਗੁਣਾਂ ਦਾ ਸਰੂਪ ਹੈ । ਉਹ ਨਾਸ ਰਹਿਤ ਹੈ, ਐਬਾਂ ਤੋਂ ਰਹਿਤ ਹੈ । ਉਹ ਨਾ ਮੁੱਕਣ ਵਾਲੇ ਖਜਾਨੇ ਦੀ ਸੰਪਦਾ ਹੈ ।

**ਨਾ ਕਾਮ ਹੈ ਨ ਕ੍ਰੋਧ ਹੈ, ਨ ਲੋਭ ਮੋਹਕਾਰ ਹੈ ॥**
**ਨ ਆਧਿ ਹੈ ਨ ਬਿਆਧ ਹੈ, ਨ ਅਗਾਧ ਕੋ ਬਿਚਾਰ ਹੈ ॥**
**ਨ ਰੰਗ ਰਾਗ ਰੂਪ ਹੈ, ਨ ਰੂਪ ਰੇਖ ਰਾਗ ਹੈ ॥**
**ਨ ਹਾਉ ਹੈ ਨ ਭਾਉ ਹੈ, ਨ ਦਾਉ ਕੋ ਪ੍ਰਕਾਰ ਹੈ ॥੧੭੮॥**

**ਪਦਅਰਥ** :-ਆਧਿ-ਮਾਨਸਿਕ ਦੁੱਖ, ਬਿਆਧ-ਸਰੀਰਕ ਦੁੱਖ, ਅਗਾਧ-ਜਿਸਦਾ ਥਾਹ ਨ ਪਾਇਆ ਜਾ ਸਕੇ । ਰਾਗ-ਝਗੜਾ ।

**ਅਰਥ** :-ਉਸਨੂੰ ਨ ਕਾਮ ਪੋਂਹਦਾ ਹੈ, ਨਾ ਕ੍ਰੋਧ । ਉਸ ਉਤੇ ਲਾਲਚ ਤੇ ਮੋਹ ਦਾ ਨਿਸ਼ਾਨ ਨਹੀਂ ਹੈ । ਉਸਨੂੰ ਕੋਈ ਸਰੀਰਕ ਰੋਗ ਨਹੀਂ ਨਾ ਮਾਨਸਿਕ ਰੋਗ ਹੈ । ਉਸ ਥਾਹ ਨਾ ਪਾਏ ਜਾ ਸਕਣ ਵਾਲੇ ਬਾਰੇ, ਵਿਚਾਰ ਨਹੀਂ ਕੀਤਾ ਜਾ ਸਕਦਾ । ਉਸ ਦਾ ਕੋਈ ਰੰਗ ਨਹੀਂ, ਨਾ ਰਾਗ ਹੈ ਤੇ ਨਾ ਹੀ ਕੋਈ ਰੂਪ ਹੈ । ਉਸਦਾ ਕੋਈ ਰੂਪ ਨਹੀਂ ਚਿੰਨ੍ਹ ਨਹੀਂ ਤੇ ਨਾ ਹੀ ਉਸਨੂੰ ਕੋਈ ਝਗੜਾ ਹੈ । ਨਾ ਹੀ ਕੋਈ ਹਾਵ-ਭਾਵ ਹੈ ਤੇ ਨਾ ਹੀ ਦਾਅ ਦਾ ਕੋਈ ਢੰਗ ਹੈ ।

**ਗਜਾਧਪੀ ਨਰਾਧਪੀ ਕਰੰਤ ਸੇਵ ਹੈ ਸਦਾ ॥**
**ਸਿਤੁਸ਼ਪਤੀ ਤਪਸਪਤੀ ਬਨਸਪਤੀ ਜਪਸ ਸਦਾ ॥**
**ਅਗਸਤ ਆਦਿ ਜੇ ਬਡੇ, ਤਪਸਪਤੀ ਬਿਸੇਖੀਐ ॥**
**ਬਿਅੰਤ ਬਿਅੰਤ ਬਿਅੰਤ ਕੋ, ਕਰੰਤ ਪਾਠ ਪੇਖੀਐ ॥੧੭੯॥**

**ਪਦਅਰਥ** :-ਗਜਾਧਪੀ-ਹਾਥੀਆਂ ਦਾ ਸੁਆਮੀ (ਇੰਦ੍ਰ) । ਨਰਾਧਪੀ-ਕੁਬੇਰ। ਸਿਤੁਸ਼ਪਤੀ-ਸ਼ੀਤਲਤਾ ਦਾ ਸੁਆਮੀ (ਚੰਦ੍ਰਮਾ) । ਤਪਸਪਤੀ-ਤਪਸ਼ ਦਾ ਸੁਆਮੀ (ਸੂਰਜ) ਬਨਸਪਤੀ-ਵਰਣ । ਅਗਸਤ-ਅਗਸਤ ਮੁਨੀ । ਤਪਸਪਤੀ-ਤਪ ਕਰਨ ਵਾਲੇ । ਬਿਸੇਖੀਐ-ਵਿਸ਼ੇਸ਼ ।

**ਅਰਥ** :-ਹਾਥੀਆਂ ਦਾ ਸੁਆਮੀ ਇੰਦ੍ਰ ਤੇ ਕੁਬੇਰ (ਦੇਵਤਿਆਂ ਦਾ ਰਾਜਾ) ਸਦਾ ਹੀ ਉਸਦੀ ਸੇਵਾ ਕਰਦੇ ਹਨ । ਸ਼ੀਤਲਤਾ ਦਾ ਸੁਆਮੀ ਚੰਦ੍ਰਮਾ, ਤਪਸ਼ ਦਾ ਸੁਆਮੀ ਸੂਰਜ ਤੇ ਵਰੁਣ ਆਦਿ ਸਦਾ ਉਸਦਾ ਜਾਪ ਕਰਦੇ ਹਨ । ਅਗਸਤ ਜਿਹੇ ਵੱਡੇ-ਵੱਡੇ ਮੁਨੀ ਜੋ ਵਿਸ਼ੇਸ਼ ਤਪ ਕਰਨ ਵਾਲੇ ਹਨ, ਉਸ ਬੇਅੰਤ, ਬੇਅੰਤ, ਬੇਅੰਤ ਵਾਹਿਗੁਰੂ ਦਾ ਪਾਠ ਕਰਦੇ ਵੇਖੇ ਜਾਂਦੇ ਹਨ ਭਾਵ ਉਸਨੂੰ ਆਪਣੀ ਸਿਮ੍ਰਿਤੀ ਵਿਚ ਲਿਆਉਂਦੇ ਹਨ ।

**ਅਗਾਧ ਆਦਿ ਦੇਵ ਕੀ ਅਨਾਦਿ ਬਾਤ ਮਾਨੀਐ ॥**



www.sridasamgranth.com

ਨਾ ਜਾਤਿ ਪਾਤਿ ਮੰਤ੍ਰਿ ਮਿਤ੍ਰ ਸਤ੍ਰ ਨੇਹ ਜਾਨੀਐ ॥
ਸਦੀਵ ਸਰਬ ਲੋਕ ਕੋ ਕ੍ਰਿਪਾਲ ਖਿਆਲ ਮੈ ਰਹੈ ॥
ਤੁਰੰਤ ਦ੍ਰੋਹ ਦੇਹ ਕੇ ਅਨੰਤ ਭਾਂਤਿ ਸੋ ਦਹੈ ॥੧੯੦॥

ਪਦਅਰਥ :-ਅਗਾਧ-ਅਥਾਹ, ਅਨਾਦਿ-ਮੁੱਢ ਵਿਹੀਨ । ਬਾਤ-ਕਥਾ-ਕਹਾਣੀ। ਮੰਤ੍ਰਿ-ਸਲਾਹਕਾਰ। ਨੇਹ-ਪਿਆਰ, ਖਿਆਲ-ਧਿਆਨ । ਦ੍ਰੋਹ-ਦੁਖਦਾਈ । ਦਹੈ-ਸਾੜਦਾ ਜਾਂ ਮਿਟਾ ਦੇਂਦਾ ਹੈ ।

ਅਰਥ :-ਉਹ ਪਰਮਾਤਮਾ ਅਥਾਹ ਹੈ । ਇਹ ਮੰਨੀਏ ਕਿ ਉਸ ਦੇ ਮੁੱਢ ਜਾਂ ਅਰੰਭ ਦੀ ਕਥਾ ਨਹੀਂ ਜਾਣੀ ਜਾ ਸਕਦੀ ਜਾਂ ਇਉਂ ਕਹੀਏ ਕਿ ਉਸ ਵਾਹਿਗੁਰੂ ਦੇ ਮੁੱਢ ਦੀ ਬਾਤ ਨੂੰ ਨਹੀਂ ਜਾਣਿਆ ਜਾ ਸਕਦਾ । ਉਸਦੀ ਕੋਈ ਜਾਤ ਪਾਤ ਤੇ ਮੰਤਰੀ ਜਾਂ ਸਲਾਹਕਾਰ ਨਹੀਂ ਅਤੇ ਨਾ ਹੀ ਉਸਦਾ ਕੋਈ ਮਿੱਤਰ ਦੁਸ਼ਮਣ ਹੈ ਤੇ ਨਾ ਹੀ ਉਸਨੂੰ ਪ੍ਰੇਮ ਜਾਂ ਪਕੜ ਹੈ । ਸਦਾ ਸਾਰੇ ਲੋਕ ਉਸ ਕਿਰਪਾਲੂ ਦੇ ਧਿਆਨ ਵਿਚ ਰਹਿੰਦੇ ਹਨ ਤੁਰੰਤ ਹੀ ਉਹ ਸਰੀਰ ਦੇ ਅਨੇਕਾਂ ਪ੍ਰਕਾਰ ਦੇ ਦੁੱਖਾਂ ਨੂੰ ਮਿਟਾ ਦਿੰਦਾ ਹੈ ।

ਤ੍ਵਪ੍ਰਸਾਦਿ ਰੂਆਲ ਛੰਦ

ਰੂਪ ਰਾਗ ਨ ਰੇਖ ਰੰਗ ਨ, ਜਨਮ ਬਰਨ ਬਿਹੀਨ ॥
ਆਦਿ ਨਾਥ ਅਗਾਧ ਪੁਰੁਖ, ਸੁਧਰਮ ਕਰਮ ਪ੍ਰਬੀਨ ॥
ਜੰਤ੍ਰ ਮੰਤ੍ਰ ਨ ਤੰਤ੍ਰ ਜਾ ਕੋ ਆਦਿ ਪੁਰਖ ਅਪਾਰ ॥
ਹਸਤਿ ਕੀਟ ਬਿਖੈ ਬਸੈ ਸਬ ਠਉਰ ਮੈ ਨਿਰਧਾਰ ॥੧੯੧॥

ਪਦਅਰਥ :-ਪ੍ਰਬੀਨ-ਨਿਪੁੰਨ । ਹਸਤਿ-ਹਾਥੀ । ਕੀਟ-ਕੀੜੀ । ਨਿਰਧਾਰ-ਨਿਸਚੇ ਹੀ ।

ਅਰਥ :-ਉਸ ਦਾ ਕੋਈ ਰੂਪ ਨਹੀਂ, ਰਾਗ ਨਹੀਂ, ਰੇਖ ਨਹੀਂ, ਰੰਗ ਨਹੀਂ ਤੇ ਉਹ ਜਨਮ ਮਰਨ ਤੋਂ ਰਹਿਤ ਹੈ । ਉਹ ਮੁੱਢ ਸਰੂਪ ਹੈ, ਮਾਲਕ ਹੈ, ਅਥਾਹ ਹੈ ਤੇ ਸਰਵ ਵਿਆਪਕ ਹੈ । ਉਹ ਧਰਮ ਕਰਮ ਵਿਚ ਨਿਪੁੰਨ ਹੈ । ਉਹ ਜੰਤਰਾਂ, ਮੰਤਰਾਂ ਤੇ ਤੰਤਰਾਂ ਨਾਲ ਵੱਸ ਵਿਚ ਨਹੀਂ ਆਉਂਦਾ । ਉਹ ਆਦਿ ਰੂਪ ਹੈ, ਸਰਵਵਿਆਪਕ ਹੈ ਤੇ ਉਸਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ । ਉਹ ਹਾਥੀ ਤੇ ਕੀੜੀ ਵਿਚ ਵੀ ਵਸਦਾ ਹੈ । ਨਿਸਚੇ ਹੀ ਸਭ ਥਾਵਾਂ ਤੇ ਉਸਦਾ ਟਿਕਾਣਾ ਹੈ ।

ਜਾਤਿ ਪਾਤਿ ਨ ਤਾਤ ਜਾ ਕੋ, ਮੰਤ੍ਰ ਮਾਤ ਨ ਮਿੱਤ੍ਰ ॥
ਸਰਬ ਠਉਰ ਬਿਖੈ ਰਮਿਓ, ਜਿਹ ਚਕ੍ਰ-ਚਿਹਨ ਨ ਚਿੱਤ੍ਰ ॥
ਆਦਿ ਦੇਵ ਉਦਾਰ ਮੂਰਤਿ, ਅਗਾਧ ਨਾਥ ਅਨੰਤ ॥
ਆਦਿ ਅੰਤਿ ਨ ਜਾਨੀਐ ਅਬਿਖਾਦ ਦੇਵ ਦੁਰੰਤ ॥੧੯੨॥

ਪਦਅਰਥ :-ਤਾਤ-ਪਿਤਾ । ਮੰਤ੍ਰ-ਸਲਾਹਕਾਰ । ਮਾਤ-ਮਾਤਾ । ਰਮਿਓ-ਵਿਆਪਕ । ਅਬਿਖਾਦ-ਝਗੜਿਆਂ ਤੋਂ ਰਹਿਤ । ਦੁਰੰਤ-ਕਠਿਨ ।

ਅਰਥ :-ਉਸਦੀ ਕੋਈ ਜਾਤ ਪਾਤ ਨਹੀਂ ਤੇ ਨਾਹੀ ਪਿਤਾ ਹੈ । ਉਸਦਾ ਕੋਈ ਸਲਾਹਕਾਰ ਨਹੀਂ, ਕੋਈ ਮਾਤਾ ਨਹੀਂ ਤੇ ਨਾਹੀਂ ਕੋਈ ਮਿੱਤਰ ਹੈ । ਉਹ ਸਾਰੀਆਂ ਥਾਵਾਂ ਤੇ ਵਿਆਪਕ ਹੈ । ਉਸ ਦਾ ਕੋਈ ਚੱਕਰ, ਚਿੰਨ੍ਹ ਤੇ ਤਸਵੀਰ ਨਹੀਂ । ਉਹ ਮੁੱਢ ਸਰੂਪ ਤੇ ਦਿਆਲਤਾ ਦੀ ਮੂਰਤ ਹੈ । ਉਸ ਅਥਾਹ ਸੁਆਮੀ ਦਾ ਅੰਤ ਨਹੀਂ ਪਾਇਆ



ਜਾ ਸਕਦਾ, ਉਸ ਦਾ ਨਾ ਅਰੰਭ ਜਾਣਿਆ ਜਾ ਸਕਦਾ ਹੈ ਤੇ ਨਾ ਹੀ ਅੰਤ । ਉਹ ਸੁਆਮੀ ਝਗੜਿਆਂ ਤੋਂ ਰਹਿਤ ਹੈ ਤੇ ਉਸਦਾ ਅੰਤ ਪਾਉਣਾ ਕਠਿਨ ਹੈ ।

**ਦੇਵ ਭੇਵ ਨ ਜਾਨਹੀ ਜਿਸ ਮਰਮ ਬੇਦ ਕਤੇਬ ॥**
**ਸਨਕ ਅਉ ਸਨਕੇ ਸੁ ਨੰਦਨ ਪਾਵਹੀ ਨ ਹਸੇਬ ॥**
**ਜੱਛ ਕਿੰਨਰ ਮੱਛ ਮਾਨਸ ਮੁਰਗ ਉਰਗ ਅਪਾਰ ॥**
**ਨੇਤਿ ਨੇਤਿ ਪੁਕਾਰ ਹੀ ਸਿਵ ਸਕ੍ਰ ਔ ਮੁਖਚਾਰ ॥੧੯੩॥**

ਪਦਅਰਥ :-ਭੇਵ-ਭੇਦ । ਮਰਮ-ਭੇਦ । ਸਨਕਅਉ ਸਨਕੇ ਸੁ ਨੰਦਨ-ਬ੍ਰਹਮਾ ਦਾ ਵੱਡਾ ਪੁੱਤਰ, ਬ੍ਰਹਮਾ ਤੇ ਉਸ ਦੇ ਬਾਕੀ ਪੁੱਤਰ । ਹਸੇਬ-ਹਿਸਾਬ ਜਾਂ ਲੇਖਾ ਪਤਾ । ਜੱਛ-ਇੰਦ੍ਰ ਦੀ ਸਭਾ ਦੇ ਦੇਵਤੇ । ਕਿੰਨਰ-ਕੁਬੇਰ ਦੀ ਸਭਾ ਦੇ ਨਾਚੇ । ਮੁਰਗ-ਖੰਡਾਂ ਵਾਲੇ ਜਾਨਵਰ । ਉਰਗ-ਪੇਟ ਦੇ ਬਲ ਚਲਣ ਵਾਲੇ ਜੀਵ ਜਿਵੇਂ ਸੱਪ ਆਦਿ । ਸਕ੍ਰ-ਇੰਦਰ ਦੇਵਤਾ ।

ਅਰਥ :-ਦੇਵਤੇ ਉਸਦਾ ਭੇਦ ਨਹੀਂ ਜਾਣਦੇ । ਬੇਦ ਅਤੇ ਕਤੇਬ ਵੀ ਜਿਸਦਾ ਭੇਦ ਨਹੀਂ ਪਾ ਸਕਦੇ । ਬ੍ਰਹਮਾ ਦਾ ਵੱਡਾ ਪੁੱਤਰ ਸਨਕ, ਬ੍ਰਹਮਾ ਅਤੇ ਉਸਦੇ ਹੋਰ ਪੁੱਤਰ ਉਸਦਾ ਹਿਸਾਬ ਨਹੀਂ ਲਾ ਸਕੇ । ਜੱਛ, ਕੁਬੇਰ ਦੀ ਸਭਾ ਦੇ ਨਾਚੇ, ਮੱਛ ਅਵਤਾਰ, ਮਨੁੱਖ ਜਾਤੀ, ਖੰਭਾਂ ਵਾਲੇ ਜਾਨਵਰ, ਪੇਟ ਦੇ ਬਲ ਚਲਣ ਵਾਲੇ ਜੀਵ ਆਦਿ ਸਾਰੇ ਉਸਨੂੰ ਨਹੀਂ ਪਾ ਸਕੇ । ਸ਼ਿਵਜੀ ਦੇਵਤਾ ਅਤੇ ਇੰਦਰ ਦੇਵਤਾ ਅਤੇ ਬ੍ਰਹਮਾ ਆਪਣੇ ਚਾਰਾਂ ਮੁੱਖਾਂ ਨਾਲ ਉਸਨੂੰ ਬੇਅੰਤ ਬੇਅੰਤ ਆਖਕੇ ਪੁਕਾਰ ਰਹੇ ਹਨ ।

**ਸਰਬ ਸਪਤ ਪਤਾਰ ਕੇ ਤਰਿ ਜਾਪਹੀ ਜਿਹ ਜਾਪ ॥**
**ਆਦਿ ਦੇਵ ਅਗਾਧਿ ਤੇਜ ਅਨਾਦਿ ਮੂਰਤਿ ਅਤਾਪ ॥**
**ਜੰਤ੍ਰ ਮੰਤ੍ਰ ਨ ਆਵਈ ਕਰਿ ਤੰਤ੍ਰ ਮੰਤ੍ਰ ਨ ਕੀਨ ॥**
**ਸਰਬ ਠਉਰ ਰਹਿਓ ਬਿਰਾਜ, ਧਿਰਾਜ ਰਾਜ ਪ੍ਰਬੀਨ ॥੧੯੪॥**

ਪਦਅਰਥ :-ਸਰਬ-ਸਾਰੇ । ਸਪਤ-ਸੱਤ । ਪਤਾਰ -ਪਾਤਾਲ । ਤਰਿ-ਥੱਲੇ, ਹੇਠਾਂ । ਕਰਿ-ਹੱਥ । ਧਿਰਾਜ ਰਾਜ -ਰਾਜਾ ਅਧਿਰਾਜ । ਪ੍ਰਬੀਨ-ਨਿਪੁੰਨ ।

ਅਰਥ :-ਸੱਤਾਂ ਪਾਤਾਲਾਂ ਦੇ ਹੇਠਾਂ ਸਾਰੇ ਉਸਦਾ ਜਾਪ ਜਪ ਰਹੇ ਹਨ । ਉਹ ਮੁੱਢਲਾ ਦੇਵ, ਅਥਾਹ, ਤੇਜ ਵਾਲਾ , ਮੁੱਢ-ਰਹਿਤ ਮੂਰਤ ਅਤੇ ਦੁੱਖਾਂ ਤੋਂ ਰਹਿਤ ਹੈ। ਉਹ ਜੰਤ੍ਰਾਂ ਮੰਤਰਾਂ ਨਾਲ ਹੱਥ ਨਹੀਂ ਆਉਂਦਾ । ਤੰਤਰ ਮੰਤਰ ਨਾਲ ਵੀ ਉਹ ਪਕੜ ਵਿਚ ਨਹੀਂ ਆਉਂਦਾ । ਉਹ ਪ੍ਰਬੀਨ ਰਾਜਾ ਅਧਿਰਾਜ ਸਾਰੀਆਂ ਥਾਵਾਂ ਤੇ ਬਿਰਾਜਮਾਨ ਹੋ ਰਿਹਾ ਹੈ ।

**ਜੱਛ ਗੰਧ੍ਰਬ ਦੇਵ ਦਾਨੋ ਨ ਬ੍ਰਹਮ ਛਤ੍ਰੀਅਨ ਮਾਹਿ ॥**
**ਬੈਸਨੰ ਕੇ ਬਿਖੈ ਬਿਰਾਜੈ ਸੂਦ੍ਰ ਭੀ ਵਹ ਨਾਹਿ ॥**
**ਗੂੜ ਗਉਡ ਨ ਭੀਲ ਭੀਕਰ ਬ੍ਰਹਮ ਸੇਖ ਸਰੂਪ ॥**
**ਰਾਤ ਦਿਵਸ ਨ ਮੱਧ ਉਰਧ, ਨ ਭੂਮਿ ਅਕਾਸ ਅਨੂਪ ॥੧੯੫॥**

ਪਦਅਰਥ :-ਬ੍ਰਹਮ-ਬ੍ਰਾਹਮਣਾਂ । ਬੈਸਨੰ-ਖੇਤੀ ਤੇ ਵਪਾਰ ਕਰਨ ਵਾਲੇ ਲੋਕ। ਗਉਡ-ਆਦਿਵਾਸੀ ਕੌਮ । ਭੀਲ-ਬਿੰਧਿਆਚਲ ਦੇ ਆਲੇ ਦੁਆਲੇ ਵੱਸਣ ਵਾਲੇ ਆਦਿ ਵਾਸੀ ਲੋਕ । ਮੱਧ-ਵਿਚਕਾਰ । ਉਰਧ-ਉੱਪਰ ।



www.sridasamgranth.com

ਅਰਥ :-ਅਕਾਲ ਪੁਰਖ ਜੱਛ, ਗੰਧਬ, ਦੇਵਤੇ, ਦਾਨਵ (ਰਾਕਸ਼ਸ਼) ਬ੍ਰਹਮਣਾਂ ਤੇ ਖੱਤਰੀਆਂ ਦੇ ਰੂਪ ਵਿਚ ਨਹੀਂ ਹੈ। ਨਾ ਹੀ ਉਸਨੂੰ ਵੈਸ਼ ਤੇ ਸ਼ੂਦਰ ਕਿਹਾ ਜਾ ਸਕਦਾ ਹੈ। ਉਹ ਗੂੜ੍ਹ ਆਦਿਵਾਸੀ ਕੌਮ (ਪੱਕੇ ਬੰਗਾਲੀ, ਬਿੰਧਿਆਚਲ ਦੇ ਆਲੇ ਦੁਆਲੇ ਵੱਸਣ ਵਾਲੇ ਆਦਿ ਵਾਸੀ ਕੌਮਾਂ ਦੇ ਰੂਪ ਵਿਚ ਨਹੀਂ ਹੈ ਅਤੇ ਨਾ ਹੀ ਡਰਾਉਣੀ ਸੂਰਤ ਵਾਲੇ, ਬ੍ਰਾਹਮਣਾਂ ਤੇ ਸ਼ੇਖ ਸਰੂਪ ਆਦਿ ਵਿਚ ਹੈ। ਉਹ ਨਾ ਰਾਤ ਵਿਚ ਹੈ ਨਾ ਦਿਨ ਵਿਚ ਹੈ, ਨਾ ਵਿਚਕਾਰ ਹੈ ਨਾ ਉਪਰ ਹੈ। ਨਾ ਭੂਮੀ ਵਿਚ ਹੈ ਤੇ ਨਾ ਅਕਾਸ ਵਿਚ ਹੈ ਪਰ ਸੁੰਦਰ ਸਰੂਪ ਹੈ।

**ਜਾਤਿ ਜਨਮ ਨ ਕਾਲ- ਕਰਮ ਨ ਧਰਮ ਕਰਮ ਬਿਹੀਨ ॥**
**ਤੀਰਥ ਜਾਤ੍ਰ ਨ ਦੇਵ ਪੂਜਾ ਗੋਰ ਕੇ ਨ ਅਧੀਨ ॥**
**ਸਰਬ ਸਪਤ ਪਤਾਰ ਕੇ ਤਰਿ ਜਾਨੀਐ ਜਿਹ ਜੋਤਿ।**
**ਸ਼ੇਸ਼ ਨਾਮ ਸਹੰਸਫਨਿ ਨਹਿ ਨੇਤ ਪੂਰਨ ਹੋਤ ॥੧੮੬॥**

ਪਦਅਰਥ :-ਕਾਲ ਕਰਮ-ਮਰਨ ਸਮੇਂ ਦੇ ਕੰਮ। ਜਾਤ੍ਰ-ਯਾਤਰੀ। ਗੋਰ-ਕਬਰ। ਪਤਾਰ-ਪਾਤਾਲ। ਤਹਿ-ਹੇਠਾਂ। ਸਹੰਸ ਫਨਿ-ਹਜਾਰਾਂ ਫਨਾਂ ਵਾਲਾ। ਨੇਤ-ਨਿੱਤ ਹੀ।

ਅਰਥ :-ਉਸਦੀ ਕੋਈ ਜਾਤ ਨਹੀਂ। ਉਹ ਜਨਮ ਅਤੇ ਮਰਣ ਦੇ ਕੰਮਾਂ ਵਿਚ ਨਹੀਂ ਅਤੇ ਧਰਮ ਤੇ ਕਰਮ ਤੋਂ ਬਿਨਾਂ ਹੈ। ਉਹ ਤੀਰਥਾਂ ਦਾ ਯਾਤਰੀ ਵੀ ਨਹੀਂ ਤੇ ਨਾ ਦੇਵਾਂ ਦਾ ਪੁਜਾਰੀ ਹੈ ਅਤੇ ਨਾ ਹੀ ਕਬਰਾਂ ਦੇ ਅਧੀਨ ਹੈ। ਉਸ ਦੀ ਜੋਤ ਸਾਰੇ ਸੱਤਾਂ ਪਾਤਾਲਾਂ ਦੇ ਹੇਠਾਂ ਵੀ ਜਾਣੀ ਜਾਂਦੀ ਹੈ। ਹਜਾਰਾਂ ਮੁੱਖਾਂ (ਫਨਾਂ) ਵਾਲਾ ਸ਼ੇਸ਼ਨਾਗ ਜੋ ਨਿੱਤ ਨਵਾਂ ਨਾਮ ਨਿਰੰਕਾਰ ਦਾ ਘੜਦਾ ਤੇ ਜਪਦਾ ਹੈ, ਉਹ ਭੀ ਹਾਲਾਂ ਤਕ ਨਾਮ ਪੂਰੇ ਨਹੀਂ ਕਰ ਸਕਿਆ।

**ਸੋਧਿ ਸੋਧਿ ਹਟੇ ਸਭੈ ਸੁਰ ਬਿਰੋਧ ਦਾਨਵ ਸਰਬ ॥**
**ਗਾਇ ਗਾਇ ਹਟੇ ਗੰਧ੍ਰਬ ਗਾਵਾਇ ਕਿੰਨਰ ਗਰਬ ॥**
**ਪੜ੍ਹਤ ਪੜ੍ਹਤ ਥਕੇ ਮਹਾਂ ਕਬਿ ਗੜ੍ਹਤ ਗਾੜ੍ਹ ਅਨੰਤ ॥**
**ਹਾਰ ਹਾਰ ਕਹਿਓ ਸਭੂ ਮਿਲਿ ਨਾਮ ਨਾਮ ਦੁਰੰਤ ॥੧੮੭॥**

ਪਦਅਰਥ :-ਸੋਧਿ ਸੋਧਿ-ਛਾਣਬੀਨ ਜਾਂ ਖੋਜ ਪੜਚੋਲ ਕਰਕੇ। ਸੁਰ-ਦੇਵਤੇ। ਦਾਨਵ-ਰਾਕਸ਼। ਗੰਧ੍ਰਬ-ਇੰਦਰ ਦੀ ਸਭਾ ਦੇ ਨਾਚੇ। ਮਹਾਂ ਕਬਿ-ਮਹਾਂ ਕਵੀ। ਗੜ੍ਹਤ ਗਾੜ੍ਹ-ਘਾੜਤਾਂ ਘੜ ਘੜ ਕੇ। ਨਾਮ ਨਾਮ-ਬੇਅੰਤ। ਦੁਰੰਤ-ਮੁਸ਼ਕਲ।

ਅਰਥ :-ਸਾਰੇ ਦੇਵਤੇ ਪਰਮਾਤਮਾ ਦੀ ਛਾਣਬੀਣ ਜਾਂ ਖੋਜ ਪੜਚੋਲ ਕਰਕੇ ਅਤੇ ਸਾਰੇ ਰਾਕਸ਼ ਜਾਂ ਦੈਂਤ ਵਿਰੋਧ ਜਾਂ ਲੜਾਈ ਝਗੜਾ ਕਰਕੇ ਹਾਰ ਗਏ। ਇੰਦਰ ਦੀ ਸਭਾ ਦੇ ਨਾਚੇ (ਉਸ ਦੀ ਸਿਫਤ ਵਿਚ) ਗਾ ਗਾ ਕੇ ਥੱਕ ਗਏ ਅਤੇ ਕੁਬੇਰ ਦੀ ਸਭਾ ਦੇ ਨਾਚਿਆਂ ਨੇ ਆਪਣਾ ਹੰਕਾਰ ਗਵਾ ਲਿਆ। ਮਹਾਂਕਵੀ ਪੜ੍ਹਦੇ ਪੜ੍ਹਦੇ ਥੱਕ ਗਏ ਅਤੇ ਅਨੇਕਾਂ ਘਾੜਤਾਂ ਘੜ ਘੜ ਕੇ ਉਸਦਾ ਅੰਤ ਨਹੀਂ ਪਾ ਸਕੇ। ਅੰਤ ਨੂੰ ਸਭਨਾਂ ਨੇ ਹਾਰਕੇ ਕਹਿ ਦਿਤਾ ਕਿ ਉਸਦੇ ਨਾਮ ਦਾ ਅੰਤ ਪਾਉਣਾ ਬੜਾ ਮੁਸ਼ਕਲ ਹੈ।

**ਬੇਦ ਭੇਦ ਨ ਪਾਇਓ ਲਖਿਓਨ ਸੇਬ ਕਤੇਬ ॥**
**ਦੇਵ ਦਾਨੋ ਮੂੜ ਮਾਨੋ ਜੱਛ ਨ ਜਾਨੈ ਜ਼ੇਬ ॥**



**ਭੂਤ ਭੱਜ ਭਵਾਨ ਭੂਪਤਿ ਆਦਿ ਨਾਥ ਅਨਾਥ ॥**
**ਅਗਨਿ ਬਾਇ ਜਲੇ ਥਲੇ ਮਹਿ ਸਰਬ ਠਉਰ ਨਿਵਾਸ ॥੧੮੮॥**

ਪਦਅਰਥ :-ਸੇਬ-ਹਿਸਾਬ ਜਾਂ ਲੇਖਾ-ਪੱਤਾ। ਮੂੜ-ਮਾਨੋ-ਮੂਰਖ ਮਨੁੱਖ। ਜ਼ੇਬ-ਸ਼ਕਲ ਮੂਰਤਿ। ਭੂਤ-ਬੀਤ ਚੁੱਕਾ ਸਮਾਂ। ਭਵਾਨ-ਵਰਤਮਾਨ ਸਮਾਂ। ਭਯ-ਭਵਿੱਖ। ਭੂਪਤਿ-ਰਾਜੇ। ਬਾਇ-ਪੌਣ।

ਅਰਥ :-ਵੇਦਾਂ ਨੇ ਉਸਦਾ ਭੇਦ ਨਹੀਂ ਪਾਇਆ। ਮੁਸਲਮਾਨੀ ਕਿਤਾਬਾਂ ਵੀ ਉਸਦਾ ਲੇਖਾ ਪੱਤਾ ਨਹੀਂ ਲਾ ਸਕਦੀਆਂ। ਦੇਵਤੇ ਦੈਂਤ ਤੇ ਮੂਰਖ ਮਨੁੱਖਾਂ ਅਤੇ ਜੱਛਾਂ ਨੇ ਉਸਦੀ ਵਡਿਆਈ ਨੂੰ ਨਹੀਂ ਸਮਝਿਆ। ਭੂਤ, ਭਵਿੱਖਤ ਤੇ ਵਰਤਮਾਨ ਦਾ ਉਹ ਰਾਜਾ ਹੈ। ਆਦਿ ਸੁਆਮੀ ਹੈ ਪਰ ਆਪ ਮਾਲਕ ਰਹਿਤ ਹੈ। ਅਗਨੀ, ਹਵਾ, ਜਲ ਅਤੇ ਥਲ ਵਿਚ ਸਭ ਥਾਵਾਂ ਤੇ ਉਹ ਨਿਵਾਸ ਰੱਖਦਾ ਹੈ।

**ਦੇਹ ਗੇਹ ਨ ਨੇਹ ਸਨੇਹਿ ਅਬੇਹ ਨਾਥ ਅਜੀਤ।**
**ਸਰਬ ਗੰਜਨ ਸਰਬ ਭੰਜਨ ਸਰਬ ਤੇ ਅਨਭੀਤ।**
**ਸਰਬ ਕਰਤਾ ਸਰਬ ਹਰਤਾ ਸਰਬ ਦਯਾਲ ਅਦ੍ਵੈਖ ॥**
**ਚਕ੍ਰ ਚਿਹਨ ਨ ਬਰਨ ਜਾ ਕੋ ਜਾਤਿ ਪਾਤਿ ਨ ਭੇਖ ॥੧੮੯॥**

ਪਦਅਰਥ :-ਦੇਹ-ਸ਼ਰੀਰ, ਗੇਹ-ਘਰ, ਨੇਹ-ਪਿਆਰ, ਅਬੇਹ-ਅਣਬਿੱਧ ਜਾਂ ਵਿੰਨਿਆ ਨ ਜਾ ਸਕਣ ਵਾਲਾ, ਗੰਜਨ-ਨਾਸ਼ ਕਰਨ ਵਾਲਾ। ਭੰਜਣ-ਤੋੜਨ ਵਾਲਾ, ਭੰਜਣ ਵਾਲਾ। ਅਨਭੀਤ-ਨਿੱਡਰ। ਅਦ੍ਵੈਵ-ਈਰਖਾ ਰਹਿਤ।

ਅਰਥ :-ਉਸਨੂੰ ਸਰੀਰ ਤੇ ਘਰ ਦਾ ਕੋਈ ਮੋਹ ਨਹੀਂ। ਉਹ ਨਾ ਵਿੰਨਿਆ ਜਾਣ ਵਾਲਾ ਤੇ ਨਾ ਜਿਤਿਆ ਜਾ ਸਕਨ ਵਾਲਾ ਸੁਆਮੀ ਹੈ। ਉਹ ਸਾਰਿਆਂ ਦਾ ਨਾਸ਼ ਕਰਨ ਵਾਲਾ, ਸਭ ਨੂੰ ਤੋੜਨ ਵਾਲਾ ਹੈ ਅਤੇ ਕਿਸੇ ਤੋਂ ਡਰਦਾ ਨਹੀਂ ਹੈ। ਸਭ ਦਾ ਕਰਤਾ ਤੇ ਸਭ ਦੇ ਨਾਸ਼ ਕਰਨ ਵਾਲਾ ਹੈ। ਸਭ ਨਾਲ ਦਿਆਲੂ ਹੈ ਅਤੇ ਕਿਸੇ ਨਾਲ ਵੀ ਈਰਖਾ ਨਹੀਂ ਕਰਦਾ। ਉਸਦਾ ਕੋਈ ਚੱਕਰ, ਚਿੰਨ੍ਹ, ਵਰਣ, ਜਾਤ-ਪਾਤ ਤੇ ਭੇਖ ਨਹੀਂ ਹੈ।

**ਰੂਪ ਰੇਖ ਨ ਰੰਗ ਜਾ ਕੋ ਰਾਗ ਰੂਪ ਨ ਰੰਗ ॥**
**ਸਰਬ ਲਾਇਕ ਸਰਬ ਘਾਇਕ ਸਰਬ ਤੇ ਅਨਭੰਗ ॥**
**ਸਰਬ ਦਾਤਾ ਸਰਬ ਗਿਯਾਤਾ ਸਰਬ ਕੋ ਪ੍ਰਤਿਪਾਲ ॥**
**ਦੀਨ- ਬੰਧੁ ਦਯਾਲ ਸੁਆਮੀ ਆਦਿ ਦੇਵ ਅਪਾਲ ॥੧੯੦॥**

ਪਦਅਰਥ :-ਸਰਬ ਲਾਇਕ-ਸਭ ਕੁੱਝ ਕਰ ਸਕਨ ਵਾਲਾ, ਘਾਇਕ-ਮਰਨ ਵਾਲਾ। ਅਨਭੰਗ-ਨਾ ਟੁੱਟਣ ਵਾਲਾ। ਅਪਾਲ -ਪਾਲਣਾ ਰਹਿਤ।

ਅਰਥ :-ਉਸਦਾ ਕੋਈ ਰੂਪ, ਰੇਖ ਤੇ ਰੰਗ ਨਹੀਂ ਅਤੇ ਨਾ ਹੀ ਰਾਗ, ਰੂਪ ਤੇ ਰੰਗ ਹੈ। ਉਹ ਸਭ ਕੁੱਝ ਕਰ ਸਕਣ ਵਾਲਾ ਹੈ ਤੇ ਸਭ ਨੂੰ ਮਾਰਨ ਵਾਲਾ ਹੈ। ਪਰ ਆਪ ਉਸ ਨੂੰ ਕੋਈ ਨਹੀਂ ਤੋੜ ਸਕਦਾ ਜਾਂ ਮਾਰ ਸਕਦਾ। ਉਹ ਸਾਰਿਆਂ ਦਾ ਦੇਣ ਵਾਲਾ ਹੈ। ਉਹ ਸਭ ਦੇ ਦਿਲਾਂ ਦੀਆਂ ਜਾਨਣ ਵਾਲਾ ਤੇ ਸਭ ਦੀ ਪ੍ਰਤਿਪਾਲਣਾ ਕਰਨ ਵਾਲਾ ਹੈ। ਉਹ ਦੀਨਾਂ ਦਾ ਬੰਧੂ ਤੇ ਦਿਆਲੂ ਸੁਆਮੀ ਹੈ ਪਰ ਉਹ ਮੁੱਢਲਾ ਦੇਵ ਪਾਲਣਾ ਰਹਿਤ ਹੈ। ਭਾਵ ਉਸ ਦੀ ਕੋਈ ਪੂਜਾ ਪਾਲਣਾ ਨਹੀਂ ਕਰਦਾ।



www.sridasamgranth.com

**ਦੀਨ-ਬੰਧੁ ਪ੍ਰਬੀਨ ਸ੍ਰੀਪਤਿ ਸਰਬ ਕੋ ਕਰਤਾਰ ॥**
**ਬਰਨ ਚਿਹਨ ਨ ਚੱਕ੍ਰ ਜਾਕੋ ਚਕ੍ਰ ਚਿਹਨ ਅਕਾਰ ॥**
**ਜਾਤਿ ਪਾਤਿ ਨ ਗੋਤ੍ਰ ਗਾਥਾ ਰੂਪ ਰੇਖ ਨ ਬਰਨ ॥**
**ਸਰਬ ਦਾਤਾ ਸਰਬ ਗਯਾਤਾ ਸਰਬ ਭੂਅ ਕੋ ਭਰਨ ॥੧੯੧॥**

**ਪਦਅਰਥ** :-ਦੀਨ ਬੰਧੂ-ਦੀਨਾਂ ਦਾ ਸੁਆਮੀ । ਪ੍ਰਬੀਨ-ਨਿਪੁੰਨ, ਸ੍ਰੀਪਤਿ-ਮਾਇਆ ਪਤੀ । ਗਾਥਾ-ਕਥਾ । ਬਰਨ-ਵਰਨ । ਭੂਅ-ਭੂਮੀ । ਭਰਨ-ਜਗਤ ਨੂੰ ਪਾਲਣ ਹਾਰਾ ।

**ਅਰਥ** :-ਉਹ ਦੀਨਾਂ ਦਾ ਬੰਧੂ, ਨਿਪੁੰਨ, ਮਾਇਆ ਪਤੀ ਤੇ ਸਰਬ ਦੀ ਪ੍ਰਤਿਪਾਲਣਾ ਕਰਨ ਵਾਲਾ ਹੈ । ਉਸਦਾ ਕੋਈ ਵਰਨ, ਚਿੰਨ੍ਹ ਤੇ ਚੱਕ੍ਰ ਨਹੀਂ ਤੇ ਨਾ ਹੀ ਕੋਈ ਚਿਹਨ-ਚੱਕਰ ਤੇ ਸਰੀਰਕ ਢਾਂਚਾ ਹੈ। ਉਸਦੀ ਕੋਈ ਜਾਤ-ਪਾਤ ਤੇ ਕੁਲ ਦੀ ਕਥਾ ਜਾਂ ਪੀੜ੍ਹੀ ਦਾ ਵਰਨਣ ਨਹੀਂ ਜੋ ਭੱਟ, ਪੁਰੋਹਿਤ ਤੇ ਮਿਰਾਸੀ ਆਦਿ ਲਿਖਕੇ ਯਾਦ ਰੱਖਦੇ ਤੇ ਸੁਣਾਉਂਦੇ ਹਨ । ਉਸਦਾ ਰੂਪ ਰੇਖ ਤੇ ਵਰਣ ਨਹੀਂ ਹੈ । ਉਹ ਸਾਰਿਆਂ ਦਾ ਦਾਤਾ, ਸਭ ਦੀਆਂ ਜਾਨਣ ਵਾਲਾ ਅਤੇ ਸਾਰੀ ਪ੍ਰਿਥਵੀ ਜਾਂ ਜਗਤ ਦੇ ਪਾਲਣਹਾਰਾ ਹੈ ।

**ਦੁਸਟ-ਗੰਜਨ ਸੱਤ੍ਰ-ਭੰਜਨ ਪਰਮ ਪੁਰੁਖ ਪ੍ਰਮਾਥ ॥**
**ਦੁਸਟ-ਹਰਤਾ ਸ੍ਰਿਸਟ-ਕਰਤਾ ਜਗਤ ਮੈਂ ਜਿਹ ਗਾਥ ॥**
**ਭੂਤ ਭੱਬ ਭਵਿੱਖ ਭਵਾਨ ਪ੍ਰਮਾਨ ਦੇਵ ਅਗੰਜ ॥**
**ਆਦਿ ਅੰਤ ਅਨਾਦਿ ਸ੍ਰੀਪਤਿ ਪਰਮ ਪੁਰੁਖ ਅਭੰਜ ॥੧੯੨॥**

**ਪਦਅਰਥ** :-ਦੁਸਟ-ਗੰਜਨ-ਦੁਸਟਾਂ ਦਾ ਨਾਸ ਕਰਨ ਵਾਲਾ । ਸੱਤ੍ਰ-ਭੰਜਨ-ਵੈਰੀਆਂ ਦਾ ਨਾਸ ਕਰਨ ਵਾਲਾ । ਪ੍ਰਮਾਥ-ਪਰਉਪਕਾਰੀ । ਭੱਬ-ਹੋਂਦ ।

**ਅਰਥ** :-ਉਹ ਦੁਸਟਾਂ ਦਾ ਨਾਸ਼ ਕਰਨ ਵਾਲਾ, ਵੈਰੀਆਂ ਨੂੰ ਭੰਨਣ ਵਾਲਾ, ਪਰਮ ਪੁਰਖ ਤੇ ਪਰਉਪਕਾਰੀ ਹੈ । ਦੁਸ਼ਟਾਂ ਨੂੰ ਹਰਨ ਵਾਲਾ, ਸ੍ਰਿਸ਼ਟੀ ਦਾ ਕਰਤਾ ਹੈ ਸਾਰੇ ਸੰਸਾਰ ਵਿੱਚ ਉਸਦੀ ਕਹਾਣੀ ਹੋ ਰਹੀ ਹੈ। ਭੂਤ, ਭਵਿੱਖ ਤੇ ਵਰਤਮਾਨ ਤਿੰਨਾ ਕਾਲਾਂ ਵਿਚ ਉਸਦੀ ਹੋਂਦ ਹੈ ਅਤੇ ਉਹ ਸਦਾ ਅਮਰ ਤੇ ਅਕਾਲ ਹੈ । ਆਦਿ ਵਿਚ, ਅੰਤ ਵਿਚ, ਮੁੱਢ ਤੋਂ ਵੀ ਪਹਿਲਾਂ ਵੀ ਉਹ ਮਾਇਆ ਪਤੀ, ਪਰਮ ਪੁਰਖ ਨਾਸ ਨਾ ਹੋਣ ਵਾਲਾ ਸੀ ।

**ਧਰਮ ਕੇ ਅਨ ਕਰਮ ਜੇਤਕ ਕੀਨ ਤਉਨ ਪਸਾਰ ॥**
**ਦੇਵ ਅਦੇਵ ਗੰਧਰਬ ਕਿੰਨਰ ਮੱਛ ਕੱਛ ਅਪਾਰ ॥**
**ਭੂਮਿ ਅਕਾਸ ਜਲੇ ਥਲੇ ਮਹਿ ਮਾਨੀਐ ਜਿਹ ਨਾਮੁ ॥**
**ਦੁਸਟ ਹਰਤਾ ਪੁਸਟ ਕਰਤਾ ਸ੍ਰਿਸਟਿ ਹਰਤਾ ਕਾਮ ॥੧੯੩॥**

**ਪਦਅਰਥ** :-ਅਨਕਰਮ-ਹੋਰ ਕਰਮ । ਜੇ ਤਕ-ਜਿਤਨੇ ਕੁ ਭੀ ਹਨ । ਤਉਨ-ਤਿਨਾਂ ਸਭਨਾਂ ਦਾ । ਪਸਾਰ-ਪਸਾਰਾ । ਕਾਮ-ਕਾਰਜ । ਅਦੇਵ-ਦੈਂਤ ।

**ਅਰਥ** :-ਧਰਮ ਦੇ ਜੋ ਹੋਰ ਕਰਮ ਜਿਤਨੇ ਕੁ ਭੀ ਹਨ, ਤਿਨਾ ਸਭਨਾਂ ਦਾ ਪਸਾਰਾ ਉਸ ਪਰਮਾਤਮਾ ਨੇ ਕੀਤਾ ਹੈ । ਦੇਵਤੇ, ਦੈਂਤ, ਇੰਦਰ ਦੀ ਸਭਾ ਦੇ ਨਾਚੇ, ਕੁਬੇਰ ਦੀ ਸਭਾ ਦੇ ਨਾਂਚੇ, ਮੱਛ ਤੇ ਕੱਛ ਜਿਹੇ ਅਵਤਾਰ ਬੇਅੰਤ ਹਨ । ਧਰਤੀ ਅਕਾਸ਼



ਜਲ ਤੇ ਥਲ ਵਿਚ ਜਿਸਦਾ ਨਾਮ ਮੰਨਿਆ ਜਾਂਦਾ ਹੈ । ਉਸਦਾ ਕਾਰਜ ਹੈ ਦੁਸ਼ਟਾਂ ਦਾ ਨਾਸ ਕਰਨਾ, ਬਲ ਵਾਲਿਆਂ ਦੀ ਰਚਨਾ ਕਰਨਾ ਅਤੇ ਸ੍ਰਿਸ਼ਟੀ ਦਾ ਨਾਸ ਕਰਨਾ ।

**ਦੁਸਟ ਹਰਨਾ ਸ੍ਰਿਸਟ ਕਰਨਾ ਦਯਾਲ ਲਾਲ ਗੋਬਿੰਦ ॥**
**ਮਿੱਤ੍ਰ ਪਾਲਕ, ਸੱਤ੍ਰ ਘਾਲਕ ਦੀਨ ਦਯਾਲ ਮੁਕੰਦ ॥**
**ਅਘਉ ਦੰਡਣ ਦੁਸਟ ਖੰਡਣ ਕਾਲ ਹੂੰ ਕੇ ਕਾਲ**
**ਦੁਸਟ ਹਰਣੰ ਪੁਸਟ ਕਰਣੰ ਸਰਬ ਕੇ ਪ੍ਰਤਿਪਾਲ ॥੧੯੪॥**

**ਪਦਅਰਥ** :-ਦਯਾਲ-ਦਿਆਲੂ, ਲਾਲ -ਪਿਆਰਾ, ਗੋਬਿੰਦ-ਧਰਤੀ ਦਾ ਸੁਆਮੀ। ਅਘਉ-ਭੰਡਣ-ਪਾਪੀਆਂ ਨੂੰ ਵੰਡ ਦੇਣ ਵਾਲਾ । ਖੰਡਣ-ਨਾਸ ਕਰਨ ਵਾਲਾ।

**ਅਰਥ** :-ਦੁਸ਼ਟਾਂ ਦਾ ਨਾਸ਼ ਕਰਦਾ ਹੈ, ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ, ਦਿਆਲੂ, ਪਿਆਰਾ ਤੇ ਧਰਤੀ ਦਾ ਸੁਆਮੀ ਹੈ । ਮਿਤਰਾਂ ਦੀ ਪਾਲਣਾ ਕਰਦਾ ਹੈ, ਦੁਸ਼ਮਣਾ ਨੂੰ ਖਤਮ ਕਰਦਾ ਹੈਂ, ਦੀਨ, ਦਿਆਲ ਤੇ ਮੁਕਤੀ ਦਾਤਾ ਹੈਂ । ਪਾਪੀਆਂ ਨੂੰ ਦੰਡਤ ਕਰਦਾ ਹੈਂ, ਦੁਸਟਾਂ ਦਾ ਖੰਡਣ ਕਰਦਾ ਹੈ, ਕਾਲ ਦਾ ਵੀ ਕਾਲ ਹੈ । ਦੁਸਟਾਂ ਨੂੰ ਹਰਨ ਵਾਲੇ, ਬਲਵਾਨਾਂ ਦੇ ਕਰਤਾ ਅਤੇ ਸਾਰਿਆਂ ਦੇ ਪ੍ਰਿਤਪਾਲਕ ਹਨ ।

**ਸਰਬ ਕਰਤਾ ਸਰਬ ਹਰਤਾ ਸਰਬ ਤੇ ਅਨਕਾਮ ॥**
**ਸਰਬ ਖੰਡਣ ਸਰਬ ਦੰਡਣ ਸਰਬ ਕੇ ਨਿਜਭਾਮ ॥**
**ਸਰਬ ਭੁਗਤਾ ਸਰਬ ਜੁਗਤਾ ਸਰਬ ਕਰਮ ਪ੍ਰਬੀਨ ॥**
**ਸਰਬ ਖੰਡਨ ਸਰਬ ਦੰਡਣ ਸਰਬ ਕਰਮ ਅਧੀਨ ॥੧੯੫॥**

**ਪਦਅਰਥ** :-ਅਨਕਾਮ-ਨਿਸ਼ਕਾਮ, ਨਿਜਭਾਮ -ਆਤਮ ਪ੍ਰਕਾਸ਼ ॥

**ਅਰਥ** :-ਸਾਰਿਆਂ ਦਾ ਨਿਸ਼ਕਾਮ ਰੂਪ ਵਿਚ ਕਰਤਾ ਤੇ ਹਰਤਾ ਹੋ । ਸਾਰਿਆਂ ਦੇ ਖੰਡਣ ਕਰਨ ਵਾਲੇ, ਸਾਰਿਆਂ ਨੂੰ ਦੰਡ ਦੇਣ ਵਾਲੇ ਤੇ ਸਾਰਿਆਂ ਦੇ ਅੰਦਰ ਤੇਰਾ ਹੀ ਪ੍ਰਕਾਸ਼ ਹੈ । ਸਾਰਿਆਂ ਨੂੰ ਭੋਗਦੇ ਹੋ, ਸਾਰੀਆਂ ਜੁਗਤੀਆਂ ਤੁਹਾਡੀਆਂ ਹਨ ਤੇ ਸਭ ਕੰਮਾਂ ਵਿਚ ਨਿਪੁੰਨ ਹੋ । ਸਭ ਨੂੰ ਖੰਡਣ ਤੇ ਸਭ ਨੂੰ ਦੰਡਣ ਵਾਲੇ ਹੋ ਅਤੇ ਸਾਰੇ ਕੰਮ ਤੇਰੇ ਅਧੀਨ ਹੀ ਹਨ ।

**ਸਰਬ ਸਿੰਮ੍ਰਿਤਨ ਸਰਬ ਸਾਸਤ੍ਰਨ ਸਰਬ ਬੇਦ ਬਿਚਾਰ ॥**
**ਦੁਸਟ-ਹਰਤਾ ਬਿਸ੍ਵ ਭਰਤਾ ਆਦਿ ਰੂਪ ਅਪਾਰ ॥**
**ਦੁਸਟ ਦੰਡਣ ਪੁਸਟ- ਖੰਡਣ ਆਦਿ ਦੇਵ ਅਖੰਡ ॥**
**ਭੂਮਿ ਅਕਾਸ ਜਲੇ ਥਲੇ ਮਹਿ ਜਪਤ ਜਾਪ ਅਮੰਡ ॥੧੯੬॥**

**ਪਦਅਰਥ** :-ਬਿਸ੍ਵ-ਸੰਸਾਰ । ਭਰਤਾ -ਪਾਲਣਹਾਰ, ਅਖੰਡ-ਨਾ ਖੰਡਿਤ ਹੋਣ ਵਾਲਾ । ਅਮੰਡ-ਮਹਾਨ ਸ਼ੋਭਾ ਵਾਲਾ ।

**ਅਰਥ** :-ਸਾਰੀਆਂ ਸਿਮਰਤੀਆਂ, ਸਾਰੇ ਸ਼ਾਸਤਰ ਤੇ ਸਾਰੇ ਵੇਦ ਵਿਚਾਰ ਕਰਦੇ ਹਨ । ਉਹ ਦੁਸਟਾਂ ਨੂੰ ਹਰਨ ਵਾਲਾ, ਵਿਸ਼ਵ ਦੇ ਪਾਲਣ ਹਾਰਾ, ਮੁੱਢਲਾ ਸਰੂਪ ਤੇ ਬੇਅੰਤ ਹੈ । ਉਹ ਦੁਸ਼ਟਾਂ ਨੂੰ ਦੰਡ ਦੇਣ ਵਾਲਾ, ਬਲ ਵਾਲਿਆਂ ਦੇ ਟੋਟੇ ਟੋਟੇ ਕਰਨ ਵਾਲਾ, ਮੁੱਢਲਾ ਦੇਵ ਨਾ ਖੰਡਿਤ ਹੋਣ ਵਾਲਾ ਹੈ । ਧਰਤੀ, ਅਕਾਸ਼, ਜਲ ਤੇ ਥਲ ਵਿਚ ਜਿਸਦਾ ਜਾਪ ਜਪਦੇ ਹਨ ਤੇ ਮਹਾਨ ਸ਼ੋਭਾ ਵਾਲਾ ਹੈ ।

**ਸ੍ਰਿਸਟਾਚਾਰ ਬਿਚਾਰ ਜੇਤੇ ਜਾਨੀਐ ਸਬਿਚਾਰ ॥**



www.sridasamgranth.com

**ਆਦਿ ਦੇਵ ਅਪਾਰ ਸ੍ਰੀ ਪਤਿ ਦੁਸ਼ਟ ਪੁਸ਼ਟ ਪ੍ਰਹਾਰ ॥**
**ਅੰਨ ਦਾਤਾ ਗਯਾਨ ਗਯਾਤਾ ਸ੍ਰਬ- ਮਾਨ ਮਹਿੰਦ੍ਰ ॥**
**ਬੇਦ-ਬਿਆਸ ਕਰੇ ਕਈ ਦਿਨ ਕੋਟਿ ਇੰਦ੍ਰ ਉਪਿੰਦ੍ਰ ॥੧੯੭॥**

ਪਦਅਰਥ:-ਸਿਸਟਾਚਾਰ-ਉਤਮ ਪੁਰਖਾਂ ਦਾ ਵਿਹਾਰ, ਸਬਿਚਾਰ-ਸ਼ੁੱਭ ਵਿਚਾਰ ਸਹਿਤ । ਪ੍ਰਹਾਰ-ਮਾਰਨ ਵਾਲਾ । ਗਯਾਤਾ-ਸੋਝੀਵਾਨ । ਮਹਿੰਦ੍ਰ-ਪ੍ਰਿਥਵੀ ਦਾ ਮਾਲਕ। ਉਪਿੰਦ੍ਰ-ਬਾਵਨ ਅਵਤਾਰ ।

ਅਰਥ :-ਜਿਤਨਾ ਉਤਮ ਪੁਰਖਾਂ ਦੇ ਵਿਹਾਰ ਦਾ ਵਿਚਾਰ ਹੈ, ਉਹ ਸਭ ਸੁੰਦਰ ਵਿਚਾਰਾਂ ਨੂੰ ਜਾਣਦਾ ਹੈ । ਉਹ ਮੁੱਢਲਾ ਦੇਵ, ਬੇਅੰਤ, ਮਾਇਆ ਦਾ ਪਤੀ ਦੁਸ਼ਟਾਂ ਅਤੇ ਬਲਵਾਨਾਂ ਨੂੰ ਮਾਰਨ ਵਾਲਾ ਹੈ । ਉਹ ਅੰਨ ਦਾਤਾ ਤੇ ਗਿਆਨ ਦਾ ਸੋਝੀਵਾਨ ਹੈ । ਸਾਰੇ ਉਸ ਪ੍ਰਿਥਵੀ ਦੇ ਮਾਲਕ ਦਾ ਮਾਨ ਕਰਦੇ ਹਨ । ਜਿਸਨੇ ਕਈ ਵੇਦ ਬਿਆਸ, ਕਰੋੜਾਂ ਇੰਦਰ ਅਤੇ ਬਾਵਨ ਅਵਤਾਰ ਬਣਾਏ ਹਨ ।

**ਜਨਮ ਜਾਤਾ ਕਰਮ ਗਯਾਤਾ ਧਰਮ ਚਾਰੁ ਬਿਚਾਰ ॥**
**ਬੇਦ ਭੇਵ ਨ ਪਾਵਈ ਸਿਵ ਰੁਦ੍ਰ ਅਉ ਮੁਖਚਾਰ ॥**
**ਕੋਟਿ ਇੰਦ੍ਰ ਉਪਇੰਦ੍ਰ ਬਿਆਸਜ ਸਨਕ ਸੰਤ ਕੁਮਾਰ ॥**
**ਗਾਇ ਗਾਇ ਥਕੇ ਸਭੈ ਗੁਨ ਚੱਕ੍ਰਤ ਭੇ ਮੁਖ ਚਾਰ ॥੧੯੮॥**

ਪਦਅਰਥ :-ਜਾਤਾ-ਜਾਨਣ ਵਾਲਾ । ਚਾਰੁ-ਸੁੰਦਰ । ਭੇਵ-ਭੇਦ । ਰੁਦ੍ਰ-ਸ਼ਿਵਜੀ । ਮੁਖ ਚਾਰ-ਚਾਰ ਮੂੰਹਾਂ ਵਾਲਾ ਭਾਵ ਚਾਰ ਵੇਦਾਂ ਦਾ ਗਿਆਤਾ ਬ੍ਰਹਮਾ ।

ਅਰਥ :- ਉਹ ਜਨਮਾਂ ਦੇ ਜਾਨਣ ਵਾਲਾ, ਕਰਮਾਂ ਦੀ ਸੋਝੀ ਰੱਖਣ ਵਾਲਾ, ਧਰਮ ਦੀ ਸੁੰਦਰ ਵਿਚਾਰ ਕਰਨੇ ਵਾਲਾ ਹੈ । ਵੇਦ, ਸ਼ਿਵਜੀ ਅਤੇ ਚਾਰ ਵੇਦਾਂ ਦਾ ਗਿਆਤਾ ਬ੍ਰਹਮਾ ਵੀ ਉਸਦਾ ਭੇਦ ਨਹੀਂ ਪਾ ਸਕੇ । ਕਰੋੜਾਂ ਇੰਦਰ, ਬਾਵਨ ਅਵਤਾਰ, ਬਿਆਸ, ਸਨਕ ਤੇ ਸੰਤ ਕੁਮਾਰ ਸਾਰੇ ਗੁਣ ਗਾ ਗਾ ਕੇ ਥੱਕ ਗਏ ਅਤੇ ਬ੍ਰਹਮਾ ਵੀ ਗੁਣ ਗਾ ਕੇ ਚਕ੍ਰਿਤ ਹੋ ਰਿਹਾ ਹੈ ।

**ਆਦਿ ਅੰਤ ਨ ਮੁੱਧ ਜਾ ਕੋ ਭੂਤ ਭੱਬ ਭਵਾਨ ॥**
**ਸਤਿ ਦੁਆਪਰ ਤ੍ਰਿਤੀਆ ਕਲਿਜੁਗ ਚਤ੍ਰ ਕਾਲ ਪ੍ਰਧਾਨ ॥**
**ਧਿਆਇ ਧਿਆਇ ਥਕੇ ਮਹਾ ਮੁਨ ਗਾਇ ਗੰਧ੍ਰਬ ਅਪਾਰ ॥**
**ਹਾਰਿ ਹਾਰਿ ਥਕੇ ਸਭੈ ਨਹੀਂ ਪਾਈਐ ਤਿਹ ਪਾਰ ॥੧੯੯॥**

ਪਦਅਰਥ :-ਸਤਿ-ਸਤਿਜੁਗ, ਤ੍ਰਿਤੀਆ-ਤ੍ਰੇਤਾ ਜੁੱਗ, ਚਤ੍ਰ ਕਾਲ-ਚਾਰਾਂ ਕਾਲਾਂ (ਜੁੱਗਾਂ) ਵਿਚ, ਪ੍ਰਧਾਨ-ਉੱਤਮ ।

ਅਰਥ :-ਉਸਦਾ ਕੋਈ ਆਦਿ, ਮੱਧ ਤੇ ਅੰਤ ਅਤੇ ਭੂਤਕਾਲ, ਵਰਤਮਾਨ ਤੇ ਭਵਿਖਤ ਕਾਲ ਨਹੀਂ ਹੈ । ਸਤਿਜੁਗ, ਦੁਆਪਰ, ਤ੍ਰੇਤਾ ਤੇ ਕਲਜੁਗ ਆਦਿ ਚਾਰੇ ਜੁੱਗਾਂ ਵਿਚ ਉਹ ਉੱਤਮ ਹੈ । ਵੱਡੇ ਵੱਡੇ ਮੁਨੀ ਉਸ ਦੀ ਆਰਾਧਨਾ ਕਰਕੇ ਹਾਰ ਗਏ ਹਨ ਅਤੇ ਗੰਧਰਬ ਉਸ ਬੇਅੰਤ ਦੇ ਗੁਣ ਗਾ ਕੇ ਥੱਕ ਗਏ ਹਨ ।

**ਨਾਰਦ ਆਦਿਕ ਬੇਦ ਬਿਆਸ ਮੁਨਿ ਮਹਾਨ ਅਨੰਤ ॥**
**ਧਿਆਇ ਧਿਆਇ ਥਕੇ ਸਭੈ ਕਰਿ ਕੋਟਿ ਕਸਟ ਦੁਰੰਤ ॥**
**ਗਾਇ ਗਾਇ ਥਕੇ ਗੰਧ੍ਰਬ ਨਾਰਿ ਅਪਛ੍ਰ ਅਪਾਰ ॥**



**ਸੋਧਿ ਸੋਧਿ ਥਕੇ ਮਹਾ ਸੁਰ ਪਾਇਓ ਨਹਿ ਪਾਰ ॥੨੦੦॥**

ਪਦਅਰਥ :-ਅਨੰਤ-ਬੇਅੰਤ । ਦੁਰੰਤ-ਕਠਿਨ । ਸੁਰ-ਦੇਵਤੇ ।

ਅਰਥ :-ਨਾਰਦ ਅਤੇ ਵੇਦ ਵਿਆਸ ਵਰਗੇ ਮੁਨੀ ਮਹਾਨ ਤੇ ਬੇਅੰਤ ਹਨ । ਸਾਰੇ ਅਨੇਕਾਂ ਕਸ਼ਟ ਤੇ ਕਠਿਨਾਈਆਂ ਸਹਾਰ ਕੇ ਤੇ ਉਸਦੀ ਆਰਾਧਨਾ ਕਰਕੇ ਥੱਕ ਗਏ ਹਨ । ਗੰਦਰਭ, ਨਾਰਾਂ, ਸੁਰਗਾਂ ਦੀਆਂ ਪਰੀਆਂ ਉਸ ਬੇਅੰਤ ਦੇ ਗੁਣ ਗਾ ਗਾ ਕੇ ਥੱਕ ਗਈਆਂ ਹਨ । ਵੱਡੇ ਵੱਡੇ ਦੇਵਤੇ ਵੀ ਉਸਨੂੰ ਭਾਲ ਭਾਲ ਕੇ ਥੱਕ ਗਏ ਹਨ ਤੇ ਉਸਦਾ ਪਾਰ ਨਹੀਂ ਪਾ ਸਕੇ ।

## ਤ੍ਵਪ੍ਰਸਾਦਿ ।ਦੋਹਰਾ।

**ਏਕ ਸਮੇਂ ਸ੍ਰੀ ਆਤਮਾ, ਉਚਰਿਓ ਮਤਿ ਸਿਉ ਬੈਨ ॥**
**ਸਭ ਪ੍ਰਤਾਪ ਜਗਦੀਸ਼ ਕੋ ਕਹਹੁ ਸਕਲ ਬਿਧਿ ਤੈਨ ॥੨੦੧॥**

ਪਦ ਅਰਥ :- ਉਚਰਿਓ - ਕਹਿਓ ।ਬੈਨ - ਬਚਨ ।ਸਕਲ - ਸਾਰੀਆਂ। ਬਿਧਿ - ਵਿਧੀਆਂ । ਤੈਨ - ਉਸੇ ਤਰ੍ਹਾਂ ।ਮਤਿ - ਬੁੱਧੀ ।

ਅਰਥ :- ਇੱਕ ਸਮੇਂ ਸ੍ਰੀ ਆਤਮਾ ਜੀ ਨੇ ਬੁੱਧੀ ਨੂੰ ਇਸ ਤਰ੍ਹਾਂ ਬਚਨ ਕਹੇ ਕਿ ਐਨ ਉਸੇ ਤਰ੍ਹਾਂ ਜਗਤ ਦੇ ਮਾਲਕ (ਵਾਹਿਗੁਰੂ) ਦੀ ਸ਼ੋਭਾ ਬਿਆਨ ਕਰੋ ਜਿਵੇਂ ਕਿ ਉਸਦੀ ਸ਼ੋਭਾ ਹੈ ।

**ਕੋ ਆਤਮਾ, ਸਰੂਪ ਹੈ ? ਕਹਾ ਸ੍ਰਿਸਟਿ ਕੋ ਬਿਚਾਰ ?**
**ਕਉਨ ਧਰਮ ਕੋ ਕਰਮ ਹੈ ? ਕਹਹੁ ਸਕਲ ਬਿਸਥਾਰ ? ੨੦੨॥**

ਅਰਥ :- ਆਤਮਾ ਦਾ ਕੀ ਸਰੂਪ ਹੈ ? ਸ੍ਰਿਸ਼ਟੀ ਬਾਰੇ ਕੀ ਵਿਚਾਰ ਹੈ ? ਧਰਮ ਕੀ ਹੈ ਅਤੇ ਕਰਮ ਕੀ ਹੈ ? ਵਿਸਥਾਰ ਪੂਰਵਕ ਬਿਆਨ ਕਰੋ ।

**ਕਹਾਂ ਜੀਤਬ ਕਹਾਂ ਮਰਨ ਹੈ ? ਕਵਨ ਸੁਰਗ ਕਹਾਂ ਨਰਕ ?**
**ਕੋ ਸੁਘੜਾ ਕੋ ਮੂੜ੍ਹਤਾ ? ਕਹਾਂ ਤਰਕ ਅਵਤਰਕ ? ੨੦੩॥**

ਅਰਥ :- ਜੀਵਨ ਕੀ ਹੈ ਤੇ ਮੌਤ ਕੀ ਹੈ ? ਸੁਰਗ ਕੀ ਹੈ ਤੇ ਨਰਕ ਕੀ ਹੈ? ਸਿਆਣਾ ਕੌਣ ਹੈ ਤੇ ਮੂਰਖ ਕੌਣ ਹੈ ? ਤਰਕ ਕੀ ਹੈ ਅਤੇ ਅਵਤਰਕ ਕੀ ਹੈ । ਅਥਵਾ ਦਲੀਲ ਕੀ ਹੈ ਤੇ ਬੇਦਲੀਲੀ ਕੀ ਹੈ ?

**ਕੋ ਨਿੰਦਾ ਜਸ ਹੈ ਕਵਨ ? ਕਵਨ ਪਾਪ ਕਹਾਂ ਧਰਮ ?**
**ਕਵਨ ਜੋਗ ਕੋ ਭੋਗ ਹੈ ? ਕਵਨ ਕਰਮ ਅਪਕਰਮ ? ੨੦੪॥**

ਅਰਥ :- ਨਿੰਦਾ ਕੀ ਹੈ ਅਤੇ ਜੱਸ (ਕੀਰਤੀ) ਕਿਹੜਾ ਹੈ ? ਪਾਪ ਕੀ ਹੈ ਤੇ ਧਰਮ ਕੀ ਹੈ ? ਜੋਗ ਕੀ ਹੈ ਤੇ ਭੋਗ ਕੀ ਹੈ ? ਉੱਤਮ ਕਰਮ ਕਿਹੜੇ ਹਨ ਤੇ ਮੰਦੇ ਕਰਮ ਕਿਹੜੇ ਹਨ ?

**ਕਹਹੁ ਸੁਸ੍ਰਮ ਕਾ ਕੋ ਕਹਹਿ ? ਦਮ ਕੋ ਕਹਾ ਕਹੰਤ ?**
**ਕੋ ਸੂਰਾ ਦਾਤਾ ਕਵਨ ? ਕਹਹੁ ਤੰਤ ਕੋ ਮੰਤ ? ੨੦੫॥**

ਅਰਥ :- ਘਾਲਣਾ ਕੀ ਹੈ ? ਦਮ (ਕਾਬੂ ਕਰਨਾ) ਕਿਸਨੂੰ ਕਹਿੰਦੇ ਹਨ? ਸੂਰਮਾ ਕੌਣ ਹੈ ਅਤੇ ਦਾਤਾ ਕੌਣ ਹੈ ? ਤੰਤਰ ਕੀ ਹੈ ਤੇ ਮੰਤਰ ਕੀ ਹੈ ?

**ਕਹਾਂ ਰੰਕ ਰਾਜਾ ਕਵਨ ? ਹਰਖ ਸੋਗ ਹੈ ਕਵਨ ?**



www.sridasamgranth.com

**ਕੋ ਰੋਗੀ ਰਾਗੀ ਕਵਨ ? ਕਹਹੁ ਤਤੁ ਮੁਹਿ ਤਵਨ ? ੨੦੬॥**

**ਅਰਥ** :- ਰੰਕ ਜਾਂ ਕੰਗਾਲ ਕੌਣ ਹੈ ਤੇ ਰਾਜਾ ਕੌਣ ਹੈ ? ਖੁਸ਼ੀ ਕੀ ਹੈ ਤੇ ਸੋਗ ਜਾਂ ਗਮ ਕੀ ਹੈ ? ਰੋਗੀ ਕੌਣ ਹੈ ਤੇ ਰਾਗੀ ਕੌਣ ਹੈ ? ਉਸਦੀ ਹਕੀਕਤ ਦੱਸੋ?

**ਕਵਨ ਰਿਸਟ ਕੋ ਪੁਸਟ ਹੈ ? ਕਹਾਂ ਸ੍ਰਿਸਟ ਕੋ ਚਾਰ ?**
**ਕਵਨ ਸ੍ਰਿਸਟ ਕੋ ਭ੍ਰਿਸਟ ਹੈ ? ਕਹੋ ਸਕਲ ਬਿਸਥਾਰ ? ੨੦੭॥**

**ਅਰਥ** :- ਸੁੰਦਰ ਸਡੌਲ ਕੌਣ ਹੈ ? ਬਲਵਾਨ ਕੌਣ ਹੈ ? ਸ੍ਰਿਸ਼ਟੀ ਦਾ ਵੀਚਾਰ ਕੀ ਹੈ ? ਸਿਆਣਾ ਕੌਣ ਹੈ ? ਮਲੀਨ ਬੁੱਧੀ ਵਾਲਾ ਕੌਣ ਹੈ ? ਸਾਰਾ ਵਿਸਥਾਰ ਨਾਲ ਦੱਸੋ ।

**ਕਹਾ ਭਰਮ ਕੋ ਕਰਮ ਹੈ ? ਕਹਾ ਭਰਮ ਕੋ ਨਾਸ ?**
**ਕਹਾ ਚਿਤਨ ਕੀ ਚੇਸਟਾ ? ਕਹਾ ਅਚੇਤ ਪ੍ਰਕਾਸ ? ੨੦੮॥**

**ਅਰਥ** :- ਭਰਮ ਕੀ ਹੈ ਤੇ ਕਰਮ ਕੀ ਹੈ ? ਭਰਮ ਦਾ ਨਾਸ ਕੀ ਹੈ ? ਚਿਤ ਦੀਆਂ ਮੌਜਾਂ ਕੀ ਹਨ ? ਅਚੇਤ ਦਾ ਪ੍ਰਕਾਸ਼ ਕੀ ਹੈ ?

**ਕਹਾ ਨੇਮ ਸੰਜਮ ਕਹਾ ? ਕਹਾ ਗਿਆਨ ਅਗਿਆਨ ?**
**ਕੋ ਰੋਗੀ ਸੋਗੀ ਕਵਨ ? ਕਹਾ ਧਰਮ ਕੀ ਹਾਨਿ ? ੨੦੯॥**

**ਅਰਥ** :- ਨੇਮ ਕੀ ਹੈ ? ਸੰਜਮ ਕੀ ਹੈ ? ਗਿਆਨ ਕੀ ਹੈ ਅਤੇ ਅਗਿਆਨ ਕੀ ਹੈ ? ਰੋਗੀ ਕੌਣ ਹੈ ਤੇ ਸੋਗੀ ਕੌਣ ਹੈ ? ਧਰਮ ਦੀ ਹਾਨੀ ਕੀ ਹੈ ?

**ਕੋ ਸੂਰਾ ਸੁੰਦਰ ਕਵਨ ? ਕਹਾ ਜੋਗ ਕੋ ਸਾਰ ?**
**ਕੋ ਦਾਤਾ ਗਿਆਨੀ ਕਵਨ ? ਕਹੋ ਬਿਚਾਰ ਅਬਿਚਾਰ ? ੨੧੦॥**

**ਅਰਥ** :- ਸੂਰਮਾ ਕੌਣ ਹੈ ਤੇ ਸੁੰਦਰ ਕੌਣ ਹੈ ? ਜੋਗ ਦਾ ਤੱਤਸਾਰ ਕੀ ਹੈ? ਦਾਤਾ ਕੌਣ ਹੈ ਤੇ ਗਿਆਨੀ ਕੌਣ ਹੈ ? ਸ਼ੁੱਭ ਵਿਚਾਰ ਅਤੇ ਅਸ਼ੁੱਭ ਵਿਚਾਰ ਕੀ ਹਨ ?

☆ **ਨੋਟ 1** :- *ਅਕਾਲ ਉਸਤਤਿ ਵਿਚ 201 ਤੋਂ 210 ਤੱਕ 10 ਦੋਹਿਰੇ ਹਨ ਜਿਨ੍ਹਾਂ ਵਿਚੋਂ ਪਹਿਲੇ ਦੋਹਿਰੇ ਵਿਚ ਆਤਮਾ ਵਲੋਂ ਬੁੱਧ (ਮਤਿ) ਨੂੰ ਸੰਬੋਧਨ ਕਰਕੇ ਅਗਲੇ 9 ਦੋਹਰਿਆਂ ਵਿਚ ਕੁੱਝ ਪ੍ਰਸ਼ਨ ਕੀਤੇ ਗਏ ਹਨ ਜਿਨ੍ਹਾਂ ਦਾ ਖੋਲ੍ਹ ਕੇ ਵਿਸਤਾਰ ਨਾਲ ਉੱਤਰ ਦੇਣ ਲਈ ਬਚਨ ਕੀਤਾ ਹੈ । ਇਨ੍ਹਾਂ ਨੌ ਦੋਹਰਿਆਂ ਵਿਚ ਕੁੱਲ 50 ਦੇ ਲਗਭਗ ਪ੍ਰਸ਼ਨ ਹਨ ।*

**2** : *ਅਕਾਲ ਉਸਤਤਿ ਪਦਾ 211 ਤੋਂ 230 ਤਕ ਕਈ ਵਿਚਾਰਕਾਂ ਦੇ ਅਨੁਸਾਰ ਚੰਡੀ ਦੇਵੀ ਦੀ ਪੂਜਾ ਦਾ ਵਰਨਣ ਹੈ ਅਤੇ ਅਕਾਲ ਦੀ ਉਸਤਤਿ ਇਨ੍ਹਾਂ ਬੰਦਾਂ ਵਿਚ ਨਹੀਂ ਮਿਲਦੀ । ਭਾਈ ਸਾਹਿਬ ਕਾਨ੍ਹ ਸਿੰਘ ਜੀ ਨੇ ਖਾਲਸਾ ਦੀਵਾਨ ਵਿਚ ਹੋਈ ਵਿਚਾਰ ਬਾਰੇ ਦੱਸਦਿਆਂ ਕਿਹਾ ਹੈ, ਇਹ 20 ਬੰਦ ਦੂਜੇ ਚੰਡੀ ਚਰਿਤ੍ਰ ਦੇ ਸਤਵੇਂ ਅਧਿਆਇ ਵਿਚ ਲਿਖੇ ਜਾਣੇ ਚਾਹੀਦੇ ਹਨ । ਇਸ ਲਈ ਅਸੀਂ ਇਨ੍ਹਾਂ ਬੰਦਾਂ ਦਾ ਕੇਵਲ ਮੂਲ ਪਾਠ ਹੀ ਦੇ ਰਹੇ ਹਾਂ ਅਤੇ ਉਨ੍ਹਾਂ ਦੇ ਅਰਥ ਨਹੀਂ ਪੇਸ਼ ਕਰ ਰਹੇ ਕਿਉਂ ਕਿ ਇਹ ਵਿਵਾਦ ਦਾ ਵਿਸ਼ਾ ਹੈ ਅਤੇ ਵਧੇਰੇ ਖੋਜ਼ ਦੀ ਮੰਗ ਕਰਦਾ ਹੈ ।*

*"ਗੁਰਮਤ ਸੁਧਾਕਰ" ਵਿਚ ਭਾਈ ਕਾਨ੍ਹ ਸਿੰਘ ਨਾਭਾ ਪੰਨਾਂ 22 ਤੇ ਲਿਖਦੇ ਹਨ:*



*"ਅਕਾਲ ਉਸਤਤਿ ਵਿੱਚ 201 ਅੰਗ ਤੋਂ 210 ਤਾਈਂ ਪ੍ਰਸ਼ਨ ਰੂਪ ਦੋਹਰੇ ਹਨ ਪਰ ਉਨ੍ਹਾਂ ਦੇ ਉੱਤਰ ਨਹੀਂ ਹਨ ਸੋ ਉੱਤਰ ਭੀ ਖੋਜ ਕਰਕੇ ਲਿਖੇ ਜਾਣ ਔਰ 211 ਅੰਗ ਤੋਂ ਜੋ ਦੀਰਘ ਤ੍ਰਿਭੰਗੀ ਛੰਦ ਚਲਦਾ ਹੈ ਉਸ ਨੂੰ ਦੂਜੇ ਚੰਡੀ ਚਰਿਤ੍ਰ ਦੇ ਸੱਤਵੇਂ ਅਧਯਾਯ ਵਿੱਚ ਲਿਖਿਆ ਜਾਵੇ ਅਕਾਲ ਉਸਤਤਿ ਦਾ 272 ਵਾਂ ਅੰਗ ਖੋਜ ਕੇ ਪੂਰਣ ਕੀਤਾ ਜਾਵੇ"*

## ਤ੍ਵ ਪ੍ਰਸਾਦਿ ॥ ਦੀਰਘ ਤ੍ਰਿਭੰਗੀ ਛੰਦ

**ਦੂਰਜਨ ਦਲ ਦੰਡਣ ਅਸੁਰ ਬਿਹੰਡਣ, ਦੁਸਟ ਨਿਕੰਦਣ ਆਦਿ ਬ੍ਰਿਤੇ ॥**
**ਚਛਰਾਸੁਰ ਮਾਰਣ ਪਤਿਤ ਉਧਾਰਣ ਨਰਕ ਨਿਵਾਰਣ ਗੂੜ੍ਹ ਮਤੇ ॥**
**ਅਛੇ ਅਖੰਡੇ ਤੇਜ ਪ੍ਰਚੰਡੇ ਖੰਡ ਉਦੰਡੇ ਅਲਖ-ਮਤੇ ॥**
**ਜੈ ਜੈ ਹੋਸੀ ਮਹਿਖਾਸੁਰ ਮਰਦਨ ਰੰਮ ਕਪਰਦਨ ਛਤ੍ਰ ਛਿਤੇ ॥੨੧੧॥**

**ਆਸੁਰੀ ਬਿਹੰਡਣ ਦੁਸਟ ਨਿਕੰਦਣ ਪੁਸਟ ਉਦੰਡਣ ਰੂਪਅਤੇ ॥**
**ਚੰਡਾਸੁਰਿ ਚੰਡਣ ਮੁੰਡ ਬਿਹੰਡਣ ਧੂਮ੍ਰ ਬਿਧੁੰਸਣ ਮਹਿਖਮਤੇ ॥**
**ਦਾਨਵ ਪ੍ਰਹਾਰਨ ਨਰਕ ਨਿਵਾਰਣ ਅਧਮ ਉਧਾਰਣ ਉਰਧ ਅਧੇ ॥**
**ਜੈ ਜੈ ਹੋਸੀ ਮਹਿਖਾਸੁਰ ਮਰਦਨ ਰੰਮ ਕਪਰਦਨ ਆਦਿ ਬ੍ਰਿਤੇ ॥੨੧੨॥**

**ਡਾਵਰੂ ਡੰਵੰਕੈ ਬਬਰ ਬਵੰਕੈ ਭੁਜਾ ਫਰੰਕੈ ਤੇਜਬਰੰ ॥**
**ਲੰਕੁੜੀਆ ਫਾਂਧੇ ਆਯੁਧ ਬਾਂਧੈ ਸੈਨ ਬਿਮਰਦਨ ਕਾਲ-ਅਸੁਰੰ ॥**
**ਅਸ਼ਟਾਯੁਧ ਚਮਕੈ ਭੂਖਨ ਦਮਕੈ ਅਤਿਸਿਤ ਝਮਕੈਂ ਫੁੰਕ ਫੰਣੰ ॥**
**ਜੈ ਜੈ ਹੋਸੀ ਮਹਿਖਾਸੁਰ ਮਰਦਨ ਰੰਮ ਕਪਰਦਨ ਦੈਂਤ ਜਿਣੰ ॥੨੧੩॥**

**ਚੰਡਾਸੁਰ ਚੰਡਣ ਮੁੰਡ ਵਿਮੁੰਡਣ ਖੰਡ ਅਖੰਡਣ ਖੂਨ-ਖਿਤੇ ॥**
**ਦਾਮਿਨੀ ਦਮੰਕਣ ਧੁਜਾ ਫੰਰਕਣ ਫਣੀਅਰ ਫੁਕਾਰਣ ਜੋਧ ਜਿਤੇ ॥**
**ਸਰਧਾਰ ਬਿਬਰਖਣ ਦੁਸਟ ਪ੍ਰਕਰਖਣ ਪੁਸਟ ਪ੍ਰਹਰਖਣ ਦੁਸ਼ਟ ਮਥੇ ॥**
**ਜੈ ਜੈ ਹੋਸੀ ਮਹਿਖਾਸੁਰ ਮਰਦਨ ਭੂਮਿ ਰਸਾਤਲ ਉਰਧ ਅਧੇ ॥੨੧੪॥**

**ਦਾਮਿਨੀ ਪ੍ਰਹਾਸਨ ਸੁਛਬਿ ਨਿਵਾਸਨ ਸ੍ਰਿਸਟਿ ਪ੍ਰਕਾਸਨ ਗੂੜ੍ਹ ਗਤੇ ॥**
**ਰਕਤਾਸੁਰ ਆਚਨ ਜੁਧ ਪ੍ਰਮਾਚਨ ਨ੍ਰਿਦੈ ਨਰਾਚਨ ਧਰਮ ਬ੍ਰਿਤੇ ॥**
**ਸ੍ਰੋਣਤ ਅਚੰਤੀ ਅਨਲ ਬਿਵੰਤੀ ਜੋਗ ਜਯੰਤੀ ਖੜਗਧਰੇ ॥**
**ਜੈ ਜੈ ਹੋਸੀ ਮਹਿਖਾਸੁਰ ਮਰਦਨ ਪਾਪ ਬਿਨਾਸਨ ਧਰਮ ਕਰੇ ॥੨੧੫॥**

**ਅਘ ਓਘ ਨਿਵਾਰਨ ਦੁਸ਼ਟ ਪ੍ਰਜਾਰਨ ਸ੍ਰਿਸਟਿ ਉਬਾਰਨ ਸੁੱਧ ਮਤੇ ॥**
**ਫਣੀਅਰ ਫੂੰਕਾਰਨ ਬਾਘ ਬੁਕਾਰਣ ਸ਼ਸਤ੍ਰ ਪ੍ਰਹਾਰਣ ਸਾਧ ਮਤੇ ॥**
**ਸੈਹਥੀ ਸਨਾਹਨਿ ਅਸਟ ਪ੍ਰਬਾਹਨ ਬੋਲ ਨਿਬਾਹਨ ਤੇਜ ਅਤੁਲੰ ॥**
**ਜੈ ਜੈ ਹੋਸੀ ਮਹਿਖਾਸੁਰ ਮਰਦਨ ਭੂਮਿ ਅਕਾਸ਼ ਪਤਾਲ ਜਲੰ ॥੨੧੬॥**
**ਚਾਚਰਿ ਚਮਕਾਰਨ ਢਿੱਛੁਰ ਹਾਰਨ ਧੂਮ ਧੁਕਾਰਨ ਦ੍ਰਪਮਥੇ ॥**
**ਦਾੜ੍ਹਵੀ ਪ੍ਰਦੰਤੇ ਜੋਗ ਜਯੰਤੇ ਮਨਜ ਮਥੰਤੇ ਗੂੜ੍ਹ ਕਥੇ ॥**
**ਕਰਮ ਪ੍ਰਣਾਸਨ ਚੰਦ ਪ੍ਰਕਾਸ਼ਨ ਸੂਰਜ ਪ੍ਰਤੇਜਨ ਅਸ਼ਟਭੁਜੇ ॥**




www.sridasamgranth.com

ਜੈ ਜੈ ਹੋਸੀ ਮਹਿਖਾਸੁਰ ਮਰਦਨ ਭਰਮ ਬਿਨਾਸਨ ਧਰਮ ਧ੍ਰੁਜੇ ॥੨੧੭॥

ਘੁੰਘਰੂ ਘਮੰਕਣ ਸ਼ਸਤ੍ਰ ਝਮੰਕਣ ਫਣੀਅਰ ਧਰਮ ਫੁਕਾਰਣ ਧ੍ਰੁਜੇ ॥
ਅਸਟਾਟ ਪ੍ਰਹਾਸਨ ਸ੍ਰਿਸਟਿ ਨਿਵਾਸਨ ਦੁਸਟ ਪ੍ਰਣਾਗਨ ਚਕ੍ਰ ਗਤੇ ॥
ਕੇਸਰੀ ਪ੍ਰਵਾਹੇ ਸੁਧ ਸਨਾਹੇ ਅਗਮ ਅਥਾਹੇ ਏਕ ਬ੍ਰਿਤੇ ॥
ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਕੁਮਾਰ ਅਗਾਧ ਬ੍ਰਿਤੇ ॥੨੧੮॥

ਸੁਰਨਰ ਮੁਨਿ ਬੰਦਨ ਦੁਸ਼ਟ ਨਿਕੰਦਨ ਭ੍ਰਿਸਟ ਬਿਨਾਸਨ ਮ੍ਰਿਤ ਮਥੇ ॥
ਕਾਵਰੂ ਕੁਮਾਰੇ ਅਧਮ ਉਧਾਰੇ ਨਰਕ ਨਿਵਾਰੇ ਆਦਿ ਕਥੇ ॥
ਕਿੰਕਣੀ ਪ੍ਰਸੋਹਣਿ ਸੁਰ ਨਰ ਮੋਹਣਿ ਸਿੰਘਾਰੋਹਣਿ ਬਿਤਲ ਤਲੇ ॥
ਜੈ ਜੈ ਹੋਸੀ ਸਭ ਠਉਰਿ ਨਿਵਾਸਨ ਬਾਇ ਪਤਾਲ ਅਕਾਸ ਅਨਲੇ ॥੨੧੯॥

ਸੰਕਟੀ ਨਿਵਾਰਣ, ਅਧਮ ਉਧਾਰਣ, ਤੇਜ ਪ੍ਰਕਰਖਣ ਤੁੰਦ ਤਬੇ ॥
ਦੁਖ ਦੋਖ ਦਹੰਤੀ ਜੁਆਲ ਜਯੰਤੀ ਆਦਿ ਅਨਾਦਿ ਅਗਾਧ ਅਛੇ ॥
ਸੁਧਤਾ ਸਮਰਪਣ ਤਰਕ ਬਿਤਰਕਣ ਤਪਤ ਪ੍ਰਤਾਪਣ ਜਪਤ ਜਿਵੈਂ ॥
ਜੈ ਜੈ ਹੋਸੀ ਸ਼ਸਤ੍ਰ ਪ੍ਰਕਰਖਣ ਆਦਿ ਅਨੀਲ ਅਨਾਦਿ ਅਭੈ ॥੨੨੦॥

ਚੰਚਲਾ ਚਖੰਗੀ ਅਲਕ ਭੁਜੰਗੀ ਤੁੰਦ ਤੁਰੰਗਣ ਤਿੱਛੁਸਰੇ ॥
ਕਰ ਕਸਾ ਕੁਠਾਰੇ ਨਰਕ ਨਿਵਾਰੇ ਅਧਮ ਉਧਾਰੇ ਤੂਰ ਭੁਜੇ ॥
ਦਾਮਨੀ ਦਮੰਕੇ ਕੇਹਰਿ ਲੰਕੇ ਆਦਿ ਅਤੰਕੇ ਕਰੂਰ ਕਥੇ ॥
ਜੈ ਜੈ ਹੋਸੀ ਰਕਤਾ ਸੁਰ ਖੰਡਣ ਸੁੰਭ ਚਕ੍ਰਤਨ ਨਿਸੁੰਭ ਮਥੇ ॥੨੨੧॥

ਬਾਰਜਿ ਬਿਲੋਚਨ, ਬ੍ਰਿਤਨ ਬਿਮੋਚਨ ਸੋਚ ਬਿਸੋਚਨ ਕਉਚ-ਕਸੇ ॥
ਦਾਮਿਨੀ ਪ੍ਰਹਾਸੇ ਸੁਕਸਰ ਨਾਸੇ ਸੁਬ੍ਰਿਤ ਸੁਬਾਸੇ ਦੁਸਟ ਗ੍ਰਸੇ ॥
ਚੰਚਲ ਪ੍ਰਿਅੰਗੀ ਬੇਦ ਪ੍ਰਸੰਗੀ ਤੇਜ ਤੁਰੰਗੀ ਖੰਡਸੁਰੰ॥
ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਅਨਾਦਿ ਅਗਾਧਿ ਉਰਧੰ ॥੨੨੨॥

ਘੰਟਕਾ ਬਿਗਾਜੈ ਰੁਣਝੁਣ ਬਾਜੈ ਭ੍ਰਮ ਭੈ ਭਾਜੈ ਸੁਨਤ ਸੁਰੰ ॥
ਕੋਕਿਲ ਸੁਨਿ ਲਾਜੈ ਕਿਲ ਬਿਖ ਭਾਜੈ ਸੁਖ ਉਪਰਾਜੈ ਮਧਿ ਉਰੰ ॥
ਦੁਰਜਨ ਦਲ ਦਝੈ ਮਨ ਤਨ ਰਿਝੈ ਸਭੈ ਨ ਭੱਜੈ ਹਰੋ ਹਰੰ ॥
ਜੈ ਜੈ ਹੋਸੀ ਮਹਿਖਾਸੁਰ ਮਰਦਨ ਚੰਡ ਚਕ੍ਰਤਨ ਆਦਿ ਗੁਰੰ ॥੨੨੩॥

ਚਾਚਰੀ ਪ੍ਰਜੋਧਨ ਦੁਸਟ ਬਿਰੋਧਨ ਰਸੋ ਅਰੋਧਨ ਕ੍ਰੂਰ ਬ੍ਰਿਤੇ ॥
ਧੂਮ੍ਰਾਛ ਬਿਧੁੰਸਨ ਪ੍ਰਲੈ ਪ੍ਰਜੁੰਸਨ ਜਗਿ ਬਿਧੁੰਸਨ ਸੁਧ ਮਤੇ ॥
ਜਾਲਪਾ ਜਯੰਤੀ ਸਤ੍ਰ ਮਥੰਤੀ ਦੁਸਟ ਪ੍ਰਦਾਹਨ ਗਾੜ੍ਹ ਮਤੇ ॥
ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਜੁਗਾਦਿ ਅਗਾਧਿ ਗਤੇ ॥੨੨੪॥

ਖਤ੍ਰਿਆਣਿ ਖਤੰਗੀ ਅਭੈ ਅਭੰਗੀ ਆਦਿ ਅਨੰਗੀ ਅਗਾਧਿ ਗਤੇ ॥
ਬ੍ਰਿੜਲਾਛ ਬਿਹੰਡਣ ਚੱਛਰ ਦੰਡਣ ਤੇਜ ਪ੍ਰਚੰਡਣ ਆਦਿ ਬ੍ਰਿਤੇ ॥
ਸੁਰ ਨਰ ਪ੍ਰਤਿਪਾਰਣ ਪਤਿਤ ਉਧਾਰਣ ਦੁਸਟ ਨਿਵਾਰਣ ਦੋਖ ਹਰੇ ॥
ਜੈ ਜੈ ਹੋਸੀ ਮਹਿਖਾਸੁਰ ਮਰਦਨ ਬਿਸ ਬਿਧੁੰਸਨ ਸ੍ਰਿਸਟਿ ਕਰੇ ॥੨੨੫॥



ਦਾਮਿਨੀ ਪ੍ਰਕਾਸ਼ੇ ਉੱਨ੍ਤ ਨਾਸੇ ਜੋਤਿ ਪ੍ਰਕਾਸੇ ਅਤੁੱਲ ਬਲੇ ॥
ਦਾਨਵੀ ਪ੍ਰਕਰਖਣ ਸਰਵਰ ਵਰਖਣ ਦੁਸਟ ਪ੍ਰਧਰਖਣ ਬਿਤਲ ਤਲੇ ॥
ਅਸਟਾਯੁਧ ਬਾਹਣ ਬੋਲ ਨਿਬਾਹਣ ਸੰਤ ਪਨਾਹਣ ਗੂੜ੍ਹ ਗਤੇ ॥
ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਅਨਾਦਿ ਅਗਾਧ ਬ੍ਰਿਤੇ ॥੨੨੬॥

ਦੁਖ ਦੋਖ ਪ੍ਰਭਛਣ ਸੇਵਕ ਰੱਛਣ ਸੰਤ ਪ੍ਰਤੱਛਣ ਸੁੱਧ ਸਰੇ ॥
ਸਾਰੰਗ ਸਨਾਹੇ ਦੁਸਟ ਪ੍ਰਦਾਹੇ ਅਰਿ ਦਲ ਸਾਰੇ ਦੋਖ ਹਰੇ ॥
ਗੰਜਨ ਗੁਮਾਨੇ ਅਤੁਲ ਪ੍ਰਵਾਨੇ ਸੰਤਿ ਜਮਾਨੇ ਆਦਿ ਅੰਤੇ ॥
ਜੈ ਜੈ ਹੋਸੀ ਮਹਿਖਾਸੁਰ ਮਰਦਨ ਸਾਧ ਪ੍ਰਦੱਛਨ ਦੁਸਟ ਹੰਤੇ ॥੨੨੭॥

ਕਾਰਣ ਕਰੀਲੀ ਗਰਬ ਮਹੀਲੀ ਜੋਤ ਜਿਤੀਲੀ ਤੁੰਦ ਮਤੇ ॥
ਅਸਟਾਇਧ ਚਮਕਣ ਸ਼ਸਤ੍ਰ ਝਮਕਣ ਦਾਮਿਨਿ ਦਮਕਣ ਆਦਿ ਬ੍ਰਿਤੇ ॥
ਡੁਕਡੁਕੀ ਡਮੰਕੈ ਬਾਘ ਬਬੰਕੈ ਭੁਜਾ ਫਰੰਕੈ ਸੁਧ ਗਤੇ ॥
ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਜੁਗਾਦਿ ਅਨਾਦਿ ਮਤੇ ॥੨੨੮॥

ਚੱਛਰਾਸੁਰ ਮਾਰਣ ਨਰਕ ਨਿਵਾਰਣ ਪਤਿਤ ਉਧਾਰਣ ਏਕ ਭਟੇ ॥
ਪਾਪਾਨ ਬਿਹੰਡਣ ਦੁਸਟ ਪ੍ਰਚੰਡਣ ਖੰਡ ਅਖੰਡਣ ਕਾਲ ਕਟੇ ॥
ਚੰਦ੍ਰਾਨਨ ਚਾਰੇ ਨਰਕ ਨਿਵਾਰੇ ਪਤਿਤ ਉਧਾਰੇ ਮੁੰਡ ਮਥੇ ॥
ਜੈ ਜੈ ਹੋਸੀ ਮਹਿਖਾਸੁਰ ਮਰਦਨ ਧੂਮ੍ਰ ਬਿਧੁੰਸਨ ਆਦਿ ਕਥੇ ॥੨੨੯॥

ਰਕਤਾਸੁਰ ਮਰਦਨ ਚੰਡ ਚਕ੍ਰਦਨ ਦਾਨਵ ਅਰਦਨ ਬਿੜਾਲ ਬਧੇ ॥
ਸਰਧਾਰ ਬਿਬਰਖਣ ਦੁਰਜਨ ਧਰਖਣ ਅਤੁਲ ਅਮਰਖਣ ਧਰਮ ਧੁਜੇ ॥
ਧੂਮ੍ਰਾਛ ਬਿਧੁੰਸਨ ਸ਼੍ਰੋਣਤ ਚੁੰਸਨ ਸੁਭ ਨਿਪਾਤ ਨਿਸੁੰਭ ਮਥੇ ॥
ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਅਨੀਲ ਅਗਾਧਿ ਕਥੇ ॥੨੩੦॥

## ਤ੍ਵਪ੍ਰਸਾਦਿ । ਪਾਧਰੀ ਛੰਦ

ਤੁਮ ਕਹੋ ਦੇਵ ਸਰਬੰ ਬਿਚਾਰ । ਜਿਮ ਕੀਓ ਆਪਿ ਕਰਤੇ ਪਸਾਰ ।
ਜੱਦਪਿ ਅਭੂਤ ਅਨਭੈ ਅਨੰਤ। ਤਉ ਕਹੋਂ ਜਥਾ ਮਤਿ ਤ੍ਰੈਣ ਤੰਤ ॥੨੩੧॥

ਪਦ ਅਰਥ :- ਦੇਵ - ਪ੍ਰਕਾਸ਼ । ਜੱਦਪਿ - ਭਾਂਵੇਂ । ਅਭੂਤ - ਤੱਤਾਂ ਤੋਂ ਰਹਿਤ । ਅਨਭੈ - ਨਿਰਭਉ । ਜਥਾ - ਜਿਹੀ ਕਿ । ਮਤਿ - ਬੁੱਧੀ । ਤ੍ਰੈਣ - ਤਿਨ੍ਹਾਂ ਦੀ ਭਾਵ ਸਿਰਜਣਹਾਰ ਦੀ । ਤੰਤ - ਹਾਲ, ਹਕੀਕਤੀ ਜਾਂ ਸਿਧਾਂਤ,

ਅਰਥ :- ਮੈਂ ਤੁਹਾਡੇ ਪ੍ਰਕਾਸ਼ ਦੇ ਸਾਰੇ ਵੀਚਾਰ ਬਾਰੇ ਕਹਿੰਦਾ ਹਾਂ ਜਿਵੇਂ ਤੁਸੀਂ ਕਰਤਾਰ ਜੀ ਆਪਣਾ ਪਾਸਾਰਾ ਆਪ ਕੀਤਾ ਹੈ । ਭਾਵੇਂ ਆਪ ਤੱਤਾਂ ਤੋਂ ਰਹਿਤ, ਨਿਰਭਉ ਅਤੇ ਸਦੀਵੀ ਹੋ । ਫਿਰ ਵੀ ਮੈਂ ਆਪਣੀ ਮੱਤ ਅਨੁਸਾਰ ਸਿਰਜਣਹਾਰ ਜੀ ਦਾ ਸਿਧਾਂਤ ਬਿਆਨ ਕਰਦਾ ਹਾਂ ।

ਕਰਤਾ ਕਰੀਮ ਕਾਦਿਰ ਕ੍ਰਿਪਾਲ । ਅਦ੍ਵੈ ਅਭੂਤ ਅਨਭੈ ਦਿਆਲ ॥
ਦਾਤਾ ਦੁਰੰਤ ਦੁਖ ਦੋਖ ਰਹਤ । ਜਿਹ ਨੇਤਿ ਨੇਤਿ ਸਭ ਬੇਦ ਕਹਤ ।੨੩੨॥

ਪਦ ਅਰਥ :- ਕਰੀਮ - ਬਖਸ਼ਿੰਦ । ਕਾਦਿਰ-ਕੁਦਰਤ ਦਾ ਸੁਆਮੀ ।



www.sridasamgranth.com

ਅਦ੍ਵੈ - ਦ੍ਵੈਤ ਰਹਿਤ । ਦੁਰੰਤ - ਬੇਅੰਤ ।

**ਅਰਥ** :- ਕਰਤਾਰ ਹੈ, ਬਖਸ਼ਿੰਦ ਹੈ, ਕੁਦਰਤ ਦਾ ਸੁਆਮੀ ਅਤੇ ਕਿਰਪਾਲੂ ਹੈ । ਦ੍ਵੈਤ-ਰਹਿਤ, ਤੱਤਾਂ ਤੋਂ ਰਹਿਤ, ਨਿਰਭਉ ਅਤੇ ਦਿਆਲਤਾ ਸਰੂਪ ਹੈ । ਦਾਤਾ ਤੇ ਬੇਅੰਤ ਹੈ, ਦੁੱਖਾਂ - ਰੋਗਾਂ ਤੇ ਪਾਪਾਂ ਤੋਂ ਰਹਿਤ ਹੈ । ਸਾਰੇ ਵੇਦ ਆਪ ਜੀ ਨੂੰ ਬੇਅਤ ਬੇਅੰਤ ਕਹਿੰਦੇ ਹਨ।

**ਕਈ ਊਚ ਨੀਚ ਕੀਨੋ ਬਨਾਉ । ਸਭ ਵਾਰ ਪਾਰ ਜਾਕੋ ਪ੍ਰਭਾਉ ।**
**ਸਭ ਜੀਵ ਜੰਤ ਜਾਨੰਤ ਜਾਹਿ । ਮਨ ਮੂੜ ਕਿਉਂ ਨ ਸੇਵੰਤ ਤਾਹਿ ।੨੩੩॥**

**ਪਦ ਅਰਥ** :- ਪ੍ਰਭਾਉ - ਪ੍ਰਭਾਵ । ਸੇਵੰਤ - ਸਿਮਰਦਾ ।

**ਅਰਥ** :- ਉਸਨੇ ਇਸ ਸ੍ਰਿਸ਼ਟੀ ਦੀ ਰਚਨਾ ਵਿਚ ਕਈ ਵੱਡੇ ਅਤੇ ਕਈ ਛੋਟੇ ਬਣਾਏ ਹਨ । ਲੋਕ-ਪ੍ਰਲੋਕ ਵਿਚ ਉਸਦਾ ਹੀ ਪ੍ਰਭਾਵ ਹੈ । ਸਾਰੇ ਜੀਵ-ਜੰਤ ਉਸ ਰਾਹੀਂ ਜਾਣੇ ਜਾਂਦੇ ਹਨ । ਭਾਵ ਉਸਦੀ ਗਿਆਤ ਵਿਚ ਹਨ । ਹੇ ਮੂਰਖ ਮਨ, ਤੂੰ ਉਸਦਾ ਸਿਮਰਣ ਕਿਉਂ ਨਹੀਂ ਕਰਦਾ ।

**ਕਈ ਮੂੜ੍ਹ ਪਿਤ੍ਰ ਪੂਜਾ ਕਰੰਤ । ਕਈ ਸਿੱਧ ਸਾਧੂ ਸੂਰਜ ਸਿਵੰਤ ॥**
**ਕਈ ਪਲਟਿ ਸੂਰਜ ਸਿਜਦਾ ਕਰਾਇ । ਪ੍ਰਭ ਏਕ ਰੂਪ ਦ੍ਵੈ ਕੈ ਲਖਾਇ ।੨੩੪॥**

**ਪਦ ਅਰਥ** :- ਪਿਤ੍ਰ-ਮੋਏ ਹੋਏ ਵਡਾਰੂ । ਕਈ ਪੁਸਤਕਾਂ ਵਿਚ ਪਿਤ੍ਰ ਸ਼ਬਦ ਦੀ ਥਾਂ ਪਤ੍ਰ ਲਿਖਿਆ ਹੈ ਜਿਸਦਾ ਅਰਥ ਬ੍ਰਿਛਾਂ ਦੇ ਪੱਤੇ ਹੈ । ਸਿਵੰਤ - ਪੂਜਨਾ। ਪਲਟਿ - ਉਲਟ ਪਾਸੇ ।

**ਅਰਥ** :- ਕਈ ਮੂਰਖ ਲੋਕ ਮੋਏ ਹੋਏ ਵਡਾਰੂਆਂ ਦੀ ਪੂਜਾ ਕਰਦੇ ਹਨ (ਕਈ ਬ੍ਰਿਛਾਂ ਦੇ ਪੱਤਿਆਂ ਦੀ ਪੂਜਾ ਕਰਦੇ ਹਨ) ਕਈ ਸਿੱਧ ਅਤੇ ਸਾਧੂ ਸੂਰਜ ਨੂੰ ਸੇਵਦੇ ਹਨ ਜਾਂ ਨਮਸਕਾਰ ਕਰਦੇ ਹਨ। ਕਈ ਸੂਰਜ ਦੇ ਉਲਟ ਪਾਸੇ ਭਾਵ ਪੱਛਮ ਵਲ ਸਿਰ ਝੁਕਾਉਂਦੇ ਹਨ । ਪ੍ਰਭੂ ਦਾ ਤਾਂ ਇੱਕ ਹੀ ਰੂਪ ਹੈ ਪਰ ਕਈ ਲੋਕ ਵੱਖ ਵੱਖ ਰੂਪ ਕਰਕੇ ਜਾਣਦੇ ਹਨ।

**ਅਨਛਿੱਜ ਤੇਜ ਅਨਭੈ ਪ੍ਰਕਾਸ਼ । ਦਾਤਾ ਦੁਰੰਤ ਅਦ੍ਵੈ ਅਨਾਸ ॥**
**ਸਭ ਰੋਗ ਸੋਗ ਤੇ ਰਹਤ ਰੂਪ । ਅਨਭੈ ਅਕਾਲ ਅੱਛੈ ਸਰੂਪ ॥ ੨੩੫.।**

**ਪਦ ਅਰਥ** :- ਅਨਛਿੱਜ - ਨਾ ਛਿਜਣ ਵਾਲਾ । ਦੁਰੰਤ - ਬੇਅੰਤ । ਅਨਾਸ ਨਾਸ ਰਹਿਤ ।

**ਅਰਥ** :- ਉਸਦਾ ਤੇਜ (ਵਡਿਆਈ) ਛਿਜਣ ਵਾਲਾ ਨਹੀਂ ਹੈ । ਉਹ ਭੈ ਰਹਿਤ ਤੇ ਪ੍ਰਕਾਸ਼ ਰੂਪ ਹੈ । ਬੇਅੰਤ ਦਾਤਾ ਹੈ ਭਾਵ ਬੇਅੰਤ ਦਾਤਾਂ ਦੇਣ ਵਾਲਾ ਹੈ। ਦ੍ਵੈਤ ਰਹਿਤ ਤੇ ਨਾਸ ਰਹਿਤ ਹੈ । ਉਸਦਾ ਸਰੂਪ ਸੰਸਾਰਕ ਰੋਗਾਂ ਤੇ ਗਮਾਂ ਤੋਂ ਰਹਿਤ ਹੈ । ਉਹ ਡਰ ਰਹਿਤ, ਮੌਤ ਰਹਿਤ, ਨਾ ਛਿਜਣ ਵਾਲਾ ਸਰੂਪ ਹੈ ।

**ਕਰੁਣਾ ਨਿਧਾਨ ਕਾਮਿਲ ਕ੍ਰਿਪਾਲ । ਦੁਖ ਦੋਖ ਹਰਤ ਦਾਤਾ ਦਿਆਲ ।**
**ਅੰਜਨ ਬਿਹੀਨ ਅਨਭੰਜ ਨਾਥ । ਜਲ ਥਲ ਪ੍ਰਭਾਉ ਸਰਬਤ੍ਰ ਸਾਥ ॥ ੨੩੬ ॥**



**ਪਦਅਰਥ** :- ਕਰੁਣਾ ਨਿਧਾਨ-ਦਇਆਲਤਾ ਦਾ ਖਜਾਨਾ । ਕਾਮਿਲ-ਪੂਰਨ। ਹਰਤ-ਦੂਰ ਕਰਨ ਵਾਲਾ । ਅੰਜਨ-ਮਾਇਆ ਦੇ ਲੇਪ ਤੋਂ ਬਿਨਾਂ। ਅਨਭੰਜ-ਨਾ ਟੁੱਟਣ ਵਾਲਾ ।

**ਅਰਥ** :- ਉਹ ਦਇਆਲਤਾ ਦਾ ਖਜਾਨਾ ਹੈ ਤੇ ਪੂਰਨ ਕਿਰਪਾਲੂ ਹੈ । ਉਹ ਸਾਡੇ ਦੁੱਖਾਂ ਤੇ ਪਾਪਾਂ ਨੂੰ ਦੂਰ ਕਰਨ ਵਾਲਾ ਅਤੇ ਦਿਆਲੂ ਦਾਤਾ ਹੈ । ਉਹ ਮਾਇਆ ਦੇ ਲੇਪ ਤੋਂ ਬਿਨਾਂ, ਤੇ ਨਾ ਟੁੱਟਣ ਵਾਲਾ ਭਾਵ ਸਦੀਵ ਕਾਇਮ ਰਹਿਣ ਵਾਲਾ ਸੁਆਮੀ ਹੈ । ਪਾਣੀ ਅਤੇ ਧਰਤੀ ਤੇ ਉਸਦਾ ਪ੍ਰਭਾਵ ਹੈ ਭਾਵ ਉਸਦਾ ਪ੍ਰਤਾਪ ਹੈ ਅਤੇ ਉਹ ਸਭ ਦੇ ਨਾਲ ਹੈ ।

**ਜਿਹ ਜਾਤਿ ਪਾਤਿ ਨਹੀਂ ਭੇਦ ਭਰਮ । ਜਿਹ ਰੰਗ ਰੂਪ ਨਹੀਂ ਏਕ ਧਰਮ ।**
**ਜਿਹ ਸਤ੍ਰ ਮਿਤ੍ਰ ਦੋਊ ਏਕ ਸਾਰ । ਅੱਛੈ ਸਰੂਪ ਅਬਿਚਲ ਅਪਾਰ ॥ ੨੩੭॥**

**ਅਰਥ** :- ਉਸਦੀ ਕੋਈ ਜਾਤ ਪਾਤ (ਬਰਾਦਰੀ) ਨਹੀਂ ਅਤੇ ਨਾ ਹੀ ਕੋਈ ਭੇਦ ਭਰਮ ਹੈ । ਉਸਦਾ ਕੋਈ ਰੰਗ ਰੂਪ ਨਹੀਂ ਅਤੇ ਨਾ ਹੀ ਇਕ ਧਰਮ ਹੈ ਅਰਥਾਤ ਸਾਰੇ ਧਰਮ ਉਸਦੇ ਹਨ । ਉਸ ਲਈ ਦੁਸ਼ਮਣ ਤੇ ਮਿੱਤਰ ਇੱਕ ਸਮਾਨ ਹਨ। ਉਸਦਾ ਸਰੂਪ ਨਾਸ ਨਾ ਹੋਣ ਵਾਲਾ, ਸਦਾ ਕਾਇਮ ਰਹਿਣ ਵਾਲਾ ਬੇਅੰਤ ਹੈ।

**ਜਾਨੀ ਨ ਜਾਇ ਜਿਹ ਰੂਪ ਰੇਖ । ਕਹਿ ਬਾਸੁ ਤਾਸੁ ਕਹਿ ਕਉਨ ਭੇਖ।**
**ਕਹਿ ਨਾਮ ਤਾਸੁ ਹੈ ਕਵਨ ਜਾਤਿ ।**
**ਜਿਹ ਸਤ੍ਰ ਮਿਤ੍ਰ ਨਹੀਂ ਪੁਤ੍ਰ ਭ੍ਰਾਤ ॥ ੨੩੮ ॥**

**ਪਦਅਰਥ** :- ਬਾਸੁ-ਟਿਕਾਣਾ । ਭੇਖ-ਪਹਿਰਾਵਾ । ਭ੍ਰਾਤ-ਭਰਾ।

**ਅਰਥ** :- ਉਸਦੇ ਰੂਪ ਅਤੇ ਰੇਖ (ਚਿੰਨ੍ਹ ਆਦਿ) ਨਹੀਂ ਜਾਣੇ ਜਾ ਸਕਦੇ। ਉਸਦਾ ਟਿਕਾਣਾ ਜਾਂ ਨਿਵਾਸ ਕਿਥੇ ਹੈ ਅਤੇ ਉਸਦਾ ਪਹਿਰਾਵਾ ਕਿਹੜਾ ਹੈ ? ਉਸਦਾ ਨਾਮ ਕੀ ਹੈ ਤੇ ਕਿਹੜੀ ਜਾਤ ਹੈ ? ਉਸਦਾ ਕੋਈ ਦੁਸ਼ਮਣ, ਮਿੱਤਰ, ਪੁੱਤਰ ਅਤੇ ਭਰਾ ਨਹੀਂ ਹੈ ।

**ਕਰੁਣਾ ਨਿਧਾਨ ਕਾਰਣ ਸਰੂਪ । ਜਿਹ ਚੱਕ੍ਰ-ਚਿਹਨ ਨਹੀਂ ਰੰਗ ਰੂਪ ।**
**ਜਿਹ ਖੇਦ ਭੇਦ ਨਹੀਂ ਕਰਮ ਕਾਲ ।**
**ਸਭ ਜੀਵ ਜੰਤ ਕੀ ਕਰਤ ਪਾਲ ॥ ੨੩੯ ॥**

**ਪਦਅਰਥ** :- ਖੇਦ-ਦੁੱਖ । ਕਰਮ-ਕੀਤੇ ਗਏ ਕੰਮ। ਕਾਲ-ਮੌਤ। ਪਾਲ-ਪਾਲਣਾ

**ਅਰਥ** :- ਨਿਰੰਕਾਰ ਦਇਆ ਦਾ ਖਜਾਨਾ ਹੈ, ਸਰੂਪ (ਸ੍ਰਿਸ਼ਟੀ ਦਾ ਆਕਾਰ) ਬਣਾਉਣ ਵਾਲਾ ਹੈ । ਉਸਦਾ ਕੋਈ ਚਿਹਨ, ਚੱਕਰ ਤੇ ਰੂਪ ਨਹੀਂ ਹੈ । ਉਸਨੂੰ ਕਰਮਾਂ ਦਾ ਕੋਈ ਦੁੱਖ ਪੋਂਹਦਾ ਨਹੀਂ ਅਤੇ ਕਾਲ ਦਾ ਕੋਈ ਭੇਦ ਨਹੀਂ ਜਾਂ ਪ੍ਰਵਾਹ ਨਹੀਂ । ਉਹ ਸਾਰੇ ਜੀਵ ਜੰਤਾਂ ਦੀ ਪ੍ਰਿਤਪਾਲਣਾ ਕਰਦਾ ਹੈ।

**ਉਰਧੰ ਬਿਰਹਤ ਸਿੱਧ ਸਰੂਪ । ਬੁੱਧੰ ਅਪਾਰ ਜੁਧੰ ਅਨੂਪ ।**
**ਜਿਹ ਰੂਪ ਰੇਖ ਨਹੀਂ ਰੰਗ ਰਾਗ ।**
**ਅਨਛਿੱਜ ਤੇਜ ਅਨਭਿੱਜ ਅਦਾਗ ॥ ੨੪੦ ॥**



www.sridasamgranth.com

ਪਦਅਰਥ :- ਕਰੁਣਾ ਨਿਧਾਨ-ਦਇਆਲਤਾ ਦਾ ਖਜਾਨਾ । ਕਾਮਿਲ-ਪੂਰਨ। ਹਰਤ-ਦੂਰ ਕਰਨ ਵਾਲਾ । ਅੰਜਨ-ਮਾਇਆ ਦੇ ਲੇਪ ਤੋਂ ਬਿਨਾਂ। ਅਨਭੰਜ-ਨਾ ਟੁੱਟਣ ਵਾਲਾ ।

ਅਰਥ :- ਉਹ ਦਇਆਲਤਾ ਦਾ ਖਜਾਨਾ ਹੈ ਤੇ ਪੂਰਨ ਕਿਰਪਾਲੂ ਹੈ । ਉਹ ਸਾਡੇ ਦੁੱਖਾਂ ਤੇ ਪਾਪਾਂ ਨੂੰ ਦੂਰ ਕਰਨ ਵਾਲਾ ਅਤੇ ਦਿਆਲੂ ਦਾਤਾ ਹੈ । ਉਹ ਮਾਇਆ ਦੇ ਲੇਪ ਤੋਂ ਬਿਨਾਂ, ਤੇ ਨਾ ਟੁੱਟਣ ਵਾਲਾ ਭਾਵ ਸਦੀਵ ਕਾਇਮ ਰਹਿਣ ਵਾਲਾ ਸੁਆਮੀ ਹੈ । ਪਾਣੀ ਅਤੇ ਧਰਤੀ ਤੇ ਉਸਦਾ ਪ੍ਰਭਾਵ ਹੈ ਭਾਵ ਉਸਦਾ ਪ੍ਰਤਾਪ ਹੈ ਅਤੇ ਉਹ ਸਭ ਦੇ ਨਾਲ ਹੈ ।

**ਜਿਹ ਜਾਤਿ ਪਾਤਿ ਨਹੀਂ ਭੇਦ ਭਰਮ ।ਜਿਹ ਰੰਗ ਰੂਪ ਨਹੀਂ ਏਕ ਧਰਮ ।**
**ਜਿਹ ਸਤ੍ਰ ਮਿਤ੍ਰ ਦੋਊ ਏਕ ਸਾਰ । ਅੱਛੈ ਸਰੂਪ ਅਬਿਚਲ ਅਪਾਰ ॥ ੨੩੭॥**

ਅਰਥ :- ਉਸਦੀ ਕੋਈ ਜਾਤ ਪਾਤ (ਬਰਾਦਰੀ) ਨਹੀਂ ਅਤੇ ਨਾ ਹੀ ਕੋਈ ਭੇਦ ਭਰਮ ਹੈ । ਉਸਦਾ ਕੋਈ ਰੰਗ ਰੂਪ ਨਹੀਂ ਅਤੇ ਨਾ ਹੀ ਇਕ ਧਰਮ ਹੈ ਅਰਥਾਤ ਸਾਰੇ ਧਰਮ ਉਸਦੇ ਹਨ । ਉਸ ਲਈ ਦੁਸ਼ਮਣ ਤੇ ਮਿੱਤਰ ਇੱਕ ਸਮਾਨ ਹਨ। ਉਸਦਾ ਸਰੂਪ ਨਾਸ ਨਾ ਹੋਣ ਵਾਲਾ, ਸਦਾ ਕਾਇਮ ਰਹਿਣ ਵਾਲਾ ਬੇਅੰਤ ਹੈ।

**ਜਾਨੀ ਨ ਜਾਇ ਜਿਹ ਰੂਪ ਰੇਖ । ਕਹਿ ਬਾਸੁ ਤਾਸੁ ਕਹਿ ਕਉਨ ਭੇਖ।**
**ਕਹਿ ਨਾਮ ਤਾਸੁ ਹੈ ਕਵਨ ਜਾਤਿ ।**
**ਜਿਹ ਸਤ੍ਰ ਮਿਤ੍ਰ ਨਹੀਂ ਪੁਤ੍ਰ ਭ੍ਰਾਤ ॥ ੨੩੮ ॥**

ਪਦਅਰਥ :- ਬਾਸੁ-ਟਿਕਾਣਾ । ਭੇਖ-ਪਹਿਰਾਵਾ । ਭ੍ਰਾਤ-ਭਰਾ।

ਅਰਥ :- ਉਸਦੇ ਰੂਪ ਅਤੇ ਰੇਖ (ਚਿੰਨ੍ਹ ਆਦਿ) ਨਹੀਂ ਜਾਣੇ ਜਾ ਸਕਦੇ। ਉਸਦਾ ਟਿਕਾਣਾ ਜਾਂ ਨਿਵਾਸ ਕਿਥੇ ਹੈ ਅਤੇ ਉਸਦਾ ਪਹਿਰਾਵਾ ਕਿਹੜਾ ਹੈ ? ਉਸਦਾ ਨਾਮ ਕੀ ਹੈ ਤੇ ਕਿਹੜੀ ਜਾਤ ਹੈ ? ਉਸਦਾ ਕੋਈ ਦੁਸ਼ਮਣ, ਮਿੱਤਰ, ਪੁੱਤਰ ਅਤੇ ਭਰਾ ਨਹੀਂ ਹੈ ।

**ਕਰੁਣਾ ਨਿਧਾਨ ਕਾਰਣ ਸਰੂਪ । ਜਿਹ ਚੱਕ੍ਰ-ਚਿਹਨ ਨਹੀਂ ਰੰਗ ਰੂਪ ।**
**ਜਿਹ ਖੇਦ ਭੇਦ ਨਹੀਂ ਕਰਮ ਕਾਲ ।**
**ਸਭ ਜੀਵ ਜੰਤ ਕੀ ਕਰਤ ਪਾਲ ॥ ੨੩੯ ॥**

ਪਦਅਰਥ :- ਖੇਦ-ਦੁੱਖ ।ਕਰਮ-ਕੀਤੇ ਗਏ ਕੰਮ। ਕਾਲ-ਮੌਤ।ਪਾਲ-ਪਾਲਣਾ

ਅਰਥ :- ਨਿਰੰਕਾਰ ਦਇਆ ਦਾ ਖਜਾਨਾ ਹੈ, ਸਰੂਪ (ਸ੍ਰਿਸ਼ਟੀ ਦਾ ਆਕਾਰ) ਬਨਾਉਣ ਵਾਲਾ ਹੈ । ਉਸਦਾ ਕੋਈ ਚਿਹਨ, ਚੱਕਰ ਤੇ ਰੂਪ ਨਹੀਂ ਹੈ । ਉਸਨੂੰ ਕਰਮਾਂ ਦਾ ਕੋਈ ਦੁੱਖ ਪੋਂਹਦਾ ਨਹੀਂ ਅਤੇ ਕਾਲ ਦਾ ਕੋਈ ਭੇਦ ਨਹੀਂ ਜਾਂ ਪ੍ਰਵਾਹ ਨਹੀਂ । ਉਹ ਸਾਰੇ ਜੀਵ ਜੰਤਾਂ ਦੀ ਪ੍ਰਿਤਪਾਲਣਾ ਕਰਦਾ ਹੈ।

**ਉਰਧੰ ਬਿਰਹਤ ਸਿੱਧ ਸਰੂਪ । ਬੁੱਧੰ ਅਪਾਰ ਜੁਧੰ ਅਨੂਪ ।**
**ਜਿਹ ਰੂਪ ਰੇਖ ਨਹੀਂ ਰੰਗ ਰਾਗ ।**
**ਅਨਛਿੱਜ ਤੇਜ ਅਨਭਿੱਜ ਅਦਾਗ ॥ ੨੪੦ ॥**



ਪਦਅਰਥ :- ਉਰਧੰ-ਉਚਾਣ । ਬਿਰਹਤ-ਰਹਿਤ ਦੇ ਬੰਧਨ ਤੋਂ ਬਿਨਾਂ। ਬੁੱਧੰ-ਗਿਆਨ । ਅਪਾਰ-ਬੇਅੰਤ । ਰੰਗ-ਪ੍ਰੀਤ । ਰਾਗ-ਮੋਹ-ਮਮਤਾ ਜਾਂ ਲਗਾਓ।

ਅਰਥ :- ਉਹ ਅਕਾਲ ਪੁਰਖ ਉੱਚਾ ਹੈ, ਕਿਸੇ (ਰਹਿਤ ਦੇ ਬੰਧਨਾਂ ਵਿਚ ਨਹੀਂ ਤੇ ਪਵਿੱਤਰ ਸਰੂਪ ਵਾਲਾ ਹੈ । ਉਹ ਬੇਅੰਤ ਗਿਆਨ ਵਾਲਾ ਹੈ ਅਤੇ ਜੁੱਧ ਕਲਾ ਵਿੱਚ ਬੇਮਿਸਾਲ ਹੈ । ਉਸਦਾ ਕੋਈ ਰੂਪ ਤੇ ਰੇਖ ਨਹੀਂ । ਉਹ ਪ੍ਰੀਤ ਤੇ ਮੋਹ ਮਮਤਾ ਵਿੱਚ ਨਹੀਂ ਹੈ । ਉਸਦੀ ਵਡਿਆਈ ਨਾ ਛਿਜਣ ਵਾਲੀ ਹੈ । ਉਹ ਭਿੱਜਦਾ ਨਹੀਂ ਤੇ ਦੋਸ਼ ਰਹਿਤ ਹੈ ।

**ਜਲ ਥਲ ਮਹੀਪ ਮਹਿਬਨ ਦੁਰੰਤ ।**
**ਜਿਹ ਨੇਤਿ ਨੇਤਿ ਨਿਸਿ ਦਿਨ ਉਚਰੰਤ ।**
**ਪਾਇਓ ਨ ਜਾਇ ਜਿਹ ਪੈਰਿ ਪਾ ।**
**ਦੀਨਾਂਨ ਦੋਖ ਦਹਿਤਾ ਉਦਾਰ ॥ ੨੪੧ ॥**

ਪਦਅਰਥ :- ਮਹੀਪ-ਮਹਾਰਾਜਾ । ਮਹਿਬਨ-ਜੰਗਲਾਂ ਵਿੱਚ । ਦੁਰੰਤ-ਬੇਅੰਤ । ਪੈਰਿ-ਜਿਸਦਾ ਅਗਲਾ ਕਿਨਾਰਾ ਨਹੀਂ ਲੱਭ ਸਕੀਦਾ। ਦੀਨਾਂਨ- ਮਜਲੂਮਾਂ। ਦਹਿਤਾ-ਸਾੜਨਾ ।

ਅਰਥ :- ਉਹ ਜਲਾਂ ਤੇ ਥਲਾਂ ਦਾ ਮਹਾਰਾਜਾ ਹੈ । ਉਸਦਾ ਜੰਗਲਾਂ ਵਿੱਚ ਬੇਅੰਤ ਫੈਲਾਉ ਹੈ । ਜਲ ਥਲ ਤੇ ਬਨ ਉਸਨੂੰ ਦਿਨ ਤੇ ਰਾਤ ਬੇਅੰਤ ਬੇਅੰਤ ਆਖਦੇ ਹਨ । ਉਸ ਪ੍ਰਮਾਤਮਾ ਦਾ ਪਾਰਲਾ ਕਿਨਾਰਾ ਨਹੀਂ ਲੱਭਿਆ ਜਾ ਸਕਦਾ। ਉਹ ਮਜਲੂਮਾਂ ਦੇ ਪਾਪਾਂ ਨੂੰ ਸਾੜਨ ਵਾਲਾ ਉਦਾਰ ਚਿਤ ਹੈ ।

**ਕਈ ਕੋਟਿ ਇੰਦ੍ਰ ਜਿਹ ਪਾਨਿਹਾਰ। ਕਈ ਕੋਟਿ ਰੁਦ੍ਰ ਜੁਗੀਆ ਦੁਆਰ ।**
**ਕਈ ਬੇਦ ਬਿਆਸ ਬ੍ਰਹਮਾ ਅਨੰਤ ।**
**ਜਿਹ ਨੇਤਿ ਨੇਤਿ ਨਿਸਿ ਦਿਨ ਉਚਰੰਤ ॥ ੨੪੨ ॥**

ਪਦਅਰਥ:-ਪਾਨਿਹਾਰ-ਗੁਲਾਮ ਜਾਂ ਸੇਵਕ। ਰੁਦ੍ਰ-ਸ਼ਿਵਜੀ। ਜੁਗੀਆ-ਯੋਗੀ।

ਅਰਥ :- ਕਈ ਕਰੋੜਾਂ ਇੰਦਰ ਉਸਦੇ ਸੇਵਕ ਹਨ । ਕਈ ਕਰੋੜਾਂ ਸ਼ਿਵਜੀ ਉਸਦੇ ਦੁਆਰੇ ਦੇ ਜੋਗੀ ਹਨ । ਕਈ ਵੇਦ ਤੇ ਉਨਾਂ ਦੇ ਸੰਪਾਦਨ ਕਰਨ ਵਾਲੇ ਬਿਆਸ ਅਤੇ ਬ੍ਰਹਮਾ ਹਨ ਜਿਨ੍ਹਾਂ ਦਾ ਕੋਈ ਅੰਤ ਨਹੀਂ । ਇਹ ਸਭ ਰਾਤ ਦਿਨ ਉਸਨੂੰ ਬੇਅੰਤ ਬੇਅੰਤ ਉਚਾਰਦੇ ਹਨ ।

## ਤ੍ਵਪ੍ਰਸਾਦਿ ਸਵਯੇ

(ਸਵਯੇ ਛੰਦ ਵਿੱਚ ਤੇਰੀ ਕਿਰਪਾ ਨਾਲ ਰਚਨਾ ਕੀਤੀ ਹੈ ।)

**ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰਿ ਗਨੀਮਨ ਗਾਰੈ ।**
**ਪੱਛ ਪਸੂ ਨਗ ਨਾਗ ਨਰਾਧਿਪ ਸਰਬ ਸਮੇਂ ਸਭ ਕੋ ਪ੍ਰਤਿਪਾਰੈ ।**
**ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲਿ ਕੇ ਨਹੀਂ ਕਰਮ ਬਿਚਾਰੈ ।**
**ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰੁ ਦੇਤ ਨ ਹਾਰੈ ॥੨੪੩॥**

ਪਦਅਰਥ :- ਦੀਨਿਨ-ਦੁਖੀਆਂ । ਗਨੀਮਨ-ਤਕੜੇ ਦੁਸ਼ਮਣਾਂ । ਗਾਰੈ-



www.sridasamgranth.com

ਪਦਅਰਥ :- ਉਰਧੰ-ਉਚਾਣ । ਬਿਰਹਤ-ਰਹਿਤ ਦੇ ਬੰਧਨ ਤੋਂ ਬਿਨਾਂ। ਬੁੱਧੰ-ਗਿਆਨ । ਅਪਾਰ-ਬੇਅੰਤ । ਰੰਗ-ਪ੍ਰੀਤ । ਰਾਗ-ਮੋਹ-ਮਮਤਾ ਜਾਂ ਲਗਾਉ।

ਅਰਥ :- ਉਹ ਅਕਾਲ ਪੁਰਖ ਉੱਚਾ ਹੈ, ਕਿਸੇ (ਰਹਿਤ ਦੇ ਬੰਧਨਾਂ ਵਿਚ ਨਹੀਂ ਤੇ ਪਵਿੱਤਰ ਸਰੂਪ ਵਾਲਾ ਹੈ । ਉਹ ਬੇਅੰਤ ਗਿਆਨ ਵਾਲਾ ਹੈ ਅਤੇ ਜੁੱਧ ਕਲਾ ਵਿੱਚ ਬੇਮਿਸਾਲ ਹੈ । ਉਸਦਾ ਕੋਈ ਰੂਪ ਤੇ ਰੇਖ ਨਹੀਂ । ਉਹ ਪ੍ਰੀਤ ਤੇ ਮੋਹ ਮਮਤਾ ਵਿੱਚ ਨਹੀਂ ਹੈ । ਉਸਦੀ ਵਡਿਆਈ ਨਾ ਛਿਜਣ ਵਾਲੀ ਹੈ । ਉਹ ਭਿੱਜਦਾ ਨਹੀਂ ਤੇ ਦੋਸ਼ ਰਹਿਤ ਹੈ ।

**ਜਲ ਥਲ ਮਹੀਪ ਮਹਿਬਨ ਦੁਰੰਤ ।**
**ਜਿਹ ਨੇਤਿ ਨੇਤਿ ਨਿਸਿ ਦਿਨ ਉਚਰੰਤ ।**
**ਪਾਇਓ ਨ ਜਾਇ ਜਿਹ ਪੈਰਿ ਪਾ ।**
**ਦੀਨਾਂਨ ਦੋਖ ਦਹਿਤਾ ਉਦਾਰ ॥ ੨੪੧ ॥**

ਪਦਅਰਥ :- ਮਹੀਪ-ਮਹਾਰਾਜਾ । ਮਹਿਬਨ-ਜੰਗਲਾਂ ਵਿੱਚ । ਦੁਰੰਤ-ਬੇਅੰਤ । ਪੈਰਿ-ਜਿਸਦਾ ਅਗਲਾ ਕਿਨਾਰਾ ਨਹੀਂ ਲੱਭ ਸਕੀਦਾ। ਦੀਨਾਂਨ- ਮਜਲੂਮਾਂ। ਦਹਿਤਾ-ਸਾੜਨਾ ।

ਅਰਥ :- ਉਹ ਜਲਾਂ ਤੇ ਥਲਾਂ ਦਾ ਮਹਾਰਾਜਾ ਹੈ । ਉਸਦਾ ਜੰਗਲਾਂ ਵਿੱਚ ਬੇਅੰਤ ਫੈਲਾਉ ਹੈ । ਜਲ ਥਲ ਤੇ ਬਨ ਉਸਨੂੰ ਦਿਨ ਤੇ ਰਾਤ ਬੇਅੰਤ ਬੇਅੰਤ ਆਖਦੇ ਹਨ । ਉਸ ਪ੍ਰਮਾਤਮਾ ਦਾ ਪਾਰਲਾ ਕਿਨਾਰਾ ਨਹੀਂ ਲੱਭਿਆ ਜਾ ਸਕਦਾ। ਉਹ ਮਜਲੂਮਾਂ ਦੇ ਪਾਪਾਂ ਨੂੰ ਸਾੜਨ ਵਾਲਾ ਉਦਾਰ ਚਿਤ ਹੈ ।

**ਕਈ ਕੋਟਿ ਇੰਦ੍ਰ ਜਿਹ ਪਾਨਿਹਾਰ। ਕਈ ਕੋਟਿ ਰੁਦ੍ਰ ਜੁਗੀਆ ਦੁਆਰ ।**
**ਕਈ ਬੇਦ ਬਿਆਸ ਬ੍ਰਹਮਾ ਅਨੰਤ ।**
**ਜਿਹ ਨੇਤਿ ਨੇਤਿ ਨਿਸਿ ਦਿਨ ਉਚਰੰਤ ॥ ੨੪੨ ॥**

ਪਦਅਰਥ:-ਪਾਨਿਹਾਰ-ਗੁਲਾਮ ਜਾਂ ਸੇਵਕ। ਰੁਦ੍ਰ-ਸ਼ਿਵਜੀ। ਜੁਗੀਆ-ਯੋਗੀ।

ਅਰਥ :- ਕਈ ਕਰੋੜਾਂ ਇੰਦਰ ਉਸਦੇ ਸੇਵਕ ਹਨ । ਕਈ ਕਰੋੜਾਂ ਸ਼ਿਵਜੀ ਉਸਦੇ ਦੁਆਰੇ ਦੇ ਜੋਗੀ ਹਨ । ਕਈ ਵੇਦ ਤੇ ਉਨਾਂ ਦੇ ਸੰਪਾਦਨ ਕਰਨ ਵਾਲੇ ਬਿਆਸ ਅਤੇ ਬ੍ਰਹਮਾ ਹਨ ਜਿਨ੍ਹਾਂ ਦਾ ਕੋਈ ਅੰਤ ਨਹੀਂ । ਇਹ ਸਭ ਰਾਤ ਦਿਨ ਉਸਨੂੰ ਬੇਅੰਤ ਬੇਅੰਤ ਉਚਾਰਦੇ ਹਨ ।

## ਤ੍ਵਪ੍ਰਸਾਦਿ ਸਵਯੇ

(ਸਵਯੇ ਛੰਦ ਵਿੱਚ ਤੇਰੀ ਕਿਰਪਾ ਨਾਲ ਰਚਨਾ ਕੀਤੀ ਹੈ ।)

**ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰਿ ਗਨੀਮਨ ਗਾਰੈ ।**
**ਪੱਛ ਪਸੂ ਨਗ ਨਾਗ ਨਰਾਧਿਪ ਸਰਬ ਸਮੇਂ ਸਭ ਕੋ ਪ੍ਰਤਿਪਾਰੈ ।**
**ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲਿ ਕੇ ਨਹੀਂ ਕਰਮ ਬਿਚਾਰੈ ।**
**ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰੁ ਦੇਤ ਨ ਹਾਰੈ ॥੨੪੩॥**

ਪਦਅਰਥ :- ਦੀਨਿਨ-ਦੁਖੀਆਂ । ਗਨੀਮਨ-ਤਕੜੇ ਦੁਸ਼ਮਣਾਂ । ਗਾਰੈ-



ਗਾਲਦਾ ਹਾਂ । ਨਗ-ਪਰਬਤ । ਨਾਗ-ਸਰਪ । ਨਰਾਧਿਪ-ਸੂਰਿਆਂ ਦੇ ਸਰਦਾਰ ਜਾਂ ਰਾਜੇ । ਪੋਖਤ-ਖਾਣ, ਪਾਣ ਤੇ ਪਹਿਰਨ ਦੁਆਰਾ ਪਰਵਰਿਸ਼ । ਕਲਿ-ਕਲਜੁੱਗੀ ਜੀਵਾਂ ਦੇ ਦੋਖਨ-ਦੋਸ਼ੀਆਂ, ਗੁਨਾਹਗਾਰਾਂ

ਅਰਥ :- ਪ੍ਰਭੂ ਦੁੱਖੀਆਂ ਦੀ ਪ੍ਰਿਤਪਾਲਣਾ ਕਰਦਾ ਹੈ, ਨਿੱਤ ਸੰਤਾਂ ਦੀ ਰੱਖਿਆ ਕਰਦਾ ਹੈ ਅਤੇ ਤਕੜੇ ਵੈਰੀਆਂ ਨੂੰ ਗਾਲ ਦਿੰਦਾ ਹੈ । ਪੰਛੀਆਂ, ਪਸ਼ੂਆਂ, ਪਰਬਤਾਂ, ਸੱਪਾਂ ਤੇ ਸੂਰਿਆਂ ਦੇ ਸਰਦਾਰ ਅਥਵਾ ਰਾਜਿਆਂ ਦੀ ਹਰ ਸਮੇਂ ਸਭ ਦੀ ਪ੍ਰਿਤਪਾਲਣਾ ਕਰਦਾ ਹੈ। ਜਲਾਂ ਵਿੱਚ ਤੇ ਥਲਾਂ ਵਿੱਚ ਰਹਿਣ ਵਾਲੇ ਜੀਵਾਂ ਦੀ ਖਾਣ, ਪੀਣ ਤੇ ਪਹਿਰਣ ਰਾਹੀਂ ਪਰਵਰਿਸ਼ ਕਰਦਾ ਹੈ ਅਤੇ ਸਾਡੇ ਕਲਜੁੱਗੀ ਜੀਵਾਂ ਦੇ ਕਰਮਾਂ ਦੀ ਵਿਚਾਰ ਨਹੀਂ ਕਰਦਾ । ਭਾਵ ਪਾਲਣਾ ਪੋਸਣਾ ਕਰਨ ਸਮੇਂ ਸਾਡੇ ਕਰਮਾਂ ਨੂੰ ਨਹੀਂ ਚਿਤਾਰਦਾ । ਦੀਨਾਂ ਉਤੇ ਦਇਆਲਤਾ ਕਰਨ ਵਾਲਾ ਦਇਆ ਦਾ ਖਜ਼ਾਨਾ ਹੈ । ਉਹ ਸਾਡੇ ਪਾਪਾਂ ਨੂੰ ਵੇਖਦਾ ਹੋਇਆ ਵੀ ਸਾਨੂੰ ਰੋਜੀ ਦੇਣ ਤੋਂ ਪਿੱਛੇ ਨਹੀਂ ਹੱਟਦਾ ।

**ਦਾਹਤ ਹੈ ਦੁਖ ਦੋਖਨ ਕੋ ਦਲ ਦੁਜਨ ਕੇ ਪਲ ਮੈ ਦਲਿ ਡਾਰੈ ।**
**ਖੰਡ ਅਖੰਡ ਪ੍ਰਚੰਡ ਪ੍ਰਹਾਰਨ ਪੂਰਨ ਪ੍ਰੇਮ ਕੀ ਪ੍ਰੀਤਿ ਸੰਭਾਰੈ ।**
**ਪਾਰੁ ਨ ਪਾਇ ਸਕੈ ਪਦਮਾਪਤਿ ਬੇਦ ਕਤੇਬ ਅਭੇਦ ਉਚਾਰੈ ।**
**ਰੋਜੀ ਹੀ ਰਾਜ਼ ਬਿਲੋਕਤ ਰਾਜ਼ਿਕ ਰੋਖਿ ਰੂਹਾਨ ਕੀ ਰੋਜ਼ੀ ਨ ਟਾਰੈ ॥੨੪੪॥**

ਪਦਅਰਥ :- ਦਾਹਤ-ਸਾੜਦਾ । ਦੋਖਨ-ਪਾਪਾਂ । ਦੁਜਨ-ਵੈਰੀ । ਅਖੰਡ-ਨਾ ਖੰਡਿਤ ਹੋਣ ਵਾਲੇ । ਪਦਮਾ ਪਤਿ-ਲੱਛਮੀ ਦਾ ਪਤਿ । ਬਿਲੋਕਤ-ਵੇਖਦਾ । ਰਾਜ-ਭੇਦ । ਰਾਜ਼ਿਕ-ਰੋਜ਼ੀ ਦੇਣ ਵਾਲਾ । ਰੋਖਿ-ਕ੍ਰੋਧ ।

ਅਰਥ :- ਉਹ ਦੁੱਖਾਂ ਤੇ ਪਾਪਾਂ ਨੂੰ ਸਾੜ ਦਿੰਦਾ ਹੈ, ਵੈਰੀਆਂ ਦੇ ਦਲਾਂ ਨੂੰ ਪਲਾਂ ਵਿੱਚ ਹੀ ਦਲਮਲ ਦਿੰਦਾ ਹੈ । ਨਾ ਖੰਡਿਤ ਹੋਣ ਵਾਲੇ ਤੇਜ ਪ੍ਰਹਾਰ ਕਰਨ ਵਾਲਿਆਂ ਨੂੰ ਟੋਟੇ ਟੋਟੇ ਕਰ ਦਿੰਦਾ ਹੈ । ਲੱਛਮੀ-ਪਤਿ ਵਿਸ਼ਨੂੰ, ਵੇਦ ਅਤੇ ਕਤੇਬ ਆਦਿ ਪੁਸਤਕਾਂ ਉਸਦੇ ਭੇਦ ਨੂੰ ਨਹੀਂ ਉਚਾਰ ਸਕਦੇ । ਉਹ ਸਭ ਨੂੰ ਰੋਜ਼ੀ ਦੇਣ ਵਾਲਾ ਹੈ, ਸਾਰੇ ਜੀਵਾਂ ਦੇ ਗੁਪਤ ਭੇਦਾਂ ਨੂੰ ਵੇਖਦਾ ਹੈ ਤੇ ਕ੍ਰੋਧ ਵਿੱਚ ਆਕੇ ਜੀਵਾਂ ਦੀ ਰੋਜ਼ੀ ਬੰਦ ਨਹੀਂ ਕਰਦਾ।

**ਕੀਟ ਪਤੰਗ ਕੁਰੰਗ ਭੁਜੰਗਮ ਭੂਤ ਭਵਿੱਖ ਭਵਾਨ ਬਨਾਏ ।**
**ਦੇਵ ਅਦੇਵ ਖਪੇ ਅਹੰਮੇਵ ਨ ਭੇਦ ਲਖਿਓ ਭ੍ਰਮ ਸਿਉਂ ਭਰਮਾਏ ।**
**ਬੇਦ ਪੁਰਾਨ ਕਤੇਬ ਕੁਰਾਨ ਹਸੇਬ ਥਕੇ ਕਰਿ ਹਾਥਿ ਨ ਆਏ ।**
**ਪੂਰਨ ਪ੍ਰੇਮ ਪ੍ਰਭਾਉ ਬਿਨਾ ਪਤਿ ਸਿਉਂ ਕਿਨ ਸ੍ਰੀ ਪਦਮਾਪਤਿ ਪਾਏ ॥ ੨੪੫ ॥**

ਪਦਅਰਥ :- ਕੀਟ-ਕੀੜੇ । ਕੁਰੰਗ-ਹਿਰਨ । ਭੁਜੰਗਮ-ਸੱਪ । ਅਦੇਵ-ਦੈਂਤ। ਅਹੰਮੇਵ- ਅਹੰਕਾਰ । ਹਸੇਬ-ਹਿਸਾਬ । ਪ੍ਰਭਾਉ-ਲਗਾਉ । ਪਤਿ-ਇਜ਼ਤ।

ਅਰਥ :- ਕੀੜੇ, ਪਤੰਗੇ, ਹਿਰਨ, ਸੱਪ, ਬੀਤ ਚੁੱਕਾ ਸਮਾਂ, ਆਉਣ ਵਾਲਾ ਸਮਾਂ ਤੇ ਵਰਤਮਾਨ ਕਾਲ ਸਭ ਉਸੇ ਦੇ ਬਣਾਏ ਹੋਏ ਹਨ। ਦੇਵਤੇ ਤੇ ਦੈਂਤ ਹੰਕਾਰ ਕਰ ਕਰ ਕੇ ਮਰ ਗਏ ਹਨ ਪਰ ਭਰਮ ਵਿੱਚ ਪਏ ਹੋਏ ਭਰਮੀ ਉਸ ਦਾ ਭੇਦ ਨਹੀਂ ਪਾ ਸਕਦੇ । ਹਿੰਦੂ ਧਰਮ ਦੇ ਗ੍ਰੰਥ ਵੇਦ ਤੇ ਪੁਰਾਣ, ਮੁਸਲਮ ਧਰਮ ਦੀਆ ਧਾਰਮਿਕ



www.sridasamgranth.com

ਪੁਸਤਕਾਂ ਤੇ ਕੁਰਾਨ ਆਦਿ ਉਸਦਾ ਹਿਸਾਬ ਲਾ ਲਾ ਕੇ ਥੱਕ ਗਏ ਹਨ ਪਰ ਉਸਦਾ ਥਾਹ ਨਹੀਂ ਪਾ ਸਕੇ। ਪ੍ਰੇਮ ਦੇ ਪੂਰੇ ਲਗਾਉ ਬਿਨ੍ਹਾਂ ਦੱਸੋ ਕਿਸਨੇ ਵਾਹਿਗੁਰੂ ਦੀ ਪ੍ਰਾਪਤੀ ਕੀਤੀ ਹੈ ।

**ਆਦਿ ਅਨੰਤ ਅਗਾਧਿ ਅਦ੍ਵੈਖ ਸੁ ਭੂਤ ਭਵਿੱਖ ਭਵਾਨ ਅਭੈ ਹੈ ।**
**ਅੰਤਿ ਬਿਹੀਨ ਅਨਾਤਮ ਆਪ ਅਦਾਗ ਅਦੋਖ ਅਛਿੱਦ੍ਰ ਅਛੈ ਹੈ ।**
**ਲੋਗਨ ਕੇ ਕਰਤਾ ਹਰਤਾ ਜਲ ਮੈਂ ਥਲ ਮੈਂ ਭਰਤਾ ਪ੍ਰਭ ਵੈ ਹੈ ।**
**ਦੀਨ ਦਇਆਲ ਦਇਆ ਕਰ ਸ੍ਰੀਪਤਿ ਸੁੰਦਰ ਸ੍ਰੀ ਪਦਮਾਪਤਿ ਏ ਹੈ ॥੨੪੬॥**

**ਪਦਅਰਥ :-** ਅਗਾਧਿ-ਅਪਹੁੰਚ । ਅਦ੍ਵੈਖ-ਦੋਖ ਜਾਂ ਈਰਖਾ ਰਹਿਤ। ਅਭੈ-ਭੈ ਰਹਿਤ । ਅਨਾਤਮ-ਆਤਮਾ ਰਹਿਤ । ਅਦਾਗ-ਕਲੰਕ ਰਹਿਤ । ਅਦੋਖ-ਦੋਸ਼ ਰਹਿਤ । ਅਛਿਦ੍ਰ-ਛਿਦ੍ਰ ਰਹਿਤ । ਅਛੈ-ਨਾਸ ਰਹਿਤ । ਹਰਤਾ-ਨਾਸ ਕਰਨ ਵਾਲਾ। ਭਰਤਾ-ਭਰਨ ਵਾਲਾ । ਪ੍ਰਭ ਵੈ-ਉਹ ਪ੍ਰਭ ਆਪ ਹੀ ਹੈ ।

**ਅਰਥ :-** ਅਕਾਲ ਪੁਰਖ ਸਭ ਦਾ ਮੁੱਢ ਸਰੂਪ ਹੈ, ਅੰਤ ਰਹਿਤ ਹੈ, ਅਥਾਹ ਹੈ, ਈਰਖਾ ਰਹਿਤ ਹੈ, ਉਸਦਾ ਸਰੂਪ ਭੂਤ, ਭਵਿੱਖ ਤੇ ਵਰਤਮਾਨ ਤਿੰਨਾਂ ਕਾਲਾਂ ਦੇ ਭੈਅ ਤੋਂ ਰਹਿਤ ਹੈ । ਉਹ ਅੰਤ ਰਹਿਤ ਹੈ, ਆਤਮਾ ਤੋਂ ਰਹਿਤ ਹੈ, ਉਹ ਆਪ ਦਾਗ ਰਹਿਤ ਤੇ ਦੋਸ਼ ਰਹਿਤ ਹੈ, ਛੇਦਿਆ ਨਹੀਂ ਜਾ ਸਕਦਾ ਤੇ ਨਾਸ ਰਹਿਤ ਹੈ । ਲੋਕਾਂ ਨੂੰ ਪੈਦਾ ਕਰਨ ਵਾਲਾ ਹੈ ਤੇ ਨਾਸ ਕਰਨ ਵਾਲਾ ਹੀ ਹੈ। ਜਲ ਤੇ ਥਲ ਵਿੱਚ ਭਰਨ ਵਾਲਾ ਪ੍ਰਭੂ ਉਹ ਆਪ ਹੀ ਹੈ । ਮਜਲੂਮਾਂ ਤੇ ਦਇਆ ਕਰਨ ਵਾਲਾ ਸਦਾ ਦਿਆਲੂ ਹੈ । ਅਜਿਹੇ ਸੁੰਦਰ ਗੁਣਾਂ ਵਾਲਾ ਕਰਤਾਰ ਆਪ ਹੀ ਹੈ ।

**ਕਾਮ ਨ ਕ੍ਰੋਧ ਨ ਲੋਭ ਨ ਮੋਹ ਨ ਰੋਗ ਨ ਸੋਗ ਨ ਭੋਗ ਨ ਭੈ ਹੈ ।**
**ਦੇਹ ਬਿਹੀਨ ਸਨੇਹ ਸਭੋ ਤਨ ਨੇਹ ਬਿਰਕਤ ਅਗੇਹ ਅਛੈ ਹੈ ।**
**ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈ ਹੈ ।**
**ਕਾਹੇ ਕੋ ਡੋਲਤ ਹੈ ਤੁਮਰੀ ਸੁਧਿ ਸੁੰਦਰ ਸ੍ਰੀ ਪਦਮਾਪਤਿ ਲੈ ਹੈ ॥ ੨੪੭ ॥**

**ਪਦਅਰਥ :-** ਸਨੇਹ-ਪਿਆਰ । ਬਿਰਕਤ-ਤਿਆਗੀ । ਅਗੇਹ-ਘਰ ਰਹਿਤ। ਅਛੈ-ਨਾਸ ਰਹਿਤ । ਅਜਾਨ-ਜੜ੍ਹ । ਜਮੀਨ-ਧਰਤੀ । ਜਮਾਨ-ਅਕਾਸ਼

**ਅਰਥ :-** ਅਕਾਲ ਪੁਰਖ ਦੀ ਹਸਤੀ ਵਿਚ ਕਾਮ, ਕ੍ਰੋਧ, ਲੋਭ ਤੇ ਮੋਹ ਜਿਹੇ ਵਿਕਾਰ ਨਹੀਂ ਹਨ । ਉਹ ਰੋਗ ਰਹਿਤ, ਚਿੰਤਾ ਰਹਿਤ, ਭੋਗ ਅਤੇ ਡਰ ਤੋਂ ਰਹਿਤ ਹੈ, ਉਸਦੀ ਕੋਈ ਦੇਹ ਨਹੀਂ । ਉਹ ਸਾਰਿਆਂ ਸਰੀਰਾਂ ਨਾਲ ਪਿਆਰ ਕਰਦਾ ਹੈ, ਉਹ ਤਿਆਗੀ ਹੈ ਤੇ ਉਸਨੂੰ ਕਿਸੇ ਨਾਲ ਪਕੜ ਨਹੀਂ । ਉਹ ਘਰ ਤੋਂ ਰਹਿਤ ਹੈ ਤੇ ਨਾਸ ਰਹਿਤ ਹੈ । ਉਹ ਚੇਤਨ ਅਤੇ ਜੜ੍ਹ ਸਭ ਨੂੰ ਦੇਣ ਵਾਲਾ ਹੈ, ਧਰਤੀ ਤੇ ਵੱਸਣ ਵਾਲੇ ਅਤੇ ਅਕਾਸ਼ ਵਿੱਚ ਵਸਦੇ ਜੀਵਾਂ ਨੂੰ ਵੀ ਉਹ ਦੇਂਦਾ ਹੈ । ਹੇ ਜੀਵ ! ਤੂੰ ਕਿਉਂ ਡੋਲਦਾ ਹੈਂ, ਤੇਰੀ ਸਾਰ ਸੁੰਦਰ ਗੁਣਾਂ ਵਾਲੇ ਅਕਾਲ ਪੁਰਖ ਜੀ ਆਪ ਲੈਂਦੇ ਹਨ ।

**ਰੋਗਨ ਤੇ ਅਰੁ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ ।**
**ਸੱਤ੍ਰ ਅਨੇਕ ਚਲਾਵਤ ਘਾਵ ਤਊ ਤਨਿ ਏਕੁ ਨ ਲਾਗਨ ਪਾਵੈ ।**
**ਰਾਖਤ ਹੈ ਅਪਨੋ ਕਰੁ ਦੈ ਕਰਿ ਪਾਪ ਸੰਬੂਹ ਨ ਭੇਟਨ ਪਾਵੈ ।**



ਗਾਲਦਾ ਹਾਂ । ਨਗ-ਪਰਬਤ । ਨਾਗ-ਸਰਪ । ਨਰਾਧਿਪ-ਸੂਰਿਆਂ ਦੇ ਸਰਦਾਰ ਜਾਂ ਰਾਜੇ । ਪੋਖਤ-ਖਾਣ, ਪਾਣ ਤੇ ਪਹਿਰਣ ਦੁਆਰਾ ਪਰਵਰਿਸ਼ । ਕਲਿ-ਕਲਜੁੱਗੀ ਜੀਵਾਂ ਦੇ ਦੋਖਨ-ਦੋਸ਼ੀਆਂ, ਗੁਨਾਹਗਾਰਾਂ

**ਅਰਥ :-** ਪ੍ਰਭੂ ਦੁੱਖੀਆਂ ਦੀ ਪ੍ਰਿਤਪਾਲਣਾ ਕਰਦਾ ਹੈ, ਨਿੱਤ ਸੰਤਾਂ ਦੀ ਰੱਖਿਆ ਕਰਦਾ ਹੈ ਅਤੇ ਤਕੜੇ ਵੈਰੀਆਂ ਨੂੰ ਗਾਲ ਦਿੰਦਾ ਹੈ । ਪੰਛੀਆਂ, ਪਸ਼ੂਆਂ, ਪਰਬਤਾਂ, ਸੱਪਾਂ ਤੇ ਸੂਰਿਆਂ ਦੇ ਸਰਦਾਰ ਅਥਵਾ ਰਾਜਿਆਂ ਦੀ ਹਰ ਸਮੇਂ ਸਭ ਦੀ ਪ੍ਰਿਤਪਾਲਣਾ ਕਰਦਾ ਹੈ। ਜਲਾਂ ਵਿੱਚ ਤੇ ਥਲਾਂ ਵਿੱਚ ਰਹਿਣ ਵਾਲੇ ਜੀਵਾਂ ਦੀ ਖਾਣ, ਪੀਣ ਤੇ ਪਹਿਰਣ ਰਾਹੀਂ ਪਰਵਰਿਸ਼ ਕਰਦਾ ਹੈ ਅਤੇ ਸਾਡੇ ਕਲਜੁੱਗੀ ਜੀਵਾਂ ਦੇ ਕਰਮਾਂ ਦੀ ਵਿਚਾਰ ਨਹੀਂ ਕਰਦਾ । ਭਾਵ ਪਾਲਣਾ ਪੋਸਣਾ ਕਰਨ ਸਮੇਂ ਸਾਡੇ ਕਰਮਾਂ ਨੂੰ ਨਹੀਂ ਚਿਤਾਰਦਾ । ਦੀਨਾਂ ਉਤੇ ਦਇਆਲਤਾ ਕਰਨ ਵਾਲਾ ਦਇਆ ਦਾ ਖਜ਼ਾਨਾ ਹੈ । ਉਹ ਸਾਡੇ ਪਾਪਾਂ ਨੂੰ ਵੇਖਦਾ ਹੋਇਆ ਵੀ ਸਾਨੂੰ ਰੋਜੀ ਦੇਣ ਤੋਂ ਪਿੱਛੇ ਨਹੀਂ ਹੱਟਦਾ ।

**ਦਾਹਤ ਹੈ ਦੁਖ ਦੋਖਨ ਕੋ ਦਲ ਦੁਜਨ ਕੇ ਪਲ ਮੈ ਦਲਿ ਡਾਰੈ ।**
**ਖੰਡ ਅਖੰਡ ਪ੍ਰਚੰਡ ਪ੍ਰਹਾਰਨ ਪੂਰਨ ਪ੍ਰੇਮ ਕੀ ਪ੍ਰੀਤਿ ਸੰਭਾਰੈ ।**
**ਪਾਰੁ ਨ ਪਾਇ ਸਕੈ ਪਦਮਾਪਤਿ ਬੇਦ ਕਤੇਬ ਅਭੇਦ ਉਚਾਰੈ ।**
**ਰੋਜੀ ਹੀ ਰਾਜ਼ ਬਿਲੋਕਤ ਰਾਜ਼ਿਕ ਰੋਖਿ ਰੂਹਾਨ ਕੀ ਰੋਜ਼ੀ ਨ ਟਾਰੈ ॥੨੪੪॥**

**ਪਦਅਰਥ :-** ਦਾਹਤ-ਸਾੜਦਾ । ਦੋਖਨ-ਪਾਪਾਂ । ਦੁਜਨ-ਵੈਰੀ । ਅਖੰਡ-ਨਾ ਖੰਡਿਤ ਹੋਣ ਵਾਲੇ । ਪਦਮਾ ਪਤਿ-ਲੱਛਮੀ ਦਾ ਪਤਿ । ਬਿਲੋਕਤ-ਵੇਖਦਾ । ਰਾਜ-ਭੇਦ । ਰਾਜ਼ਿਕ-ਰੋਜ਼ੀ ਦੇਣ ਵਾਲਾ । ਰੋਖਿ-ਕ੍ਰੋਧ ।

**ਅਰਥ :-** ਉਹ ਦੁੱਖਾਂ ਤੇ ਪਾਪਾਂ ਨੂੰ ਸਾੜ ਦਿੰਦਾ ਹੈ, ਵੈਰੀਆਂ ਦੇ ਦਲਾਂ ਨੂੰ ਪਲਾਂ ਵਿੱਚ ਹੀ ਦਲਮਲ ਦਿੰਦਾ ਹੈ । ਨਾ ਖੰਡਿਤ ਹੋਣ ਵਾਲੇ ਤੇਜ ਪ੍ਰਹਾਰ ਕਰਨ ਵਾਲਿਆਂ ਨੂੰ ਟੋਟੇ ਟੋਟੇ ਕਰ ਦਿੰਦਾ ਹੈ । ਲੱਛਮੀ-ਪਤਿ ਵਿਸ਼ਨੂੰ, ਵੇਦ ਅਤੇ ਕਤੇਬ ਆਦਿ ਪੁਸਤਕਾਂ ਉਸਦੇ ਭੇਦ ਨੂੰ ਨਹੀਂ ਉਚਾਰ ਸਕਦੇ । ਉਹ ਸਭ ਨੂੰ ਰੋਜ਼ੀ ਦੇਣ ਵਾਲਾ ਹੈ, ਸਾਰੇ ਜੀਵਾਂ ਦੇ ਗੁਪਤ ਭੇਦਾਂ ਨੂੰ ਵੇਖਦਾ ਹੈ ਤੇ ਕ੍ਰੋਧ ਵਿੱਚ ਆਕੇ ਜੀਵਾਂ ਦੀ ਰੋਜ਼ੀ ਬੰਦ ਨਹੀਂ ਕਰਦਾ।

**ਕੀਟ ਪਤੰਗ ਕੁਰੰਗ ਭੁਜੰਗਮ ਭੂਤ ਭਵਿੱਖ ਭਵਾਨ ਬਨਾਏ ।**
**ਦੇਵ ਅਦੇਵ ਖਪੇ ਅਹੰਮੇਵ ਨ ਭੇਦ ਲਖਿਓ ਭ੍ਰਮ ਸਿਉਂ ਭਰਮਾਏ ।**
**ਬੇਦ ਪੁਰਾਨ ਕਤੇਬ ਕੁਰਾਨ ਹਸੇਬ ਥਕੇ ਕਰਿ ਹਾਥਿ ਨ ਆਏ ।**
**ਪੂਰਨ ਪ੍ਰੇਮ ਪ੍ਰਭਾਉ ਬਿਨਾ ਪਤਿ ਸਿਉਂ ਕਿਨ ਸ੍ਰੀ ਪਦਮਾਪਤਿ ਪਾਏ ॥ ੨੪੫ ॥**

**ਪਦਅਰਥ :-** ਕੀਟ-ਕੀੜੇ । ਕੁਰੰਗ-ਹਿਰਨ । ਭੁਜੰਗਮ-ਸੱਪ । ਅਦੇਵ-ਦੈਂਤ। ਅਹੰਮੇਵ- ਅਹੰਕਾਰ । ਹਸੇਬ-ਹਿਸਾਬ । ਪ੍ਰਭਾਉ-ਲਗਾਉ । ਪਤਿ-ਇਜ਼ਤ।

**ਅਰਥ :-** ਕੀੜੇ, ਪਤੰਗੇ, ਹਿਰਨ, ਸੱਪ, ਬੀਤ ਚੁੱਕਾ ਸਮਾਂ, ਆਉਣ ਵਾਲਾ ਸਮਾਂ ਤੇ ਵਰਤਮਾਨ ਕਾਲ ਸਭ ਉਸੇ ਦੇ ਬਣਾਏ ਹੋਏ ਹਨ। ਦੇਵਤੇ ਤੇ ਦੈਂਤ ਹੰਕਾਰ ਕਰ ਕਰ ਕੇ ਮਰ ਗਏ ਹਨ ਪਰ ਭਰਮ ਵਿੱਚ ਪਏ ਹੋਏ ਭਰਮੀ ਉਸ ਦਾ ਭੇਦ ਨਹੀਂ ਪਾ ਸਕਦੇ । ਹਿੰਦੂ ਧਰਮ ਦੇ ਗ੍ਰੰਥ ਵੇਦ ਤੇ ਪੁਰਾਣ, ਮੁਸਲਮ ਧਰਮ ਦੀਆ ਧਾਰਮਿਕ



www.sridasamgranth.com

ਪੁਸਤਕਾਂ ਤੇ ਕੁਰਾਨ ਆਦਿ ਉਸਦਾ ਹਿਸਾਬ ਲਾ ਲਾ ਕੇ ਥੱਕ ਗਏ ਹਨ ਪਰ ਉਸਦਾ ਥਾਹ ਨਹੀਂ ਪਾ ਸਕੇ। ਪ੍ਰੇਮ ਦੇ ਪੂਰੇ ਲਗਾਉ ਬਿਨ੍ਹਾਂ ਦੱਸੋ ਕਿਸਨੇ ਵਾਹਿਗੁਰੂ ਦੀ ਪ੍ਰਾਪਤੀ ਕੀਤੀ ਹੈ ।

ਆਦਿ ਅਨੰਤ ਅਗਾਧਿ ਅਦ੍ਵੈਖ ਸੁ ਭੂਤ ਭਵਿੱਖ ਭਵਾਨ ਅਭੈ ਹੈ ।
ਅੰਤਿ ਬਿਹੀਨ ਅਨਾਤਮ ਆਪ ਅਦਾਗ ਅਦੋਖ ਅਛਿੱਦ੍ਰ ਅਛੈ ਹੈ ।
ਲੋਗਨ ਕੇ ਕਰਤਾ ਹਰਤਾ ਜਲ ਮੈਂ ਥਲ ਮੈਂ ਭਰਤਾ ਪ੍ਰਭ ਵੈ ਹੈ ।
ਦੀਨ ਦਇਆਲ ਦਇਆ ਕਰ ਸ੍ਰੀਪਤਿ ਸੁੰਦਰ ਸ੍ਰੀ ਪਦਮਾਪਤਿ ਏ ਹੈ ॥੨੪੬॥

ਪਦਅਰਥ :- ਅਗਾਧਿ-ਅਪਹੁੰਚ । ਅਦ੍ਵੈਖ-ਦੋਖ ਜਾਂ ਈਰਖਾ ਰਹਿਤ। ਅਭੈ-ਭੈ ਰਹਿਤ । ਅਨਾਤਮ-ਆਤਮਾ ਰਹਿਤ । ਅਦਾਗ-ਕਲੰਕ ਰਹਿਤ । ਅਦੋਖ-ਦੋਸ਼ ਰਹਿਤ । ਅਛਿਦ੍ਰ-ਛਿਦ੍ਰ ਰਹਿਤ । ਅਛੈ-ਨਾਸ ਰਹਿਤ । ਹਰਤਾ-ਨਾਸ ਕਰਨ ਵਾਲਾ। ਭਰਤਾ-ਭਰਨ ਵਾਲਾ । ਪ੍ਰਭ ਵੈ-ਉਹ ਪ੍ਰਭ ਆਪ ਹੀ ਹੈ ।

ਅਰਥ :- ਅਕਾਲ ਪੁਰਖ ਸਭ ਦਾ ਮੁੱਢ ਸਰੂਪ ਹੈ, ਅੰਤ ਰਹਿਤ ਹੈ, ਅਥਾਹ ਹੈ, ਈਰਖਾ ਰਹਿਤ ਹੈ, ਉਸਦਾ ਸਰੂਪ ਭੂਤ, ਭਵਿੱਖ ਤੇ ਵਰਤਮਾਨ ਤਿੰਨਾਂ ਕਾਲਾਂ ਦੇ ਭੈਅ ਤੋਂ ਰਹਿਤ ਹੈ । ਉਹ ਅੰਤ ਰਹਿਤ ਹੈ, ਆਤਮਾ ਤੋਂ ਰਹਿਤ ਹੈ, ਉਹ ਆਪ ਦਾਗ ਰਹਿਤ ਤੇ ਦੋਸ਼ ਰਹਿਤ ਹੈ, ਛੇਦਿਆ ਨਹੀਂ ਜਾ ਸਕਦਾ ਤੇ ਨਾਸ ਰਹਿਤ ਹੈ । ਲੋਕਾਂ ਨੂੰ ਪੈਦਾ ਕਰਨ ਵਾਲਾ ਹੈ ਤੇ ਨਾਸ ਕਰਨ ਵਾਲਾ ਹੀ ਹੈ। ਜਲ ਤੇ ਥਲ ਵਿੱਚ ਭਰਨ ਵਾਲਾ ਪ੍ਰਭੂ ਉਹ ਆਪ ਹੀ ਹੈ । ਮਜਲੂਮਾਂ ਤੇ ਦਇਆ ਕਰਨ ਵਾਲਾ ਸਦਾ ਦਿਆਲੂ ਹੈ । ਅਜਿਹੇ ਸੁੰਦਰ ਗੁਣਾਂ ਵਾਲਾ ਕਰਤਾਰ ਆਪ ਹੀ ਹੈ ।

ਕਾਮ ਨ ਕ੍ਰੋਧ ਨ ਲੋਭ ਨ ਮੋਹ ਨ ਰੋਗ ਨ ਸੋਗ ਨ ਭੋਗ ਨ ਭੈ ਹੈ ।
ਦੇਹ ਬਿਹੀਨ ਸਨੇਹ ਸਭੋ ਤਨ ਨੇਹ ਬਿਰਕਤ ਅਗੇਹ ਅਛੈ ਹੈ ।
ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈ ਹੈ ।
ਕਾਹੇ ਕੋ ਡੋਲਤ ਹੈ ਤੁਮਰੀ ਸੁਧਿ ਸੁੰਦਰ ਸ੍ਰੀ ਪਦਮਾਪਤਿ ਲੈ ਹੈ ॥ ੨੪੭ ॥

ਪਦਅਰਥ :- ਸਨੇਹ-ਪਿਆਰ । ਬਿਰਕਤ-ਤਿਆਗੀ । ਅਗੇਹ-ਘਰ ਰਹਿਤ। ਅਛੈ-ਨਾਸ ਰਹਿਤ । ਅਜਾਨ-ਜੜ੍ਹ । ਜਮੀਨ-ਧਰਤੀ । ਜਮਾਨ-ਅਕਾਸ਼

ਅਰਥ :- ਅਕਾਲ ਪੁਰਖ ਦੀ ਹਸਤੀ ਵਿਚ ਕਾਮ, ਕ੍ਰੋਧ, ਲੋਭ ਤੇ ਮੋਹ ਜਿਹੇ ਵਿਕਾਰ ਨਹੀਂ ਹਨ । ਉਹ ਰੋਗ ਰਹਿਤ, ਚਿੰਤਾ ਰਹਿਤ, ਭੋਗ ਅਤੇ ਡਰ ਤੋਂ ਰਹਿਤ ਹੈ, ਉਸਦੀ ਕੋਈ ਦੇਹ ਨਹੀਂ । ਉਹ ਸਾਰਿਆਂ ਸਰੀਰਾਂ ਨਾਲ ਪਿਆਰ ਕਰਦਾ ਹੈ, ਉਹ ਤਿਆਗੀ ਹੈ ਤੇ ਉਸਨੂੰ ਕਿਸੇ ਨਾਲ ਪਕੜ ਨਹੀਂ । ਉਹ ਘਰ ਤੋਂ ਰਹਿਤ ਹੈ ਤੇ ਨਾਸ ਰਹਿਤ ਹੈ । ਉਹ ਚੇਤਨ ਅਤੇ ਜੜ੍ਹ ਸਭ ਨੂੰ ਦੇਣ ਵਾਲਾ ਹੈ, ਧਰਤੀ ਤੇ ਵੱਸਣ ਵਾਲੇ ਅਤੇ ਅਕਾਸ਼ ਵਿੱਚ ਵਸਦੇ ਜੀਵਾਂ ਨੂੰ ਵੀ ਉਹ ਦੇਂਦਾ ਹੈ । ਹੇ ਜੀਵ ! ਤੂੰ ਕਿਉਂ ਡੋਲਦਾ ਹੈਂ, ਤੇਰੀ ਸਾਰ ਸੁੰਦਰ ਗੁਣਾਂ ਵਾਲੇ ਅਕਾਲ ਪੁਰਖ ਜੀ ਆਪ ਲੈਂਦੇ ਹਨ ।

ਰੋਗਨ ਤੇ ਅਰੁ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ ।
ਸੱਤ੍ਰ ਅਨੇਕ ਚਲਾਵਤ ਘਾਵ ਤਊ ਤਨਿ ਏਕੁ ਨ ਲਾਗਨ ਪਾਵੈ ।
ਰਾਖਤ ਹੈ ਅਪਨੋ ਕਰੁ ਦੈ ਕਰਿ ਪਾਪ ਸੰਬੂਹ ਨ ਭੇਟਨ ਪਾਵੈ ।



ਔਰ ਕੀ ਬਾਤ ਕਹਾ ਕਹੋਂ ਤੋਂ ਸੌ ਸੁ ਪੇਟ ਹੀ ਕੇ ਪਟ ਬੀਚ ਬਚਾਵੈ॥੨੪੮॥

ਪਦਅਰਥ :- ਰੋਗਨ-ਰੋਗਾਂ । ਸੋਗਨ-ਚਿੰਤਾਵਾਂ । ਜਲ ਜੋਗਨ-ਜਲ ਦੇ ਜੀਵ। ਸੱਤ੍ਰ-ਵੈਰੀ । ਘਾਵ-ਜ਼ਖ਼ਮ । ਕਰੁ-ਹੱਥ । ਸੰਬੂਹ-ਸਾਰੇ

ਅਰਥ :- ਅਕਾਲ ਪੁਰਖ ਜੀ ਅਨੇਕ ਤਰ੍ਹਾਂ ਦੇ ਨਾਲ ਰੋਗਾਂ, ਚਿੰਤਾਵਾਂ ਤੇ ਜਲ ਦੇ ਜੀਵਾਂ ਤੋਂ ਬਚਾਕੇ ਰੱਖਿਆ ਕਰਦੇ ਹਨ । ਵੈਰੀ ਅਨੇਕਾਂ ਤਰ੍ਹਾਂ ਨਾਲ ਸਾਨੂੰ ਘਾਉ ਲਗਾਉਣ ਦਾ ਜਤਨ ਕਰਦੇ ਹਨ ਪਰ ਉਸਦੀ ਮਿਹਰ ਹੋਵੇ ਤਾਂ ਸਰੀਰ ਉਤੇ ਇਕ ਵੀ ਜਖ਼ਮ ਨਹੀਂ ਲੱਗ ਪਾਉਂਦਾ । ਉਹ ਆਪਣਾ ਹੱਥ ਦੇ ਕੇ ਰੱਖਿਆ ਕਰਦੇ ਹਨ ਅਤੇ ਸਾਰੇ ਪਾਪਾਂ ਵਿਚੋਂ ਕੋਈ ਵੀ ਛੂਹ ਨਹੀਂ ਸਕਦਾ । ਹੋਰ ਕੀ ਗੱਲ ਤੈਨੂੰ ਕਰਾਂ ਮੈਂ, ਮਾਂ ਦੇ ਪੇਟ ਦੇ ਪੜਦੇ ਵਿੱਚ ਭੀ ਬੱਚੇ ਨੂੰ ਉਹੀ ਬਚਾਉਂਦਾ ਹੈ ।

ਜੱਛ ਭੁਜੰਗ ਸੁ ਦਾਨਵ ਦੇਵ ਅਭੇਵ ਤੁਮੈ ਸਭ ਹੀ ਕਰ ਧਿਆਵੈਂ ।
ਭੂਮਿ ਅਕਾਸ ਪਤਾਲ ਰਸਾਤਲ ਜੱਛ ਭੁਜੰਗ ਸਭੈ ਸਿਰ ਨਿਆਵੈਂ ।
ਪਾਇ ਸਕੈ ਨਹੀਂ ਪਾਰ ਪ੍ਰਭਾ ਹੂੰ ਕੋ ਨੇਤਿ ਹੀ ਨੇਤਹ ਬੇਦ ਬਤਾਵੈਂ ।
ਖੋਜ ਥਕੇ ਸਭ ਹੀ ਖੁਜੀਆਸੁਰ ਹਾਰ ਪਰੇ ਹਰਿ ਹਾਥ ਨ ਆਵੈਂ ॥੨੪੯॥

ਪਦਅਰਥ :- ਜੱਛ-ਇੰਦਰ ਦੀ ਸਭਾ ਦੇ ਵਾਜੰਤਰੀ । ਭੁਜੰਗ-ਸੱਪ । ਦਾਨਵ-ਦੈਂਤ । ਦੇਵ-ਦੇਵਤੇ । ਅਭੇਵ-ਭੇਦ ਰਹਿਤ । ਰਸਾਤਲ-ਹੇਠਾਂ (ਪਤਾਲ ਦੇ) ਪ੍ਰਭਾ ਹੂੰ-ਪ੍ਰਭੁਤਾ ਜਾਂ ਵਡਿਆਈ । ਖੁਜੀਆ-ਖੋਜੀ । ਸੁਰ-ਦੇਵਤੇ

ਅਰਥ :- ਹੇ ਭੇਦ ਰਹਿਤ ਪ੍ਰਭੂ ਜੀ, ਇੰਦਰ ਦੀ ਸਭਾ ਦੇ ਵਾਜੰਤਰੀ, ਸੱਪ, ਦੈਂਤ ਤੇ ਦੇਵਤੇ ਸਾਰੇ ਹੀ ਤੈਨੂੰ ਧਿਆਉਂਦੇ ਹਨ । ਧਰਤੀ, ਅਕਾਸ਼, ਪਤਾਲ ਤੇ ਪਤਾਲਾਂ ਦੇ ਹੇਠਾਂ ਰਹਿਣ ਵਾਲੇ, ਜੱਛ ਤੇ ਸੱਪ ਸਾਰੇ ਆਪ ਜੀ ਅੱਗੇ ਸਿਰ ਨਿਵਾਉਂਦੇ ਹਨ । ਇਹ ਸਾਰੇ ਵਾਹਿਗੁਰੂ ਜੀ ਤੇਰੀ ਵਡਿਆਈ ਦਾ ਪਾਰ ਨਹੀਂ ਪਾ ਸਕੇ ਅਤੇ ਵੇਦ ਵੀ ਤੈਨੂੰ ਬੇਅੰਤ ਬੇਅੰਤ ਆਖਦੇ ਹਨ । ਸਾਰੇ ਖੋਜੀ ਤੇ ਦੇਵਤੇ ਤੇਰੀ ਖੋਜ ਕਰਕੇ ਹਾਰ ਕੇ ਥੱਕ ਗਏ ਪਰ ਹੇ ਹਰੀ ਜੀ ਤੁਸੀਂ ਕਿਸੇ ਦੇ ਹੱਥ ਨਹੀਂ ਆਏ ਭਾਵ ਤੇਰਾ ਕੋਈ ਭੇਦ ਨਹੀਂ ਲੱਭ ਸਕਿਆ ।

ਨਾਰਦ ਸੇ ਚਤੁਰਾਨਨ ਸੇ ਰੁਮਨਾਰਿਖ ਸੇ ਸਭਹੂੰ ਮਿਲਿ ਗਾਇਓ ।
ਬੇਦ ਕਤੇਬ ਨ ਭੇਦ ਲਖਿਓ ਸਭ ਹਾਰਿ ਪਰੇ ਹਰਿ ਹਾਥਿ ਨ ਆਇਓ ।
ਪਾਇ ਸਕੈ ਨਹੀਂ ਪਾਰ ਉਮਾਪਤਿ ਸਿੱਧ ਸਨਾਥ ਸਨੰਤਨ ਧਿਆਇਓ ।
ਧਿਆਨ ਧਰੋ ਤਿਹ ਕੋ ਮਨ ਮੈ ਜਿਹ ਕੋ ਅਮਿਤੋਜ ਸਭੈ ਜਗਿ ਛਾਇਓ ॥੨੫੦॥

ਪਦਅਰਥ :- ਚਤੁਰਾਨਨ-ਚਾਰ ਮੂੰਹਾਂ ਵਾਲਾ ਬ੍ਰਹਮਾ, ਰੁਮਨਾਰਿਖ-ਲੋਮਸ ਰਿਸ਼ੀ । ਉਮਾਪਤਿ-ਸ਼ਿਵਜੀ । ਸਨਾਥ-ਨਾਥਾਂ ਸਹਿਤ । ਸਨੰਤਨ-ਸਨਕ, ਸਨੰਦਨ ਆਦਿ । ਅਮਿਤੋਜ-ਤੇਜ ਪ੍ਰਤਾਪ ।

ਅਰਥ :- ਨਾਰਦ ਜਿਹੇ, ਬ੍ਰਹਮਾ ਵਰਗੇ ਤੇ ਲੋਮਸ ਜਿਹੇ ਰਿਸ਼ੀ ਸਾਰੇ ਮਿਲਕੇ ਤੇਰਾ ਗਾਇਨ ਕਰਦੇ ਹਨ । ਵੇਦ ਤੇ ਮੁਸਲਮਾਨੀ ਧਾਰਮਿਕ ਪੁਸਤਕਾਂ ਨੇ ਤੇਰਾ ਭੇਦ ਨਹੀਂ ਪਾਇਆ । ਸਭ ਹਾਰ ਗਏ ਹਨ ਤੇ ਹੇ ਵਾਹਿਗੁਰੂ ਜੀ ! ਤੁਸੀਂ ਉਨ੍ਹਾਂ ਦੇ ਹੱਥ



www.sridasamgranth.com

ਨਹੀਂ ਆਏ। ਉਮਾਪਤਿ ਸ਼ਿਵ, ਸਿੱਧ ਤੇ ਨਾਥਾਂ ਸਮੇਤ ਸਨਕ ਸਨੰਦਨ (ਬ੍ਰਹਮਾਂ ਦੇ ਪੁੱਤਰਾਂ) ਤੇਰਾ ਪਾਰ ਨਹੀਂ ਪਾ ਸਕੇ ਤੇ ਤੈਨੂੰ ਧਿਆਉਂਦੇ ਹਨ । ਉਸੇ ਦਾ ਧਿਆਨ ਮਨ ਵਿੱਚ ਧਾਰਨ ਕਰੋ ਜਿਸਦਾ ਤੇਜ ਪ੍ਰਤਾਪ ਸੰਸਾਰ ਵਿੱਚ ਫੈਲਿਆ ਹੋਇਆ ਹੈ ।

ਬੇਦ ਪੁਰਾਨ ਕਤੇਬ ਕੁਰਾਨ ਅਭੇਦ ਨ੍ਰਿਪਾਨ ਸਭੈ ਪਚਿਹਾਰੇ ।
ਭੇਦ ਨ ਪਾਇ ਸਕਿਓ ਅਨਭੇਦ ਕੋ, ਖੇਦਤ ਹੈ ਅਨਛੇਦ ਪੁਕਾਰੇ ।
ਰਾਗ ਨ ਰੂਪ ਨ ਰੇਖ ਨ ਰੰਗ ਨ ਸਾਕ ਨ ਸੋਗ ਨ ਸੰਗ ਤਿਹਾਰੇ ।
ਆਦਿ ਅਨਾਦਿ ਅਗਾਧਿ ਅਭੇਖ ਅਦ੍ਵੈਖ ਜਪਿਓ ਤਿਨ ਹੀ ਕੁਲ ਤਾਰੇ ॥੨੫੧)

ਪਦਅਰਥ :- ਅਭੇਦ-ਬੇਅੰਤ । ਨ੍ਰਿਪਾਨ-ਰਾਜੇ ਮਹਾਰਾਜੇ । ਪਚਿਹਾਰੇ-ਖਪਕੇ ਮਰ ਗਏ । ਅਨਭੇਦ-ਭੇਦ ਰਹਿਤ । ਖੇਦਤ-ਦੁੱਖੀ ਹੋ ਕੇ ਜਾਂ ਅੱਕ ਕੇ । ਅਨਛੇਦ-ਨਾ ਛੇਦੇ ਜਾ ਸਕਣ ਵਾਲੇ । ਰਾਗ-ਪ੍ਰੀਤ । ਕੁੱਲ-ਖਾਨਦਾਨ ।

ਅਰਥ :- ਵੇਦ, ਪੁਰਾਨ ਤੇ ਮੁਸਲਮਾਨੀ ਧਰਮ ਦੀਆਂ ਪੁਸਤਕਾਂ ਕੁਰਾਨ ਆਦਿ ਤੇ ਬੇਅੰਤ ਰਾਜੇ ਮਹਾਰਾਜੇ ਖਪ ਖਪ ਕੇ ਮਰ ਗਏ ਪਰ ਉਹ ਭੇਦ ਰਹਿਤ ਅਕਾਲ ਪੁਰਖ ਦਾ ਭੇਦ ਨਹੀਂ ਪਾ ਸਕੇ ਅਤੇ ਅੱਕ ਕੇ ਇਹੀ ਪੁਕਾਰਦੇ ਹਨ, ਤੂੰ ਅਛੇਦ ਜਾਂ ਨਾ ਛੇਦਿਆ ਜਾ ਸਕਨ ਵਾਲਾ ਹੈਂ । ਉਸਨੂੰ ਪ੍ਰੇਮ ਨਹੀਂ, ਉਸਦਾ ਕੋਈ ਰੂਪ ਨਹੀਂ, ਰੇਖ ਜਾਂ ਚਿੰਨ੍ਹ, ਨਹੀਂ ਕੋਈ ਲਗਾਉ ਨਹੀਂ, ਕੋਈ ਸਾਕ ਨਹੀਂ, ਕੋਈ ਸੋਗ ਜਾਂ ਚਿੰਤਾ ਨਹੀਂ ਤੇ ਨਾ ਹੀ ਤੇਰਾ ਸਾਥੀ ਹੈ । ਜਿਨ੍ਹਾਂ ਨੇ ਸਭ ਦੇ ਮੁੱਢ ਸਰੂਪ, ਆਦਿ ਰਹਿਤ, ਥਾਹ-ਰਹਿਤ, ਭੇਖ ਰਹਿਤ ਤੇ ਦ੍ਵੈਤ ਰਹਿਤ ਅਕਾਲ ਪੁਰਖ ਨੂੰ ਜਪਿਆ ਉਸਨੇ ਆਪਣੀਆਂ ਕੁੱਲਾਂ ਤਾਰ ਲਈਆਂ ।

ਤੀਰਥ ਕੋਟ ਕੀਏ ਇਸਨਾਨ ਦੀਏ ਬਹੁ ਦਾਨ ਮਹਾਂ ਬ੍ਰਤ ਧਾਰੇ ।
ਦੇਸ ਫਿਰਿਓ ਕਰ ਭੇਸ ਤਪੋਧਨ ਕੇਸ ਧਰੇ ਨ ਮਿਲੇ ਹਰਿ ਪਿਆਰੇ ।
ਆਸਨ ਕੋਟਿ ਕਰੇ ਅਸਟਾਂਗ ਧਰੇ ਬਹੁ ਨਿਆਸ ਕਰੇ ਮੁੱਖ ਕਾਰੇ ।
ਦੀਨ ਦਇਆਲ ਅਕਾਲ ਭਜੇ ਬਿਨੁ ਅੰਤ ਕੋ ਅੰਤ ਕੇ ਧਾਮ ਸਿਧਾਰੇ ॥੨੫੨॥

ਪਦਅਰਥ :- ਮਹਾਂਬ੍ਰਤ-ਵੱਡੇ ਵੱਡੇ ਵਰਤ । ਤਪੋਧਨ-ਤਪੀਸਰ । ਆਸਨ-ਜੋਗ ਸਾਧਨਾਂ ਦੇ ਆਸਨ । ਅਸਟਾਂਗ-ਜੋਗ ਦੇ ਅੱਠ ਅੰਗ । ਨਿਆਸ-ਅੰਗਾਂ ਨੂੰ ਛੂਹ ਕੇ ਮੰਤਰਾਂ ਦਾ ਉਚਾਰਣ ਕਰਨਾ ।

ਅਰਥ :- ਕਰੋੜਾਂ ਤੀਰਥਾਂ ਤੇ ਇਸ਼ਨਾਨ ਕੀਤੇ, ਬਹੁਤ ਦਾਨ ਕੀਤੇ ਅਤੇ ਵੱਡੇ ਵੱਡੇ ਵਰਤ ਧਾਰਨ ਕੀਤੇ, ਦੇਸ-ਦਿਸਾਂਤਰਾਂ ਵਿੱਚ ਵੀ ਘੁੰਮਿਆ, ਤਪੀਸਰ ਦਾ ਭੇਸ ਕਰਦੇ ਰਿਹਾ, ਜਟਾਵਾਂ ਵਧਾ ਲਈਆਂ, ਤਾਂ ਵੀ ਪਿਆਰਿਓ ਹਰੀ ਦਾ ਮੇਲ ਨਹੀਂ ਹੋਵੇਗਾ। ਕਰੋੜਾਂ ਪ੍ਰਕਾਰ ਦੇ ਜੋਗ ਸਾਧਨਾਂ ਦੇ ਆਸਨ ਕਰਕੇ, ਜੋਗ ਦੇ ਅੱਠ ਅੰਗ ਧਾਰਨ ਕਰਕੇ, ਆਪਣੇ ਸਰੀਰ ਦੇ ਅੰਗਾਂ ਨੂੰ ਛੂਹ ਕੇ ਮੰਤਰਾਂ ਦਾ ਉਚਾਰਣ ਕਰੇ, ਮੂੰਹ ਵੀ ਕਾਲੇ ਕੀਤੇ ਪਰ ਦੀਨਾਂ ਤੇ ਦਇਆ ਕਰਨ ਵਾਲੇ ਅਕਾਲ ਪ੍ਰਭੂ ਦਾ ਭਜਨ ਕਰੇ ਬਿਨਾਂ ਅੰਤ ਨੂੰ ਆਪਣੇ ਅੰਤ ਦੇ ਧਾਮ ਵਿੱਚ ਹੀ ਸਿਧਾਰ ਜਾਣਗੇ । ਅਰਥਾਤ ਜਮਰਾਜ ਦੇ ਵਸ ਪੈਣਗੇ।

## ਤ੍ਵਪ੍ਰਸਾਦਿ । ਕਬਿੱਤ



ਅਤ੍ਰ ਕੇ ਚਲੱਯਾ ਛਿਤ੍ਰ ਛਤ੍ਰ ਕੇ ਧਰੱਯਾ
ਛਤ੍ਰ ਧਾਰੀਓ ਕੇ ਛਲੱਯਾ ਮਹਾਂ ਸਤ੍ਰਨ ਕੇ ਸਾਲ ਹੈਂ ।
ਦਾਨ ਕੇ ਦਿਵੱਯਾ ਮਹਾਂ ਮਾਨ ਕੇ ਬਢਯਾ
ਅਵਸਾਨ ਕੇ ਦਿੱਵਯਾ ਹੈਂ, ਕਟੱਯਾ ਜਮ ਜਾਲ ਹੈਂ ।
ਜੁੱਧ ਕੇ ਜਿਤੱਯਾ ਅਉ ਬਿਰੁਧ ਕੇ ਮਿਟਯਾ
ਮਹਾਂ ਬੁੱਧਿ ਕੇ ਦਿਵੱਯਾ ਮਹਾਂ ਮਾਨ ਹੂੰ ਕੇ ਮਾਨ ਹੈਂ ।
ਗਿਆਨ ਹੂੰ ਕੇ ਗਿਆਤਾ ਮਹਾਂ ਬੁਧਿਤਾ ਕੇ ਦਾਤਾ ਦੇਵ
ਕਾਲ ਹੂੰ ਕੇ ਕਾਲ ਮਹਾਂ ਕਾਲ ਹੂੰ ਕੇ ਕਾਲ ਹੈਂ ॥੨੫੩॥

ਪਦਅਰਥ :- ਅਤ੍ਰ-ਅਸਤ੍ਰ ਜਾਂ ਸੁੱਟਕੇ ਮਾਰਨ ਵਾਲੇ ਹਥਿਆਰ । ਛਿਤ੍ਰ-ਧਰਤੀ । ਸਤ੍ਰਨ-ਦੁਸ਼ਮਣ । ਮਾਨ-ਇਜ਼ਤ ਰਸੂਖ ਵਾਲੇ । ਅਵਸਾਨ-ਸੁਰਤ ਮੱਤ । ਬਿਰੁਧ-ਵਿਰੋਧ ਜਾਂ ਜੰਗ । ਕਾਲ-ਮੌਤ । ਮਹਾਂ ਕਾਲ-ਸਭ ਦਾ ਕਾਲ ।

ਅਰਥ :- ਅਸਤਰਾਂ ਦੇ ਚਲਾਉਣ ਵਾਲੇ, ਧਰਤੀ ਤੇ ਵੱਡੇ ਵੱਡੇ ਛੱਤਰ ਧਾਰਨ ਵਾਲੇ, ਛਤ੍ਰ ਧਾਰੀਆਂ ਨੂੰ ਵੀ ਛਲਨ ਵਾਲੇ ਤੇ ਵੱਡੇ ਦੁਸ਼ਮਣਾਂ ਨੂੰ ਵੀ ਸੱਲਣ ਵਾਲੇ ਹੋ । ਦਾਨ ਦੇ ਦੇਣ ਵਾਲੇ, ਵੱਡੇ, ਵੱਡੇ ਇਜ਼ਤ ਰਸੂਖ ਵਧਾਣ ਵਾਲੇ, ਸੁਰਤ ਮੱਤ ਦੇ ਦੇਣ ਵਾਲੇ ਹੋ ਅਤੇ ਜਮਾਂ ਦੀ ਫਾਹੀ ਨੂੰ ਕੱਟਣ ਵਾਲੇ ਹੋ । ਜੁੱਧ ਜਾਂ ਜੰਗ ਦੇ ਜਿਤਣ ਵਾਲੇ ਅਤੇ ਵਿਰੋਧ ਦੇ ਮਿਟਾਉਣ ਵਾਲੇ, ਵੱਡੀ ਬੁੱਧੀ ਜਾਂ ਗਿਆਨ ਦੇ ਦੇਣ ਵਾਲੇ ਅੰਤ ਵੱਡੀ ਇਜ਼ਤ ਮਾਣ ਦੇ ਵੀ ਮਾਣ ਹੋ । ਗਿਆਨ ਦੇ ਜਾਨਣ ਵਾਲੇ ਹੋ, ਉੱਤਮ ਬੁੱਧਤਾਈ ਦੇ ਦੇਣ ਵਾਲੇ ਹੋ । ਕਾਲ ਜਾਂ ਮੌਤ ਦੀ ਵੀ ਮੌਤ ਹੋ ਅਤੇ ਮਹਾਂਕਾਲ ਦੇ ਵੀ ਕਾਲ ਹੋ ।

ਪੂਰਬੀ ਨ ਪਾਰ ਪਾਵੈਂ ਹਿੰਗੁਲਾ ਹਿਮਾਲੇ ਧਿਆਵੈਂ
ਗੋਰਿ ਗਰਦੇਜੀ ਗੁਨ ਗਾਵੇ ਤੇਰੇ ਨਾਮ ਹੈਂ ।
ਜੋਗੀ ਜੋਗ ਸਾਧੈ ਪਉਨ ਸਾਧਨਾ ਕਿਤੇਕ ਬਾਧੈਂ
ਆਰੱਬ ਕੇ ਆਰੱਬੀ ਅਰਾਧੇ ਤੇਰੇ ਨਾਮ ਹੈਂ ।
ਫਰਾਂ ਕੇ ਫਿਰੰਗੀ ਮਾਨੇ ਕੰਧਾਰੀ ਕੁਰੇਸ਼ੀ ਜਾਨੈਂ
ਪੱਛਮ ਕੇ ਪੱਛਮੀ ਪਛਾਨੈ ਨਿਜ ਕਾਮ ਹੈਂ ।
ਮਰਹੱਟਾ ਮਘੇਲੇ ਤੇਰੀ ਮਨ ਸੋ ਤਪੱਸਿਆ ਕਰੈਂ
ਦ੍ਰਿੜ੍ਹਵੈਂ ਤਿਲੰਗੀ ਪਹਚਾਨੇ ਧਰਮ ਧਾਮ ਹੈਂ ॥੨੫੪॥

ਪਦਅਰਥ :- ਹਿੰਗੁਲਾ-ਹਿੰਗੋਲੀ (ਹਿੰਗੁਲਾ ਪਰਬਤ ਦੇ ਵਾਸੀ) ਹਿਮਾਲੇ-ਹਿਮਾਲਾ ਪਰਬਤ ਦੇ ਵਾਸੀ । ਗੋਰਿ-ਗੋਰ ਦੇਸ ਜੋ ਗਜ਼ਨੀ ਤੇ ਹਰਾਤ ਵਿਚਕਾਰ ਹੈ ਦੇ ਵਾਸੀ । ਗਰਦੇਜੀ-ਗਜਨੀ ਦੇ ਨੇੜੇ ਦਾ ਇਕ ਇਲਾਕਾ ਗਰਦੇਜ ਵਾਸੀ। ਕਿਤੇਕ-ਕਿਤਨੇ ਹੀ । ਆਰੱਬੀ-ਅਰਬੀ ਲੋਕ । ਫਰਾਂ-ਫਰਾਂਸ ਦੇਸ, ਫਿਰੰਗੀ-ਗੋਰੇ । ਕੁਰੈਸ਼ੀ-ਅਰਬ ਦੇਸ ਅੰਦਰ ਮੱਕੇ ਦੇ ਇਰਦ ਗਿਰਦ ਵੱਸਣ ਵਾਲਾ ਇਕ ਕਬੀਲਾ (ਹਜ਼ਰਤ ਮੁਹੰਮਦ ਸਾਹਿਬ ਦਾ ਭਾਈਚਾਰਾ) ਨਿਜ ਧਰਮ-ਆਪਣਾ ਧਰਮ ਜਾਂ ਫਰਜ । ਮਰਹੱਟਾ-ਮਹਾਰਾਸ਼ਟਰ ਦੇ ਵਾਸੀ (ਮਰਾਠੇ) । ਮਘੇਲੇ-ਮਗਹਰ ਜਾਂ ਮਾਘ ਦੇਸ ਦੇ ਲੋਕ । ਦ੍ਰਿੜ੍ਹਵੈਂ-ਦਰਾਵੜ ਵਾਸੀ । ਤਿਲੰਗੀ-ਤਿਲੰਗਾਨਾ (ਮਦਰਾਸ) ਦੇ ਵਾਸੀ ।

ਅਰਥ :-ਪੂਰਬ ਵਾਸੀ ਤੇਰਾ ਪਾਰ ਨਹੀਂ ਪਾ ਸਕੇ । ਹਿੰਗੁਲਾ ਤੇ ਹਿਮਾਲਾ



www.sridasamgranth.com

ਪਰਬਤ ਦੇ ਵਾਸੀ ਤੇਰਾ ਨਾਮ ਧਿਆਉਂਦੇ ਹਨ । ਗੋਰ ਦੇਸ ਜੋ ਗਜ਼ਨੀ ਤੇ ਹਰਾਤ ਦੇ ਵਿਚਕਾਰ ਹੈ ਦੇ ਵਸਨੀਕ, ਗਜ਼ਨੀ ਦੇ ਨੇੜੇ ਗਰਦੇਜ਼ ਸ਼ਹਿਰ ਦੇ ਵਸਨੀਕ ਸਾਰੇ ਤੇਰੇ ਨਾਮ ਦੇ ਹੀ ਗੁਣ ਗਾਉਂਦੇ ਹਨ । ਜੋਗੀ ਜੋ ਜੋਗ ਸਾਧਨਾਂ ਸਾਧਦੇ ਹਨ ਕਿਤਨੇ ਹੀ ਜੋ ਪ੍ਰਾਣਾਯਾਮ ਕਰਦੇ ਹਨ, ਮਾਨੋ ਤੈਨੂੰ ਹੀ ਪ੍ਰਸੰਨ ਕਰਨ ਦਾ ਜਤਨ ਕਰ ਰਹੇ ਹਨ । ਅਰਬ ਦੇਸ ਦੇ ਅਰਬੀ ਲੋਕ ਤੇਰੇ ਨਾਮ ਨੂੰ ਹੀ ਆਰਧਦੇ ਹਨ । ਫਰਾਂਸ ਦੇ ਫਰਾਂਸੀਸੀ ਗੋਰੇ ਤੈਨੂੰ ਹੀ ਮੰਨਦੇ ਹਨ । ਕੰਧਾਰ ਵਾਸੀ ਤੇ ਅਰਬ ਦੇਸ ਅੰਦਰ ਮੱਕੇ ਦੇ ਇਰਦ ਗਿਰਦ ਵੱਸਣ ਵਾਲੇ ਇਕ ਕਬੀਲੇ ਦੇ ਲੋਕ (ਕੁਰੈਸ਼ੀ) ਤੇਰੇ ਨਾਮ ਨੂੰ ਹੀ ਜਾਣਦੇ ਹਨ। ਪੱਛਮ ਦੇਸ ਦੇ ਲੋਕ ਆਪਣੇ ਧਾਰਮਿਕ ਫਰਜ ਨੂੰ ਪਛਾਣਦੇ ਹਨ । ਮਰਾਠੇ ਲੋਕ ਤੇ ਮਘੇਲੇ ਮਨ ਨਾਲ ਤੇਰੀ ਤਪੱਸਿਆ ਕਰ ਰਹੇ ਹਨ ਜਾਂ ਅਰਾਧ ਰਹੇ ਹਨ । ਦਰਾਵੜ ਵਾਸੀ ਤੇ ਤਿਲੰਗਾਨਾ ਵਾਸੀ ਤੈਨੂੰ ਹੀ ਧਰਮ ਦਾ ਘਰ ਕਰਕੇ ਪਛਾਣਦੇ ਹਨ ।

**ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾ ਵਾਲੀ**
**ਦਿੱਲੀ ਕੇ ਦਿਲਵਾਲੀ ਤੇਰੀ ਆਗਿਆ ਮੈਂ ਚਲਤ ਹੈਂ ।**
**ਰੋਹ ਕੇ ਰੁਹੇਲੇ ਮਾਘ ਦੇਸ ਦੇ ਮਘੇਲੇ ਬੀਰ**
**ਬੰਗਸ਼ੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈ ;**
**ਗੋਖਾ ਗੁਨ ਗਾਵੈਂ ਚੀਨ ਮਚੀਨ ਕੇ ਸੀਸ ਨਯਾਵੈਂ ।**
**ਤਿੱਬਤੀ ਧਿਆਇ ਦੋਖ ਦੇਹ ਕੇ ਦਲਤ ਹੈਂ ।**
**ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ**
**ਸਰਬ ਧਨ ਧਾਮ ਫਲ ਫੂਲ ਸੋ ਫਲਤ ਹੈਂ ॥੨੫੫॥**

**ਪਦਅਰਥ** :-ਬੰਗ-ਬੰਗਾਲ ਦਾ ਪੁਰਾਣਾ ਨਾਮ ਬੰਗ ਦੇਸ । ਫਿਰਹੰਗ-ਯੂਰਪ ਦੇਸ਼ । ਫਿਰੰਗਾ ਵਾਲੀ-ਯੂਰਪ ਜਾਂ ਪੱਛਮ ਦੇ ਗੋਰੇ ਲੋਕ । ਬੰਗਸ਼ੀ-ਕੁਰਮ ਤੇ ਕੋਹਾਟ ਦਾ ਇਲਾਕਾ ਬੰਗਸ਼ ਅਖਵਾਉਂਦਾ ਹੈ । ਬੂੰਦੇਲੇ-ਬੁੰਧੇਲ ਖੰਡ ਦੇ ਲੋਕ । ਗੋਖਾ-ਗੋਰਖਾ ਜਾਂ ਨੇਪਾਲੀ ਲੋਕ । ਮਚੀਨ-ਬਰਮਾ ਦਾ ਚੀਨ ਨਾਲ ਲਗਦਾ ਇਲਾਕਾ ਮਚੀਨ ਆਖਿਆ ਜਾਂਦਾ ਸੀ ।

**ਅਰਥ** :-ਬੰਗਾਲ ਦੇਸ਼ ਦੇ ਬੰਗਾਲੀ, ਯੂਰਪ ਦੇ ਗੋਰੇ ਲੋਕ, ਦਿੱਲੀ ਦੇ ਦਿਲਵਾਲੀ ਸਾਰੇ ਤੇਰੇ ਹੁਕਮ ਅੰਦਰ ਵਿਚਰ ਰਹੇ ਹਨ । ਰੋਹੂ ਪਹਾੜ ਦੇ ਰੁਹੇਲੇ, ਮਾਘ ਦੇਸ਼ ਦੇ ਬਹਾਦਰ ਮਘੇਲੇ ਲੋਕ, ਕੁਰਮ ਤੇ ਕੁਹਾਟ ਦੇ ਇਲਾਕੇ ਦੇ ਬੰਗਸ਼ੀ ਲੋਕ ਅਤੇ ਬੁੰਧੇਲ ਖੰਡ ਦੇ ਵਾਸੀ ਤੇਰਾ ਨਾਮ ਜਪਕੇ ਸਮੂੰਹ ਪਾਪਾਂ ਦਾ ਨਾਸ਼ ਕਰ ਰਹੇ ਹਨ । ਨੇਪਾਲ ਦੇ ਗੋਰਖੇ ਵੀ ਤੇਰਾ ਹੀ ਗੁਣ ਗਾਉਂਦੇ ਹਨ । ਚੀਨ ਤੇ ਬਰਮਾ ਦਾ ਚੀਨ ਨਾਲ ਲਗਦਾ ਪ੍ਰਦੇਸ ਦੇ ਇਲਾਕੇ ਦੇ ਲੋਕ ਸਭ ਤੇਰੇ ਅੱਗੇ ਸਿਰ ਨਿਵਾਉਂਦੇ ਹਨ । ਤਿੱਬਤੀ ਲੋਕ ਤੇਰਾ ਨਾਮ ਧਿਆਇ ਕੇ ਆਪਣੇ ਸਰੀਰਾਂ ਦੇ ਦੁੱਖਾਂ ਨੂੰ ਨਾਸ ਕਰਦੇ ਹਨ । ਹੇ ਵਾਹਿਗੁਰੂ ਜੀ, ਜਿਸ ਜਿਸ ਨੇ ਵੀ ਤੈਨੂੰ ਧਿਆਇਆ ਹੈ ਉਸਨੇ ਪੂਰਨ ਪ੍ਰਤਾਪ ਜਾਂ ਵਡਿਆਈ ਨੂੰ ਪ੍ਰਾਪਤ ਕੀਤਾ ਹੈ ਅਤੇ ਸਾਂਰੇ ਧਨ ਦੇ ਘਰ ਤੇ ਫਲਾਂ-ਫੁੱਲਾਂ ਨਾਲ ਪ੍ਰਫੁੱਲਤ ਹੋਇਆ ਹੈ ।

**ਦੇਵਤਾਨ ਕੋ, ਸੁਰੇਸ਼ ਦਾਨਵਾਨ ਕੋ**
**ਮਹੇਸ਼ ਗੰਗ ਧਾਨ ਕੋ ਅਭੇਸ ਕਹੀਅਤੁ ਹੈ ।**



**ਰੰਗ ਮੇ ਰੰਗੀਨ ਰਾਗ ਰੂਪ ਮੇਂ ਪ੍ਰਬੀਨ**
**ਔਰ ਕਾਹੂੰ ਪੈ ਨ ਦੀਨ ਸਾਧ ਅਧੀਨ ਕਹੀਅਤੁ ਹੈ ।**
**ਪਾਈਐ ਨ ਪਾਰੁ ਤੇਜ ਪੁੰਜ ਮੈ ਅਪਾਰ,**
**ਸਰਬ ਬਿੱਦਿਆ ਕੇ ਉਦਾਰ ਹੈ, ਅਪਾਰ ਕਹੀਅਤ ਹੈਂ ।**
**ਹਾਥੀ ਕੀ ਪੁਕਾਰ ਪਲ ਪਾਛੇ ਪਹੁੰਚਤ ਤਾਹਿ**
**ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤੁ ਹੈਂ ॥੨੫੬॥**

**ਪਦਅਰਥ** :-ਸੁਰੇਸ਼-ਇੰਦਰ । ਮਹੇਸ਼-ਸ਼ਿਵਜੀ । ਅਭੇਸ-ਭੇਸ ਰਹਿਤ । ਪ੍ਰਬੀਨ-ਨਿਪੁੰਨ । ਦੀਨ-ਮੁਹਤਾਜ । ਗੰਗਧਾਨ-ਗੰਗਾ ਨਦੀ ਦੀ ਧਾਰ ।

**ਅਰਥ** :-ਉਹ ਦੇਵਤਿਆਂ ਦਾ ਵੀ ਦੇਵ ਤੇ ਪੂਜਣ ਯੋਗ ਹੈ ਅਤੇ ਰਾਕਸ਼ਾ ਨੂੰ ਇੰਦਰ ਬਣਕੇ ਖਤਮ ਕਰਨ ਵਾਲਾ ਹੈ । ਗੰਗਾ ਨਦੀ ਦੀ ਡਿਗਦੀ ਧਾਰ ਸਿਰ ਵਿਚ ਧਾਰਨ ਲਈ ਮਹੇਸ਼ ਬਣ ਜਾਂਦਾ ਹੈਂ । ਫਿਰ ਵੀ ਤੈਨੂੰ ਭੇਸ ਰਹਿਤ ਹੀ ਕਿਹਾ ਜਾਂਦਾ ਹੈ। ਰੰਗ ਵਿਚ ਰੰਗਿਆ ਰੰਗੀਨ ਹੈ ਤੇ ਰਾਗ ਰੂਪ ਵਿਚ ਨਿਪੁੰਨ ਹੈਂ । ਉਹ ਹੋਰ ਕਿਸੇ ਦਾ ਮੁਹਤਾਜ਼ ਨਹੀਂ ਹੈ ਪਰ ਭਗਤਾਂ ਦੇ ਅਧੀਨ ਜਾਂ ਵੱਸ ਵਿਚ ਕਿਹਾ ਜਾਂਦਾ ਹੈ । ਉਸਦਾ ਅਪਾਰ ਪੁੰਜ ਤੇਜ ਹੈ ਜਿਸਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ । ਉਹ ਸਾਰੀਆਂ ਪ੍ਰਕਾਰ ਦੀਆਂ ਵਿਦਿਆਂ ਦਾ ਦੇਣ ਵਾਲਾ ਹੈ ਅਤੇ ਅਪਾਰ ਕਿਹਾ ਜਾਂਦਾ ਹੈ। ਹਾਥੀ ਦੀ ਪੁਕਾਰ ਉਸ ਪਾਸ ਪਿੱਛੋਂ ਪਹੁੰਚਦੀ ਹੈ ਪਰ ਕੀੜੀ ਦੀ ਚਿੰਘਾਰ ਉਹ ਪਹਿਲਾਂ ਸੁਣਦਾ ਹੈਂ

**ਕੇਤੇ ਇੰਦ੍ਰ ਦੁਆਰ ਕੇਤੇ ਬ੍ਰਹਮਾ ਮੁਖਚਾਰ**
**ਕੇਤੇ ਕ੍ਰਿਸ਼ਨਾ ਅਵਤਾਰ ਕੇਤੇ ਰਾਮ ਕਹੀਅਤੁ ਹੈ ।**
**ਕੇਤੇ ਸਸਿ ਰਾਸੀ ਕੇਤੇ ਸੂਰਜ ਪ੍ਰਕਾਸ਼ੀ**
**ਕੇਤੇ ਮੁੰਡੀਆ ਉਦਾਸੀ ਜੋਗ ਦੁਆਰਿ ਦਹੀਅਤੁ ਹੈ ।**
**ਕੇਤੇਂ ਮਹਾਂਦੀਨ ਕੇਤੇ ਬਿਆਸ ਸੇ ਪ੍ਰਬੀਨ**
**ਕੇਤੇ ਕੁਮੇਰ ਕੁਲੀਨ ਕੇਤੇ ਜੱਛ ਕਹੀਅਤੁ ਹੈ ।**
**ਕਰਤੇ ਹੈਂ ਬਿਚਾਰ ਪੈ ਨ ਪੂਰਨ ਕੋ ਪਾਵੈ ਪਾਰ**
**ਤਾ ਹੀ ਤੇ ਅਪਾਰ ਨਿਰਾਧਾਰ ਲਹੀਅਤੁ ਹੈ ॥੨੫੭॥**

**ਪਦਅਰਥ** :-ਸਸਿ ਰਾਸ਼ੀ-ਚੰਦਰਮਾ ਦੀਆਂ ਰਾਸ਼ੀਆਂ । ਜੋਗ-ਜੋਗੀ । ਦਹੀਅਤੁ-ਧੂਣੀਆਂ ਤਪਾਂਦੇ ਹਨ । ਮਹਾਂਦੀਨ-ਹਜਰਤ ਮੁਹੰਮਦ ਸਾਹਿਬ । ਕੁਮੇਰ-ਕਬੇਰ ਭੰਡਾਰੀ । ਕੁਲੀਨ-ਉਚੀ ਕੁੱਲ ਵਾਲੇ । ਨਿਰਾਧਾਰ-ਬਿਨਾਂ ਕਿਸੇ ਹੋਰ ਆਸਰੇ ਦੇ। ਲਹੀਅਤੁ-ਵੇਖੀਦਾ ਜਾਂ ਵਿਚਾਰੀਦਾ ਹੈ ।

**ਅਰਥ** :-ਉਸਦੇ ਦੁਆਰੇ ਤੇ ਕਿਤਨੇ ਹੀ ਇੰਦਰ ਹਨ ਤੇ ਕਿਤਨੇ ਹੀ ਬ੍ਰਹਮਾ ਹਨ ਜਿਨ੍ਹਾਂ ਨੇ ਚਾਰ ਵੇਦਾਂ ਦਾ ਉਚਾਰਣ ਕੀਤਾ ਹੈ । ਕਿਤਨੇ ਹੀ ਕ੍ਰਿਸ਼ਨ ਅਵਤਾਰ ਹੋਏ ਹਨ ਤੇ ਕਿਤਨੇ ਹੀ ਰਾਮ ਕਹੇ ਜਾਂਦੇ ਹਨ । ਕਿਤਨੇ ਹੀ ਚੰਦਰਮਾ ਦੀ ਰਾਸ਼ੀ ਵਾਲੇ ਤੇ ਕਿਤਨੇ ਹੀ ਸੂਰਜ ਪ੍ਰਕਾਸ਼ੀ ਹਨ । ਕਿਤਨੇ ਹੀ ਮੁੰਡੀਆ ਅਰਥਾਤ ਸੰਨਿਆਸੀ, ਉਦਾਸੀ ਅਤੇ ਜੋਗੀ ਉਸਦੇ ਦੁਆਰੇ ਤੇ ਧੂਣੀਆਂ ਤਪਾਉਂਦੇ ਹਨ । ਕਿਤਨੇ ਹੀ ਹਜਰਤ ਮੁਹੰਮਦ ਸਾਹਿਬ, ਕਿਤਨੇ ਹੀ ਬਿਆਸ ਰਿਸ਼ੀ ਵਰਗੇ ਨਿਪੁੰਨ ਹਨ । ਕਿਤਨੇ ਹੀ



www.sridasamgranth.com

ਕੁਬੇਰ ਭੰਡਾਰੀ ਹਨ ਕਿਤਨੇ ਹੀ ਉੱਚੀ ਕੁੱਲ ਵਾਲੇ ਅਤੇ ਕਿਤਨੇ ਹੀ ਇੰਦਰ ਦੀ ਸਭਾ ਦੇ ਨਾਚੇ ਕਹੇ ਜਾਂਦੇ ਹਨ । ਅਜਿਹੇ ਪਤਾ ਨਹੀਂ ਕਿਤਨੇ ਹੀ 'ਉਸਦੇ' ਬਾਰੇ ਵਿੱਚ ਵਿਚਾਰ ਕਰਦੇ ਹਨ ਪਰ ਉਸ 'ਪੂਰਨ' ਦਾ ਪਾਰ ਨਹੀਂ ਪਾ ਸਕੇ । ਇਸੇ ਲਈ ਹੀ ਤਾਂ ਉਸਨੂੰ ਅਪਾਰ ਤੇ ਨਿਰਾਧਾਰ (ਜੋ ਕਿਸੇ ਦੂਜੇ ਦੇ ਸਹਾਰੇ ਤੇ ਨਾ ਹੋਵੇ) ਵਿਚਾਰਿਆ ਜਾਂਦਾ ਹੈ ।

**ਪੂਰਨ ਅਵਤਾਰ ਨਿਰਾਧਾਰ ਹੈ ਨ ਪਾਰਾਵਾਰ**
**ਪਾਈਐ ਨ ਪਾਰ ਪੈ ਅਪਾਰ ਕੈ ਬਖਾਨੀਐ ।**
**ਅਦ੍ਵੈ ਅਬਿਨਾਸੀ ਪਰਮ ਪੂਰਨ ਪ੍ਰਕਾਸ਼ੀ**
**ਮਹਾਂ ਰੂਪ ਹੂੰ ਕੇ ਰਾਸ਼ੀ ਹੈ ਅਨਾਸੀ ਕੈ ਕੈ ਮਾਨੀਐ ।**
**ਜੰਤ੍ਰ ਹੂੰ ਨ ਜਾਤਿ ਜਾ ਕੀ ਬਾਪ ਹੂੰ ਨ ਮਾਇ ਤਾ ਕੀ**
**ਪੂਰਨ ਪ੍ਰਭਾ ਕੀ ਸੁਛਟਾ ਕੈ ਅਨੁਮਾਨੀਐ ।**
**ਤੇਜ ਹੂੰ ਕੋ ਤੰਤ੍ਰ ਹੈ ਕਿ ਰਾਜਸੀ ਕੋ ਜੰਤ੍ਰ ਹੈ,**
**ਮੋਹਨੀ ਕੋ ਮੰਤ੍ਰ ਹੈ ਨਿਜੰਤ੍ਰ ਕੈ ਕੈ ਜਾਨੀਐ ॥੨੫੮॥**

ਪਦਅਰਥ :-ਅਦ੍ਵੈ-ਦ੍ਵੈਤ ਰਹਿਤ । ਅਬਿਨਾਸੀ-ਨਾਸ ਨਾ ਹੋਣ ਵਾਲਾ । ਰਾਸ਼ੀ-ਭੰਡਾਰ । ਅਨਾਸੀ-ਨਾਸ ਰਹਿਤ ਜਾਂ ਅਮਰ । ਸੁਛਟਾ-ਸੋਹਣੀ ਸੋਭਾ । ਅਨੁਮਾਨੀਐ-ਅੰਦਾਜ਼ਾ ਕੀਤਾ ਜਾਂਦਾ ਹੈ । ਰਾਜਸੀ-ਹਕੂਮਤੀ । ਨਿਜੰਤ੍ਰ-ਨਿਰਯੰਤਰ ਜਾਂ ਰਾਜਸੀ ਨਿਯਮਾਂ ਤੋਂ ਸੁਤੰਤਰ ।

ਅਰਥ :-ਪੂਰਨ ਅਵਤਾਰ ਹੈਂ, ਕਿਸੇ ਹੋਰ ਦੇ ਸਹਾਰੇ ਤੋਂ ਬਿਨਾਂ ਹੈ ਤੇ ਤੇਰਾ ਕੋਈ ਪਾਰਾਵਾਰ ਨਹੀਂ । ਤੂੰ ਅਪਾਰ ਕਰਕੇ ਬਿਆਨਿਆ ਜਾਂਦਾ ਹੈਂ ਤੇ ਤੇਰਾ ਪਾਰ ਨਹੀਂ ਪਾਇਆ ਜਾ ਸਕਦਾ । ਤੂੰ ਦ੍ਵੈਤ ਰਹਿਤ, ਨਾਸ਼ ਨਾ ਹੋਣ ਵਾਲਾ, ਮਹਾਨ ਤੇ ਪੂਰਨ ਪ੍ਰਕਾਸ਼ ਅਥਵਾ ਜੋਤ ਹੈ । ਤੂੰ ਰੂਪ ਦਾ ਮਹਾਨ ਭੰਡਾਰ ਹੈ, ਅਮਰ ਹੈ ਤੈਨੂੰ ਕੀ ਕੀ ਕਰਕੇ ਮੰਨੀਏ। ਤੂੰ ਜੰਤ੍ਰਾਂ ਵਿੱਚ ਵੀ ਨਹੀਂ, ਤੇਰੀ ਕੋਈ ਜਾਤ ਨਹੀਂ ਅਤੇ ਨਾ ਹੀ ਤੇਰਾ ਕੋਈ ਮਾਂ ਤੇ ਪਿਉ ਹੈ । ਹੇ ਪੂਰਨ ! ਤੇਰੀ ਸੁੰਦਰ ਸੋਭਾ ਦਾ ਕੀ ਅੰਦਾਜਾ ਲਗਾਈਏ। ਤੂੰ ਤੇਜ ਦਾ ਘਰ ਹੈਂ ਅਤੇ ਰਾਜਸੀ ਕੰਮਾਂ ਦੀ ਮਸ਼ੀਨ ਹੈਂ । ਮੋਹ ਲੈਣ ਵਾਲੀ ਸ਼ਕਤੀ ਦਾ ਮੰਤਰ ਹੈਂ ਅਤੇ ਰਾਜਸੀ ਨਿਯਮਾਂ ਤੋਂ ਸੁਤੰਤਰ ਕਰਕੇ ਜਾਣੀਐ ।

**ਤੇਜ ਹੂੰ ਕੋ ਤਰੁ ਹੈ ਕਿ ਰਾਜਸੀ ਕੋ ਸਰੁ ਹੈ;**
**ਸੁੱਧਤਾ ਕੋ ਘਰੁ ਹੈ ਕਿ ਸਿੱਧਤਾ ਕੀ ਸਾਰੁ ਹੈ ।**
**ਕਾਮਨਾ ਕੀ ਖਾਨ ਹੈ ਕਿ ਸਾਧਨਾ ਕੀ ਸ਼ਾਨ ਹੈ,**
**ਬਿਰੱਕਤਤਾ ਕੀ ਬਾਨ ਹੈ ਕਿ ਬੁੱਧਿ ਕੋ ਉਦਾਰ ਹੈ ।**
**ਸੁੰਦਰ ਸਰੂਪ ਹੈ ਕਿ ਭੂਪਨ ਕੋ ਭੂਪ ਹੈ,**
**ਕਿ ਰੂਪ ਹੂੰ ਕੋ ਰੂਪ ਹੈ ਕੁਮੱਤਿ ਕੋ ਪ੍ਰਹਾਰੁ ਹੈ ।**
**ਦੀਨਨ ਕੋ ਦਾਤਾ ਹੈ ਗਨੀਮਨ ਕੋ ਗਾਰਕ ਹੈ;**
**ਸਾਧਨ ਕੋ ਰੱਛਕ ਹੈ ਗੁਨਨ ਕੋ ਪਹਾਰੁ ਹੈ ॥੨੫੯॥**

ਪਦਅਰਥ :-ਤਰੁ-ਬ੍ਰਿਛ । ਸਰ-ਸਮੁੰਦਰ । ਸੁੱਧਤਾ-ਪਵਿਤਰਤਾ । ਸਿੱਧਤਾ-



ਸਫਲਤਾ । ਸਾਰੁ-ਨਿਚੋੜ । ਸ਼ਾਨ-ਤੇਜ-ਪ੍ਰਤਾਪ । ਬਿਰੱਕਤਤਾ-ਲੋਭ ਦੀ ਲੇਸ ਤੋਂ ਬਿਨਾਂ । ਬਾਨ-ਆਦਤ । ਬੁੱਧਿ ਕੋ ਉਦਾਰ-ਬੁੱਧੀ ਦਾ ਦਾਤਾ ।

ਅਰਥ :- ਤੂੰ ਮਾਨੋ ਤੇਜ ਦਾ ਬ੍ਰਿਛ ਹੈ, ਸਿਆਸਤ ਦਾ ਸਮੁੰਦਰ ਹੈ । ਪਵਿਤਰਤਾ ਦਾ ਘਰ ਹੈ । ਸਫਲਤਾ ਦਾ ਨਿਚੋੜ ਹੈ । ਤੂੰ ਕਾਮਨਾਵਾਂ ਦੀ ਖਾਣ ਹੈਂ ਜਾਂ ਸਾਧਨਾ ਦੀ ਵਡਿਆਈ ਹੈਂ । ਤਿਆਗ ਦੇ ਸੁਭਾਉ ਵਾਲਾ ਹੈਂ ਜਾਂ ਬੁੱਧੀ ਦਾ ਦਾਤਾ ਹੈਂ । ਸੁੰਦਰ ਸਰੂਪ ਵਾਲਾ ਹੈਂ ਜਾਂ ਰਾਜਿਆਂ ਦਾ ਵੀ ਰਾਜਾ ਹੈਂ । ਰੂਪ ਦਾ ਵੀ ਤੂੰ ਰੂਪ ਹੈਂ ਜਾਂ ਪੁੱਠੀ ਮੱਤ ਨੂੰ ਮਿਟਾਣ ਵਾਲਾ ਹੈ ਗਰੀਬਾਂ ਨੂੰ ਦਾਨ ਦੇਣ ਵਾਲਾ ਹੈ ਤੇ ਜਰਵਾਣਿਆਂ ਨੂੰ ਨਾਸ ਕਰ ਦੇਣ ਵਾਲਾ ਹੈ । ਭਗਤਾਂ ਦਾ ਰਖਿਅਕ ਹੈ ਅਤੇ ਗੁਣਾਂ ਦਾ ਪਹਾੜ ਹੈਂ ।

**ਸਿਧਿ ਕੋ ਸਰੂਪ ਹੈ ਕਿ ਬੁੱਧਿ ਕੋ ਬਿਭੂਤਿ ਹੈ ;**
**ਕਿ ਕ੍ਰੋਧ ਕੋ ਅਭੂਤ ਹੈ ਕਿ ਅੱਛੈ ਅਬਿਨਾਸੀ ਹੈ ।**
**ਕਾਮ ਕੋ ਕੁਨਿੰਦਾ ਹੈ ਕਿ ਤੇਜ ਕੋ ਪ੍ਰਕਾਸੀ ਹੈ ।**
**ਗਨੀਮਨ ਗਿਰੰਦਾ ਹੈ ਕਿ ਤੇਜ ਕੋ ਪ੍ਰਕਾਸੀ ਹੈ ।**
**ਕਾਲ ਹੂੰ ਕੇ ਕਾਲ ਹੈ ਕਿ ਸੱਤ੍ਰਲ ਕੇ ਸਾਲ ਹੈ**
**ਜੋਗ ਹੂੰ ਕੋ ਜੰਤ੍ਰ ਹੈ ਕਿ ਤੇਜ ਹੂੰ ਕੋ ਤੰਤ੍ਰ ਹੈ,**
**ਕਿ ਮੋਹਨੀ ਕੋ ਮੰਤ੍ਰ ਹੈ ਕਿ ਪੂਰਨ ਪ੍ਰਕਾਸ਼ੀ ਹੈ ॥੨੬੦॥**

ਪਦਅਰਥ :-ਸਿਧਿ-ਮੁਕਤੀ । ਬਿਭੂਤਿ-ਸੰਪਦਾ । ਅਭੂਤ-ਨਾਸ ਕਰਨ ਵਾਲਾ। ਅੱਛੈ-ਸ਼ੁੱਭ ਗੁਣਾਂ । ਦਿਹੰਦਾ-ਬਖਸ਼ਣ ਵਾਲਾ । ਗਨੀਮਨ-ਵੈਰੀਆਂ । ਗਿਹੰਦਾ-ਗਿਰਾਉਣ ਜਾਂ ਪਛਾੜਨ ਵਾਲਾ । ਪੋਖਤ-ਪਾਲਦਾ ਹੈ । ਬ੍ਰਿਧਤਾ-ਵਡਿਆਈਆਂ ।

ਅਰਥ :-ਮੁਕਤੀ ਦਾ ਸਰੂਪ ਹੈਂ ਜਾਂ ਬੁੱਧੀ ਲਈ ਸੰਪਦਾ ਹੈਂ ਜਾਂ ਕ੍ਰੋਧ ਦਾ ਨਾਸ ਕਰਨ ਵਾਲਾ ਹੈਂ ਜਾਂ ਨਾਸ ਨਾ ਹੋਣ ਵਾਲਾ ਅਮਰ ਹੈ । ਕੰਮਾਂ ਦੇ ਕਰਨ ਵਾਲਾ ਹੈਂ ਜਾਂ ਵਡਿਆਈਆਂ ਦੇ ਬਖਸ਼ਣ ਵਾਲਾ ਹੈਂ । ਵੈਰੀਆਂ ਨੂੰ ਪਛਾੜਨ ਵਾਲਾ ਹੈਂ ਜਾਂ ਸੋਭਾ ਨੂੰ ਪ੍ਰਕਾਸ਼ ਕਰਨ ਵਾਲਾ ਹੈਂ । ਮੌਤ ਦੀ ਵੀ ਤੂੰ ਮੌਤ ਹੈ ਜਾਂ ਦੁਸ਼ਮਣਾਂ ਨੂੰ ਜ਼ਖਮੀ ਕਰਕੇ ਮਾਰਨ ਵਾਲਾ ਹੈਂ । ਮਿਤਰਾਂ ਭਾਵ ਭਗਤਾਂ ਦੀ ਪਾਲਨਾ ਕਰਦਾ ਹੈਂ ਜਾਂ ਵਡਿਆਈਆਂ ਦੇ ਵਿਚ ਵਾਸ ਰੱਖਦਾ ਹੈ । ਜੋਗ ਦਾ ਵੀ ਜੰਤਰ ਹੈ ਜਾਂ ਵਡਿਆਈਆਂ ਦਾ ਤੰਤ੍ਰ ਹੈ ਜਾਂ ਮੋਹ ਲੈਣ ਦਾ ਢੰਗ ਤਰੀਕਾ ਹੈ ਜਾਂ ਪੂਰਨ ਪ੍ਰਕਾਸ਼ਮਾਨ ਹੈ ।

**ਰੂਪ ਕੋ ਨਿਵਾਸ ਹੈ ਕਿ ਬੁੱਧਿ ਕੋ ਪ੍ਰਕਾਸ਼ ਹੈ ;**
**ਕਿ ਸਿੱਧਤਾ ਕੋ ਬਾਸ ਹੈ ਕਿ ਬੁੱਧਿ ਹੂੰ ਕੋ ਘਰੁ ਹੈ ।**
**ਦੇਵਨ ਕੋ ਦੇਵ ਹੈ ਨਿਰੰਜਨ ਅਭੇਵ ਹੈ,**
**ਅਦੇਵਨ ਕੋ ਦੇਵ ਹੈ ਕਿ ਸੁੱਧਤਾ ਕੋ ਸਰੁ ਹੈ ।**
**ਜਾਨ ਕੋ ਬਚੱਯਾ ਹੈ, ਇਮਾਨ ਕੋ ਦਿਵੱਯਾ ਹੈ,**
**ਜਮਜਾਲ ਕੋ ਕਟੱਯਾ ਹੈ ਕਿ ਕਾਮਨਾ ਕੋ ਕਰੁ ਹੈ ।**
**ਤੇਜ ਕੋ ਪ੍ਰਚੰਤ ਹੈ ਅਖੰਡਣ ਕੋ ਖੰਡ ਹੈ,**
**ਮਹੀਪਨ ਕੋ ਮੰਡ ਹੈ ਕਿ ਇਸਤ੍ਰੀ ਹੈ ਨ ਨਰ ਹੈ ॥੨੬੧॥**

ਪਦਅਰਥ:-ਸਿੱਧਤਾ-ਸਫਲਤਾ । ਨਿਰੰਜਨ-ਮਾਇਆ ਤੋਂ ਨਿਰਲੇਪ । ਅਭੇਵ-



www.sridasamgranth.com

ਭੇਦ ਰਹਿਤ । ਅਦੇਵਨ-ਦਾਨਵਾਂ ।ਦੇਵਨ -ਪੂਜਣ ਜੋਗ। ਸੁੱਧਤਾ-ਪਵਿਤਰਤਾ। ਇਮਾਨ-ਧਰਮ । ਕਾਮਨਾ-ਇਛਾਵਾਂ । ਮਹੀਪਨ-ਰਾਜਿਆਂ। ਮੰਡ-ਸਥਾਪਤ ਕਰਨ ਵਾਲਾ।

**ਪਦਅਰਥ** :-ਰੂਪ ਦਾ ਟਿਕਾਣਾ ਹੈ ਜਾਂ ਬੁੱਧੀ ਨੂੰ ਪ੍ਰਕਾਸ਼ ਕਰਨ ਵਾਲਾ ਹੈ । ਸਫਲਤਾ ਦੇ ਰਹਿਣ ਲਈ ਥਾਂ ਹੈ ਬੁੱਧੀ ਦੇ ਲਈ ਘਰ ਹੈ । ਦੇਵਤਿਆ ਲਈ ਪੂਜਣ ਯੋਗ ਹੈਂ । ਮਾਇਆ ਤੋਂ ਨਿਰਲੇਪ ਤੇ ਭੇਦ ਰਹਿਤ ਹੈਂ । ਦਾਨਵਾਂ ਲਈ ਵੀ ਪੂਜਣ ਯੋਗ ਹੈਂ ਕਿ ਪਵਿਤਰਤਾ ਦਾ ਸਮੁੰਦਰ ਹੈ । ਜਾਨ ਦੇ ਬਚਾਉਣ ਵਾਲਾ ਹੈਂ ਤੇ ਧਰਮ ਦੇ ਦੇਣ ਵਾਲਾ ਹੈਂ। ਜਮਾਂ ਦੀ ਫਾਹੀ ਨੂੰ ਕੱਟਣ ਵਾਲਾ ਹੈ ਕਿ ਕਾਮਨਾਵਾਂ ਦੇ ਪੂਰੀਆਂ ਕਰਨ ਵਾਲਾ ਹੈਂ । ਵੱਡੇ ਪ੍ਰਤਾਪ ਵਾਲਾ ਹੈਂ ਤੇ ਨਾ ਖੰਡਣ ਹੋਣ ਵਾਲਿਆਂ ਨੂੰ ਖੰਡ ਖੰਡ ਕਰ ਦੇਂਦਾ ਹੈਂ । ਰਾਜਿਆਂ ਨੂੰ ਸਥਾਪਤ ਕਰਨ ਵਾਲਾ ਹੈਂ ਕਿ ਨਾ ਇਸਤ੍ਰੀ ਹੈ ਤੇ ਨਾ ਪੁਰਖ ਹੈ ।

**ਬਿਸ੍ਵ ਕੋ ਭਰਨ ਹੈ ਕਿ ਅਪਦਾ ਕੋ ਹਰਨ ਹੈ,**
**ਕਿ ਸੁਖ ਕੋਂ ਕਰਨ ਹੈ, ਕਿ ਤੇਜ ਕੋ ਪ੍ਰਕਾਸ ਹੈ ।**
**ਪਾਈਐ ਨ ਪਾਰ, ਪਾਰਾਵਾਰ ਹੂੰ ਕੋ ਪਾਰ ਜਾ ਕੋ**
**ਕੀਜਤ ਬਿਚਾਰ, ਸੁਬਿਚਾਰ ਕੋ ਨਿਵਾਸ ਹੈ ।**
**ਹੰਗਲਾ ਹਿਮਾਲੈ ਗਾਵੈ, ਹਬਸੀ ਹਲਬੀ ਧਿਆਵੈ,**
**ਪੂਰਬੀ ਨ ਪਾਰ ਪਾਵੈ, ਆਸਾ ਤੇ ਅਨਾਸ ਹੈ ।**
**ਦੇਵਨ ਕੋ ਦੇਵ, ਮਹਾਦੇਵ ਹੂੰ ਕੇ ਦੇਵ ਹੈ**
**ਨਿਰੰਜਨ ਅਭੇਵ ਨਾਥ, ਅਦ੍ਵੈ ਅਬਿਨਾਸਿ ਹੈ ॥੨੬੨॥**

**ਪਦਅਰਥ** :-ਬਿਸ੍ਵ-ਸੰਸਾਰ । ਅਪਦਾ-ਮੁਸੀਬਤ । ਹਰਨ-ਦੂਰ ਕਰਨ ਵਾਲਾ। ਸੁਵਿਚਾਰ-ਸ਼ੁੱਭ ਵਿਚਾਰ ਜਾਂ ਚੰਗੇ ਖਿਆਲ । ਹਿੰਗੁਲਾ-ਮਕਰਾਨ (ਸਿੰਧ) ਦੇਸ ਦੇ ਇਲਾਕੇ ਦੇ ਲੋਕ । ਹਿੰਮਾਲੈ-ਹਿਮਾਲਾ ਪ੍ਰਬਤ ਦੇ ਵਾਸੀ । ਹਬਸ਼ੀ-ਅਫਰੀਕਾ ਦੇ ਕਾਲੇ ਰੰਗ ਦੇ ਲੋਕ । ਹਲਬੀ-ਹਲਬ-ਈਰਾਨ ਦਾ ਇਲਾਕਾ ਤੇ ਉਥੇ ਦੇ ਵਾਸੀ । ਅਨਾਸ-ਬੇਆਸ । ਮਹਾਂਦੇਵ-ਵੱਡਾ ਦੇਵਤਾ ।

**ਅਰਥ** :-ਸੰਸਾਰ ਦਾ ਭਰਨ ਵਾਲਾ ਅਥਵਾ ਬਨਾਉਣ ਵਾਲਾ ਹੈਂ ਕਿ ਮੁਸੀਬਤਾਂ ਨੂੰ ਦੂਰ ਕਰਨ ਵਾਲਾ ਹੈਂ ਕਿ ਸੁੱਖਾਂ ਦੇ ਕਰਨ ਵਾਲਾ ਹੈ ਕਿ ਤੇਜ਼ ਦਾ ਪ੍ਰਕਾਸ਼ ਹੈ । ਤੂੰ ਪਾਰਾਵਾਰ ਹੈ ਤੇ ਤੇਰਾ ਪਾਰ ਨਹੀਂ ਪਾਇਆ ਜਾ ਸਕਦਾ । ਤੂੰ ਸ਼ੁੱਭ ਵਿਚਾਰ ਅਥਵਾ ਚੰਗੇ ਖਿਆਲਾਂ ਵਿੱਚ ਵਾਸ ਰੱਖਦਾ ਹੈ ਤੇਰੇ ਇਸ ਗੁਣ ਬਾਰੇ ਵਿਚਾਰ ਕੀਤੀ ਜਾਂਦੀ ਹੈ। ਮਕਰਾਨ ਦੇ ਇਲਾਕੇ ਦੇ ਲੋਕ, ਹਿਮਾਲਾ ਪ੍ਰਬਤ ਦੇ ਵਾਸੀ ਤੈਨੂੰ ਗਾਉਂਦੇ ਹਨ ਅਤੇ ਅਫਰੀਕਾ ਦੇ ਕਾਲੇ ਰੰਗ ਦੇ ਲੋਕ ਤੇ ਹਲਬ-ਈਰਾਨ ਦੇ ਵਾਸੀ ਵੀ ਤੈਨੂੰ ਹੀ ਧਿਆਉਂਦੇ ਹਨ । ਪੂਰਬੀ ਦੇਸ਼ਾਂ ਦੇ ਲੋਕ ਤੇਰਾ ਪਾਰ ਨਹੀਂ ਪਾ ਸਕਦੇ ਅਤੇ ਨਾ ਓਮੈਦੀਅਤ ਲੈ ਸਕਣ ਦੀ ਆਸ ਛੱਡ ਬੈਠੇ ਹਨ । ਤੂੰ ਦੇਵਤਿਆਂ ਲਈ ਵੀ ਦੇਵ ਅਥਵਾ ਪੂਜਣ ਯੋਗ ਹੈ ਅਤੇ ਵੱਡੇ ਦੇਵਤਿਆਂ ਲਈ ਵੀ ਪੂਜਣ ਯੋਗ ਹੈ । ਤੂੰ ਮਾਇਆ ਤੋਂ ਰਹਿਤ, ਭੇਦ ਰਹਿਤ, ਸੁਆਮੀ, ਦ੍ਵੈਤ ਰਹਿਤ ਤੇ ਨਾਸ ਨਾ ਹੋਣ ਵਾਲਾ ਹੈਂ ।

**ਅੰਜਨ ਬਿਹੀਨ ਹੈਂ, ਨਿਰੰਜਨ ਪ੍ਰਬੀਨ ਹੈਂ**
**ਕਿ ਸੇਵਕ ਅਧੀਨ ਹੈ ਕੱਟਯਾ ਜਮ ਜਾਲ ਕੇ ।**
**ਦੇਵਨ ਕੇ ਦੇਵ, ਮਹਾਂ ਦੇਵ ਹੂੰ ਕੇ ਦੇਵ ਨਾਥ,**



**ਭੂਮਿ ਕੇ ਭੁੱਜਯਾ ਹੈਂ, ਮੁਹੀਯਾ ਮਹਾਂ-ਬਾਲ ਕੇ ।**
**ਰਾਜਨ ਕੇ ਰਾਜਾ, ਮਹਾ ਸਾਜ ਹੂੰ ਕੇ ਸਾਜਾ,**
**ਮਹਾਂ ਜੋਗ ਹੂੰ ਕੇ ਜੋਗ ਹੈ, ਧਰੱਯਾ ਦ੍ਰੁਮ-ਛਾਲ ਕੇ ।**
**ਕਾਮਨਾ ਕੇ ਕਰੁ ਹੈਂ, ਕੁੱਬੁਧਿਤਾ ਕੋ ਹਰਿ ਹੈ,**
**ਕਿ ਸਿੱਧਤਾ ਕੇ ਸਾਥੀ ਹੈ, ਕਿ ਕਾਲ ਹੈ ਕੁਚਾਲ ਕੇ ॥੨੬੩॥**

**ਪਦਅਰਥ** :-ਅੰਜਨ-ਮਾਇਆ । ਨਿਰੰਜਨ-ਮਾਇਆ ਤੋਂ ਨਿਰਲੇਪ । ਪ੍ਰਬੀਨ-ਨਿਪੁੰਨ ਜਾਂ ਵਿਦਵਾਨ । ਭੂਮਿ ਕੇ ਭੁਜੱਯਾ-ਸੰਸਾਰਕ ਸੁੱਖਾਂ ਦੇ ਮਾਨਣ ਵਾਲਾ । ਮੁਹੀਯਾ-ਮੋਹ ਲੈਣ ਵਾਲਾ । ਮਹਾਂ ਬਾਲ-ਮਹਾਂ ਮਾਇਆ । ਮਹਾਂ ਜੋਗ-ਕਠਿਨ ਜੋਗ ਜਾਂ ਕਰੜੀ ਤਪੱਸਿਆ । ਜੋਗ-ਲਾਇਕ । ਧਰੱਯਾ-ਧਾਰਨ । ਦ੍ਰੁਮ-ਛਾਲ-ਬ੍ਰਿਛ ਦੀ ਛਾਲ ਧਾਰਨ ਹਾਰਾ (ਅਤੀਤ ਸਾਧੂ) ਕੁੱਬੁਧਿਤਾ-ਪੁੱਠੀ ਮੱਤ । ਕੁਚਾਲ-ਪੁੱਠੀ ਚਾਲ ।

**ਅਰਥ** :-ਮਾਇਆ ਦੀ ਲਾਗ ਤੋਂ ਪਾਕ ਅਥਵਾ ਮੋਹ ਮਾਇਆ ਤੋਂ ਨਿਰਲੇਪ ਵਿਦਵਾਨ ਹੈ । ਸੇਵਕਾਂ ਅਥਵਾ ਭਗਤਾਂ ਦੇ ਵੱਸ ਵਿੱਚ ਹੈ । ਜਮ੍ਹਾਂ ਦੀ ਫਾਹੀ ਕੱਟਣ ਵਾਲਾ ਹੈ । ਦੇਵਤਿਆਂ ਦਾ ਵੀ ਦੇਵ ਅਥਵਾ ਪੂਜਣ ਯੋਗ ਹੈ । ਵੱਡੇ ਦੇਵਤਿਆਂ ਦਾ ਵੀ ਸੁਆਮੀ ਦੇਵ ਹੈ । ਸੰਸਾਰਕ ਸੁੱਖਾਂ ਦੇ ਮਾਨਣ ਵਾਲਾ ਹੈ ਮੋਹ ਲੈਣ ਵਾਲਾ ਹੈ ਮਾਨੋ ਮਹਾਂ ਮਾਇਆ ਨੂੰ ਵੱਸ ਵਿਚ ਕਰ ਲੈਣ ਵਾਲਾ ਹੈ । ਰਾਜਿਆਂ ਦੇ ਰਾਜਾ ਹੋ, ਵੱਡੇ ਸਾਜਾਂ ਦੇ ਸਾਜਣ ਵਾਲੇ ਹੋ, ਕਰੜੀ ਤਪੱਸਿਆ ਸਾਧਣ ਵਾਲੇ ਜੋਗੀਆਂ ਦੇ ਜੋਗ ਹੈ । ਬ੍ਰਿਛ ਦੀ ਛਾਲ ਧਾਰਨ ਹਾਰੇ ਅਤੀਤ ਸਾਧੂ ਹੋ । ਕਾਮਨਾਵਾਂ ਦੇ ਪੂਰੀਆਂ ਕਰਨ ਵਾਲੇ ਹੋ । ਪੁੱਠੀ ਮੱਤ ਨੂੰ ਹਰਨ ਵਾਲੇ ਹੋ । ਸਫਲਤਾ ਦੇ ਸਾਥੀ ਹੋ ਕਿ ਪੁੱਠੇ ਚਾਲੇ ਭੈੜੇ ਚਾਲ-ਚਲਣ ਵਾਲਿਆਂ ਵਾਸਤੇ ਤੁਸੀਂ ਕਾਲ ਰੂਪ ਹੋ ।

**ਛੀਰ ਕੈਸੀ ਛੀਰਾ ਵਧਿ ਛਾਛ ਕੈਸੀ ਛਤ੍ਰਾਨੇਰ,**
**ਛਪਾਕਰ ਕੈਸੀ ਛਬਿ ਕਾਲਇੰਦ੍ਰ ਕੇ ਕੂਲ ਕੈ ।**
**ਹੰਸਨੀ ਸੀ ਸੀਹਾ ਰੂਮ ਹੀਰਾ ਸੀ ਹੁਸੈਨਾਬਾਦ,**
**ਗੰਗਾ ਕੈਸੀ ਧਾਰ, ਚਲੀ ਸਾਤੋਂ ਸਿੰਧ ਰੂਲ ਕੈ ।**
**ਪਾਰਾ ਸੀ ਪਲਾਊ-ਗਢ, ਰੂਪਾ ਕੈਸੀ ਰਾਮਪੁਰ**
**ਸ਼ੋਰਾ ਸੀ ਸੁਰੰਗਾਬਾਦ, ਨੀਕੇ ਰਹੀ ਝੂਲ ਕੈ ।**
**ਚੰਪਾ ਸੀ ਚੰਦੇਰੀ ਕੋਟ, ਚਾਂਦਨੀ ਸੀ ਚਾਂਦਾਗੜਿ,**
**ਕੀਰਤੀ ਤਿਹਾਰੀ ਰਹੀ ਮਾਲਤੀ ਸੀ ਫੂਲ ਕੈ ॥੨੮੦॥**

**ਪਦਅਰਥ** :-ਛੀਰ-ਦੁੱਧ ਵਰਗੀ ਉਜੱਲ (ਜਸ-ਕੀਰਤਿ) । ਛੀਰਾਵਧਿ-ਦੁੱਧ ਸਮੁੰਦਰ । ਛਾਛ-ਲੱਸੀ । ਛਤ੍ਰਾਨੇਰ-ਬੁੰਧੇਲ ਖੰਡ ਦਾ ਨਗਰ ਛਤ੍ਰਪੁਰ । ਛਪਾਕਰ-ਚਾਨਣੀ ਪੈਦਾ ਕਰਨ ਵਾਲਾ ਚੰਦ੍ਰਮਾ। ਛਬਿ-ਛਾਇਆ । ਕਾਲਇੰਦ੍ਰ ਕੇ ਕੂਲ ਕੇ-ਜਮਨਾ ਨਦੀ ਦੇ ਕਿਨਾਰੇ । ਸੀਹਾ-ਮਹਿਕ-ਰੂਪ । ਰੂਲ ਕੈ-ਮਿਲਕੇ । ਰੂਪਾ-ਚਾਂਦੀ । ਝੂਲਕੇ-ਹਿਲੋਰੇ ਖਾਂਦੀ। ਚੰਪਾ-ਚਿੱਟੀ ਚਮੇਲੀ ਵਰਗੀ। ਕੀਰਤੀ-ਵਡਿਆਈ ਦੀ ਕਥਾ।

**ਅਰਥ** :-ਤੇਰੀ ਕੀਰਤੀ ਦੁੱਧ ਸਮੁੰਦਰ ਵਿਚ ਦੁੱਧ ਵਰਗੀ, ਛਤ੍ਰਪੁਰ ਵਿਚਲੀ ਲੱਸੀ ਜਿਹੀ ਅਤੇ ਜਮਨਾ ਨਦੀ ਦੇ ਕੰਢੇ ਉਤੇ ਚੰਦਰਮਾਂ ਦੀਆਂ ਪੈਂਦੀਆਂ ਕਿਰਨਾਂ ਜਿਹੀ



www.sridasamgranth.com

ਸੁੰਦਰਤਾ ਵਰਗੀ ਹੈ । ਹੰਸਲੀ ਦੀ ਮਹਿਕ ਵਰਗੀ, ਹੁਸੈਨਬਾਦ ਦੇ ਹੀਰੇ ਜਿਹੀ, ਗੰਗਾ ਦੀ ਧਾਰ ਵਾਂਗ ਸੱਤਾਂ ਸਮੁੰਦਰਾਂ ਵਿਚ ਮਿਲ ਗਈ ਹੈ । ਪਲਾਊ ਵਿਚ ਪਾਰੇ ਵਰਗੀ ਅਤੇ ਰਾਮਪੁਰ ਦੀ ਚਾਂਦੀ ਵਰਗੀ ਚਿੱਟੀ ਤੇਰੀ ਕੀਰਤੀ ਹੈ । ਉਹ ਸੁਰੰਗਾਬਾਦ ਵਿਚਲੇ ਸ਼ੋਰੇ ਵਰਗੀ ਚੰਗੀ ਹਿਲੋਰੇ ਖਾ ਰਹੀ ਹੈ । ਚੰਦੇਰੀ ਦੇ ਕਿੱਲ੍ਹੇ ਵਿੱਚ ਚਿੱਟੀ ਚਮੇਲੀ ਵਰਗੀ ਤੇ ਚਾਂਦਾਗੜ ਵਿੱਚ ਚਾਂਦਨੀ ਵਰਗੀ ਅਤੇ ਮਾਲਤੀ ਦੇ ਫੁੱਲਾਂ ਸਮਾਨ ਤੇਰੀ ਕੀਰਤੀ ਖਿੜੀ ਹੋਈ ਹੈ ।

ਫਟਕ ਸੀ ਕੈਲਾਸ ਕਮਾਊਗੜ ਕਾਸੀਪੁਰ,
ਸ਼ੀਸ਼ਾ ਸੀ ਸੁਰੰਗਾਬਾਦਿ ਨੀਕੇ ਸੋਹੀਅਤੁ ਹੈ ।
ਹਿਮਾ ਸੀ ਹਿਮਾਲੈ ਹਰ ਹਾਰ ਸੀ ਹਲਬਾ ਨੇਰ,
ਹੰਸ ਕੈਸੀ ਹਾਜੀਪੁਰ ਦੇਖੇ ਮੋਹੀਅਤ ਹੈ ।
ਚੰਦਨ ਸੀ ਚੰਪਾਵਤੀ ਚੰਦ੍ਰਮਾ ਸੀ ਚੰਦ੍ਰਾਗਿਰ,
ਚਾਂਦਨੀ ਸੀ ਚਾਂਦਾਗੜ੍ਹ ਜਉਨ ਜੋਹੀਅਤੁ ਹੈ ।
ਗੰਗਾ ਸਮ ਗੰਗ ਧਾਰਿ ਬਕਾਨਿ ਸੀ ਬਿਲੰਦਾਬਾਦ,
ਕੀਰਤੀ ਤਿਹਾਰੀ ਕੀ ਉਜੀਆਰੀ ਸੋਹੀਅਤ ਹੈ ॥੨੬੫॥

ਪਦਅਰਥ :-ਫਟਕ-ਬਿਲੌਰੀ ਪੱਥਰ । ਸ਼ੀਸ਼ਾ-ਕੱਚ । ਨੀਕੇ ਸੋਹੀਅਤੁ-ਬੜੀ ਚੰਗੀ ਸੋਭਾ ਪਾ ਰਹੀ ਹੈ । ਹਿਮਾ-ਬਰਫ । ਹਰ ਹਾਰ-ਸ਼ਿਵਜੀ ਦੇ ਗਲੇ ਦਾ ਹਾਰ । ਜਉਨ-ਚੰਨ ਚਾਨਣੀ । ਜੋਹੀਅਤੁ-ਵੇਖ ਰਹੇ ਹਾਂ । ਬਕਾਨਿ-ਬਗਲਿਆਂ ਵਰਗੀ । ਉਜਿਆਰੀ-ਉਜਲਤਾ ਸੋਭਾ ਪਾ ਰਹੀ ਹੈ ।

ਅਰਥ :- ਕੈਲਾਸ਼ ਅਤੇ ਕਮਾਊਗੜ੍ਹ ਦੇ ਬਿਲੌਰੀ ਪੱਥਰ ਸਮਾਨ, ਕਾਸ਼ੀਪੁਰ ਦੇ ਸਮਾਨ ਅਤੇ ਸੁਰੰਗਾਬਾਦ ਵਿਚ ਉਸ ਤੋਂ ਵੀ ਚੰਗੀ ਸ਼ੀਸ਼ੇ ਵਰਗੀ ਸੋਭਾ ਹੋ ਰਹੀ ਹੈ । ਹਿਮਾਲਾ ਪਰਬਤ ਤੇ ਬਰਫ ਵਰਗੀ, ਸ਼ਿਵਜੀ ਦੇ ਗੱਲ ਦੇ ਸ਼ਿੰਗਾਰ ਚਿੱਟੇ ਸੱਪ ਵਰਗੀ ਹਲਬ ਨਗਰ ਵਿੱਚ, ਹਾਜੀਪੁਰ ਵਿੱਚ ਹੰਸ ਵਰਗੀ ਜਿਸਨੂੰ ਦੇਖਕੇ ਚਿੱਤ ਮੋਹਿਆ ਜਾਂਦਾ ਹੈ । ਚੰਪਾਵਤੀ ਨਗਰ ਵਿਚ ਚੰਦਨ ਵਰਗੀ ਸੋਭਾ ਵੇਖੀ ਜਾਂਦੀ ਹੈ । ਗੰਗਾ ਦੀ ਧਾਰ ਵਿਚ ਗੰਗਾ ਸਮਾਨ ਅਤੇ ਬਿਲੰਦਾ ਬਾਦ ਵਿਚ ਬਗਲਿਆਂ ਵਰਗੀ ਚਿੱਟੀ ਤੇਰੀ ਕੀਰਤੀ ਦੀ ਰੋਸ਼ਨੀ ਸੋਭਾ ਪਾ ਰਹੀ ਹੈ ।

ਫਾਰਸੀ ਫਿਰੰਗਾ ਫਰਾਂਸੀਸ ਕੇ ਦੁਰੰਗੀ
ਮਕਰਾਨ ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤੁ ਹੈ ।
ਭੱਖਰੀ ਕੰਧਾਰੀ ਗੋਰਿ ਗੱਖਰੀ ਗਰਦੇਜਾਚਾਰੀ,
ਪਉਨ ਕੇ ਅਹਾਰੀ ਤੇਰੋ ਨਾਮੁ ਧਿਆਈਅਤੁ ਹੈ ।
ਪੂਰਬ ਪਲਾਊ ਕਾਮਰੂਪ ਅਉਂ ਕਮਾਊਂ,
ਸਰਬ ਤਉਰ ਮੇਂ ਬਿਰਾਜੈ ਜਹਾਂ ਜਹਾਂ ਜਾਈਅਤੁ ਹੈ ।
ਪੂਰਨ ਪ੍ਰਤਾਪੀ ਜੰਤ੍ਰ ਮੰਤ੍ਰ ਤੇ ਅਤਾਪੀ ਨਾਥ,
ਕੀਰਤਿ ਤਿਹਾਰੀ ਕੋ ਨ ਪਾਰ ਪਾਈਅਤੁ ਹੈ ॥੨੬੬॥

ਪਦਅਰਥ : ਫਰਾਂਸੀਸ-ਅਮਰੀਕਾ ਦੇ ਇਲਾਕੇ ਫਰਾਂਸਿਸਕੋ ਦੇ ਲੋਕ । ਦੁਰੰਗੀ-



ਦੋ ਰੰਗੇ ਭਾਵ ਕਾਲੇ ਤੇ ਗੋਰੇ । ਮ੍ਰਿਦੰਗੀ-ਕੋਮਲ ਅੰਗਾਂ ਵਾਲੇ । ਗੋਰਿ-ਅਫਗਾਨ ਦੇ ਲੋਕ। ਗੱਖਰੀ=ਗੱਖੜ ਮੁਸਲਮਾਨ । ਗਰਦੇਜਚਾਰੀ-ਗਰਦੇਜ ਦੇਸ਼ ਦੇ ਵਾਸੀ ਸੱਯਦ ਲੋਕ । ਅਤਾਪੀ-ਤਾਪ ਰਹਿਤ ।

ਅਰਥ :-ਪਾਰਸੀ, ਫਿਰੰਗੀ ਅਤੇ ਅਮਰੀਕਾ ਦੇ ਇਲਾਕੇ ਫਰਾਂਸਿਸਕੋ ਦੇ ਦੋ ਰੰਗਾਂ ਵਾਲੇ ਕਾਲੇ ਗੋਰੇ ਰਲਵੇਂ ਰੰਗ ਵਾਲੇ ਲੋਕ ਅਤੇ ਮਿਕਰਾਨ ਦੇ ਕੋਮਲ ਸਰੀਰਾਂ ਵਾਲੇ ਲੋਕ ਤੇਰੇ ਹੀ ਗੀਤ ਗਾਉਂਦੇ ਹਨ । ਭੱਖਰੀ, ਕੰਧਾਰ ਦੇ ਲੋਕ, ਅਫਗਾਨੀ ਲੋਕ ਅਤੇ ਗੱਖੜ ਮੁਸਲਮਾਨ ਪਉਣ ਭੱਖਣ ਵਾਲੇ ਤੇਰੇ ਨਾਮ ਨੂੰ ਧਿਆਉਂਦੇ ਹਨ । ਪੂਰਬ, ਪਲਾਊਮ, ਕਾਮ ਰੂਪ (ਆਸਾਮ) ਅਤੇ ਕਮਾਊਗੜ੍ਹ ਆਦਿ ਸਥਾਨ ਜਿਥੇ ਜਿਥੇ ਵੀ ਜਾਈਏ, ਉਥੇ ਉਥੇ ਹੀ ਆਪ ਜੀ ਬਿਰਾਜਮਾਨ ਹੋ । ਹੇ ਪੂਰਨ ਪ੍ਰਤਾਪ ਅਥਵਾ ਵਡਿਆਈ ਵਾਲੇ ਜੰਤਰਾਂ ਮੰਤਰਾਂ ਦੇ ਤਾਪ ਤੋਂ ਰਹਿਤ ਸੁਆਮੀ ਤੇਰੀ ਕੀਰਤੀ ਦਾ ਕੋਈ ਵੀ ਪਾਰ ਨਹੀਂ ਪਾ ਸਕਦਾ ਹੈ ।

## ਤ੍ਵਪ੍ਰਸਾਦਿ ॥ ਪਾਧੜੀ ਛੰਦ

ਅਦ੍ਵੈ ਅਨਾਸ ਆਸਨ ਅਡੋਲ । ਅਦ੍ਵੈ ਅਨੰਤ ਉਪਮਾ ਅਤੋਲ ।
ਅਛੈ ਸਰੂਪ ਅਬਿਯਕਤ ਨਾਥ । ਆਜਾਨ ਬਾਹੁ ਸਰਬਾ ਪ੍ਰਮਾਥ ॥੨੬੭॥

ਪਦਅਰਥ :-ਅਬਿਯਕਤ-ਅਕੱਥ । ਆਜਾਨਬਾਹੁ-ਦੇਵਤਿਆਂ ਦਾ ਪ੍ਰੇਰਕ । ਪ੍ਰਮਾਥ-ਸਿਰਤਾਜ ।

ਅਰਥ :-ਤੂੰ ਦ੍ਵੈਤ ਤੋਂ ਰਹਿਤ, ਨਾਸ ਨਾ ਹੋਣ ਵਾਲਾ ਅਤੇ ਅਡੋਲ ਆਸਣ ਵਾਲਾ ਹੈਂ । ਦ੍ਵੈਤ ਤੋਂ ਬਿਨਾਂ, ਅੰਤ ਰਹਿਤ ਤੇ ਅਤੋਲ ਉਪਮਾ ਵਾਲਾ ਹੈਂ । ਨਾਸ ਰਹਿਤ ਸਰੂਪ ਤੇ ਕਥਿਆ ਨਾ ਜਾ ਸਕਣ ਵਾਲਾ ਸੁਆਮੀ ਹੈਂ । ਤੂੰ ਦੇਵਤਿਆਂ ਦਾ ਵੀ ਪ੍ਰੇਰਕ ਅਤੇ ਸਾਰਿਆਂ ਦਾ ਸਿਰਤਾਜ ਹੈਂ ।

ਜੱਹ ਤੱਹ ਮਹੀਪ ਬਨ ਤਿਨ ਪ੍ਰਫੁਲ ਸੋਭਾ ਬਸੰਤ ਜੱਹ ਤੱਹ ਪ੍ਰਡੁੱਲ ।
ਬਨ ਤਨ ਦੁਰੰਤ ਖਗ ਮ੍ਰਿਗ ਮਹਾਨ । ਜੱਹ ਤੱਹ ਪ੍ਰਫੁੱਲ ਸੁੰਦ੍ਰ ਸੁਜਾਨ॥੨੬੮॥

ਪਦਅਰਥ :-ਮਹੀਪ-ਰਾਜਾ । ਪ੍ਰਫੁੱਲ-ਵੱਧ ਫੁੱਲ ਰਿਹਾ । ਪ੍ਰਡੁੱਲ-ਡੁੱਲ ਡੁੱਲ ਪੈਂਦਾ । ਬਨ ਤਨ-ਜੰਗਲੀ ਸਰੀਰਾਂ ਭਾਵ ਮ੍ਰਿਗਾ, ਪੰਛੀਆਂ ਆਦਿ । ਦੁਰੰਤ-ਬੇਸ਼ੁਮਾਰ। ਖਗ-ਪੰਛੀਆਂ । ਸੁਜਾਨ-ਅੰਤਰਜਾਮੀ ।

ਅਰਥ :-ਜਿਥੇ ਜਿਥੇ ਵੀ ਵੇਖੋ ਵਣਾਂ, ਤ੍ਰਿਣਾਂ [illegible] ਵੱਧ ਫੁੱਲ ਰਹੇ ਭਾਵ ਪ੍ਰਸੰਨਤਾ ਦਾ ਪ੍ਰਤੱਖ ਨਜ਼ਾਰਾ ਬਣ ਰਹੇ ਤੁਸੀਂ ਰਾਜਾ ਹੋ ਅਤੇ ਬਸੰਤ ਰੁੱਤ ਦਾ ਹੁਸਨ ਥਾਂ ਪਰ ਥਾਂ ਡੁੱਲ ਡੁੱਲ ਪੈਂਦਾ ਹੈ । ਜੰਗਲ ਦੇ ਮ੍ਰਿਗ, ਪੰਛੀ ਆਦਿ ਬੇਸ਼ੁਮਾਰ ਪੰਛੀਆਂ ਤੇ ਚੋਟੰਗੇ ਪਸ਼ੂਆਂ ਆਦਿ ਵਿਚ ਖੁੱਸ਼ੀ ਦਾ ਪ੍ਰਤੱਖ ਦ੍ਰਿਸ਼ ਬਣਿਆ ਹੋਇਆ ਹੈ । ਹੇ ਸੁੰਦਰ, ਅੰਤਰਜਾਮੀ ਜੀ, ਜਿਥੇ ਵੀ ਵੇਖੋ ਆਪ ਪ੍ਰਫੁੱਲਤ ਹੋ ਰਹੇ ਹੋ ।

ਫੁੱਲਤ ਪ੍ਰਫੁੱਲ ਲਹਿਲਹਤ ਮਉਰ । ਸਿਰਿ ਢੁਲਹਿ ਜਾਨੁ ਮਨਮਥਹ ਚਉਰ ।
ਕੁਦਰਤਿ ਕਮਾਲ ਰਾਜ਼ਿਕ ਰਹੀਮ । ਕਰੁਣਾ ਨਿਧਾਨ ਕਾਮਿਲ ਕਰੀਮ ॥੨੬੯॥

ਪਦਅਰਥ :-ਮਉਰ-ਮੌਲੇ ਹੋਏ । ਸਿਰਿ ਢੁਲਹਿ-ਸਿਰ ਉਤੇ ਝੁੱਲ ਰਿਹਾ ਹੈ।



www.sridasamgranth.com

ਮਨਮਥਹ-ਮੱਥੇ ਤੇ ਮੁਕਟ ਚਮਕ ਰਿਹਾ । ਰਾਜ਼ਿਕ-ਰੋਜ਼ੀ ਦੇਣ ਵਾਲੇ । ਰਹੀਮ-ਦਿਆਲੂ ।

**ਅਰਥ** :-ਫੁੱਲ ਖਿੜੇ ਹੋਏ ਹਨ, ਲਹਿਲਹਾ ਰਹੇ ਹਨ ਤੇ ਮੌਲੇ ਹੋਏ ਹਨ ਮਾਨੋ ਇਹ ਤੁਹਾਡੇ ਮੱਥੇ ਤੇ ਮੁਕਟ ਸੋਭ ਰਿਹਾ ਹੈ ਤੇ ਚੌਰ ਝੁੱਲ ਰਿਹਾ ਹੈ । ਇਹ ਤੁਹਾਡੀ ਕੁਦਰਤ ਦੀ ਅਸਚਰਜਤਾ ਹੈ । ਤੁਸੀਂ ਰੋਜ਼ੀ ਦੇਣ ਵਾਲੇ ਹੋ ਤੇ ਦਿਆਲੂ ਹੋ। ਆਪ ਦਇਆ ਦੇ ਖਜਾਨੇ ਹੋ ਤੇ ਪੂਰਨ ਬਖਸ਼ਿਸ਼ ਕਰਨ ਵਾਲੇ ਹੋ ।

**ਜੱਹ ਤੱਹ ਬਿਲੋਕਿ ਤੱਹ ਤੱਹ ਪ੍ਰਸੋਹ । ਆਜਾਨੁਬਾਹ ਅਮਿਤੋਜ ਮੋਹੁ ।**
**ਰੋਸੰ ਬਿਰਹਤ ਕਰੁਣਾ ਨਿਧਾਨ । ਜੱਹ ਤੱਹ ਪ੍ਰਫੁੱਲ ਸੁੰਦਰ ਸੁਜਾਨ ॥੨੭੦॥**

**ਪਦਅਰਥ** :-ਬਿਲੋਕਿ-ਦੇਖੋ । ਪ੍ਰਸੋਹ-ਸੁਭਾਇਮਾਨ । ਅਮਿਤੋਜ-ਬੇਅੰਦਾਜਾ ਬਲ । ਰੋਸੰ-ਕਰੋਧ । ਕਰੁਣਾ-ਦਇਆ ।

**ਅਰਥ** :-ਜਿਥੇ ਕਿਥੇ ਵੀ ਵੇਖੀਏ ਉਥੇ ਉਥੇ ਹੀ ਉਹ ਸੁਭਾਇਮਾਨ ਹੋ ਰਿਹਾ ਹੈ । ਉਹ ਦੇਵਤਿਆਂ ਦਾ ਪ੍ਰੇਰਕ, ਬੇਅੰਦਾਜਾ ਬਲ ਵਾਲਾ ਅਤੇ ਮੋਹ ਲੈਣ ਵਾਲਾ ਹੈ । ਕਰੋਧ ਤੋਂ ਰਹਿਤ ਤੇ ਦਇਆ ਦਾ ਖਜਾਨਾ ਹੈ । ਉਹ ਸੁੰਦਰ ਤੇ ਸਿਆਣਾ ਹਰ ਥਾਂ ਤੇ ਹੀ ਪ੍ਰਫੁੱਲਤ ਹੈ ।

**ਬਨਤਿਨ ਮਹੀਪ ਜਲ ਥਲ ਮਹਾਨ । ਜੱਹ ਤੱਹ ਪ੍ਰਸੋਹ ਕਰੁਣਾ ਨਿਧਾਨ ।**
**ਜਗਮਗਤ ਤੇਜ ਪੂਰਨ ਪ੍ਰਤਾਪ । ਅੰਬਰ ਜਮੀਨ ਜਿਹ ਜਪਤ ਜਾਪ ॥੨੭੧॥**

**ਪਦਅਰਥ**:-ਅੰਬਰ-ਅਕਾਸ਼ ਜਾਂ ਪ੍ਰਲੋਕ। ਜਮੀਨ-ਧਰਤੀ ਜਾਂ ਇਹ ਲੋਕ ਦੇ ਵਾਸੀ।

**ਅਰਥ** :-ਜੰਗਲਾਂ ਤੇ ਬਨਾਸਪਤੀ ਦਾ ਰਾਜਾ ਹੈ । ਜਲਾਂ ਤੇ ਥਲਾਂ ਵਿਚ ਮਹਾਨ ਹੈ । ਜਿਥੇ ਕਿਥੇ ਵੀ ਵੇਖੀਏ ਉਹ ਦਇਆ ਦਾ ਖਜਾਨਾ ਸੋਭਾ ਪਾ ਰਿਹਾ ਹੈ । ਉਸਦਾ ਪੂਰਨ ਤੇਜ ਪ੍ਰਤਾਪ ਜਗਮਗਾ ਰਿਹਾ ਹੈ । ਲੋਕ ਤੇ ਪ੍ਰਲੋਕ ਦੇ ਵਾਸੀ ਉਸੇ ਦਾ ਜਾਪ ਜਪਦੇ ਹਨ ।

**ਸਾਤੋ ਅਕਾਸ ਸਾਤੋ ਪਤਾਰ। ਬਿਥਰਿਓ ਅਦ੍ਰਿਸਟ ਜਿਹ ਕਰਮ ਜਾਰ ॥੨੭੨॥**

**ਅਰਥ** :- ਸੱਤਾਂ ਅਕਾਸ਼ਾਂ ਤੇ ਸੱਤਾਂ ਪਤਾਲਾਂ ਵਿਚ ਜਿਸ ਦੇ ਅਦ੍ਰਿਸ਼ਟ ਗੁਪਤ ਰੂਪ ਨਾਲ ਕਰਮਾਂ ਦਾ ਜਾਲ ਤਣਿਆ ਹੋਇਆ ਹੈ । ਅਰਥਾਤ ਹਰ ਕੋਈ ਉਸਦੇ ਕਰਮਾਂ ਦੇ ਜਾਲ ਵਿਚ ਫਸ ਰਿਹਾ ਹੈ ਅਤੇ ਉਹ ਜਾਲ ਕਿਸੇ ਨੂੰ ਦਿਸਦਾ ਨਹੀਂ ।


www.sridasamgranth.com